ਬਾਜ ਭਰਾਵਾਂ ਮਾਰਿਆ

ਅਦੁੱਤੀ ਜਰਨੈਲ ਬੰਦਾ ਸਿੰਘ ਬਹਾਦਰ



ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

ਬਾਜ ਭਰਾਵਾਂ ਮਾਰਿਆ

ਬਾਬਾ ਬੰਦਾ ਸਿੰਘ ਬਹਾਦਰ ਦੀ
ਆਤਮਕਥਾ

ਲੇਖਕ ਦੀਆਂ ਹੋਰ ਰਚਨਾਵਾਂ :

- *ਕਾਵਿ-ਸੰਗ੍ਰਹਿ*

  ਲੁੱਟੇ ਗਏ

- *ਨਿਬੰਧ*

  ਖਰੀਆਂ ਖਰੀਆਂ • ਸੱਚੀਆਂ ਸੱਚੀਆਂ • ਮੇਰਾ ਕੁਫ਼ਰਸਤਾਨ • ਮੇਰੇ ਵਤਨ ਦੇ ਲੋਕੋ • ਦੁੱਖ ਤੇ ਦਾਰੂ • ਗੱਲਾਂ ਕਰੀਏ ਮੂੰਹ 'ਤੇ • ਭਾਰਤ ਉਦਾਸ ਹੈ • ਕਬੂਲਨਾਮੇ • ਖਾਲਸਾ ਜੀਓ ਕਿਧਰ ਨੂੰ ? • ਗੁੱਸੇ ਗਿਲੇ ਗੁਸਤਾਖ਼ੀਆਂ • ਜਾਗਣ ਦੇ ਦਿਨ ਆਏ • ਹੁਣ ਨਹੀਂ ਚੁੱਪ ਰਹਿਣਾ • ਤੇਰਾ ਲੁੱਟਿਆ ਸ਼ਹਿਰ ਭੰਬੋਰ • ਖ਼ਾਲਸਾ ਕੀ ਜਾਣੈ ਮੈਂ ਕੌਣ • ਗੱਲਾਂ ਕਰੀਏ ਮੂੰਹ 'ਤੇ

- *ਰੇਖਾ ਚਿਤਰ*

  ਮੇਰੇ ਪਿੰਡ ਦਾ ਸ਼ੁਗਲਸਤਾਨ • ਮੇਰੇ ਪਿੰਡ ਦੇ ਭੱਦਰ ਪੁਰਸ਼ • ਮੇਰੇ ਪਿੰਡ ਦੇ ਗੁਰੂ ਘੰਟਾਲ • ਮਜਾਜਣਾਂ ਮੇਰੇ ਪਿੰਡ ਦੀਆਂ • ਸੰਤੇ ਬੰਤੇ ਤੇ ਪਤਵੰਤੇ • ਮੌਜੀ ਬੰਦੇ • ਗੁੱਝੇ ਰੁਸਤਮ

- *ਨਾਵਲ*

  ਹਾਜੀ ਬਾਬਾ • ਅਲਬੇਲਾ ਸਿੰਘ • ਪਿਉ ਦੀ ਧੀ • ਕੋਟ ਧਨੰਤਰ ਸਿੰਘ • ਪਰਵਾਨੇ • ਹੈ ਕੋਈ ਜਿਉਂਦਾ ਸਿੱਖ ?

- *ਹਿੰਦੀ*

  जागने के दिन आए • मौजी लोग • बाप की बेटी

ਬਾਜ ਭਰਾਵਾਂ ਮਾਰਿਆ

ਬਾਬਾ ਬੰਦਾ ਸਿੰਘ ਬਹਾਦਰ ਦੀ ਆਤਮਕਥਾ

ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

ਪ੍ਰਕਾਸ਼ਕ
ਆਜ਼ਾਦ ਬੁੱਕ ਡੀਪੂ
ਹਾਲ ਬਾਜ਼ਾਰ, ਅੰਮ੍ਰਿਤਸਰ

Baaj Bharawan Maaria (Historical Novel)
by : **Balwinder Singh Fatehpuri**
641, House Fed Complex
New Amritsar, AMRITSAR-143001
Mobile : 98146 19342

ਪਹਿਲੀ ਵਾਰ : 2017

ਮੁੱਲ : 150 ਰੁਪਏ

ਪ੍ਰਕਾਸ਼ਕ
ਆਜ਼ਾਦ ਬੁੱਕ ਡੀਪੂ
ਹਾਲ ਬਾਜ਼ਾਰ, ਅੰਮ੍ਰਿਤਸਰ
ਫ਼ੋਨ : 0183-2292513
ਮੋਬਾਇਲ : 094631-70369
e-mail : kd_singh180@hotmail.com

Printed by :
Shivangi Offset

ਸਮਰਪਣ

ਉਹਨਾਂ ਨੌਜਵਾਨਾਂ ਨੂੰ
ਜਿਹੜੇ ਦੇਸ਼ ਅਤੇ ਕੌਮ ਦੀ ਖ਼ਾਤਰ
ਜੀਣ ਤੇ ਮਰਨ ਦੀ ਹਸਰਤ
ਰੱਖਦੇ ਹਨ।

ਸਹਿਯੋਗ :

ਪਰਦੀਪ ਕੌਰ ਸੋਹਲ

ਪੂਨਮਦੀਪ ਧੰਜੂ

ਪ੍ਰੇਰਨਾ ਸਹਿਯੋਗ :

ਡਾ. ਹਰਜਿੰਦਰ ਸਿੰਘ ਦਿਲਗੀਰ

ਸ. ਐੱਮ. ਐੱਸ. ਚਾਂਦਲਾ

ਪ੍ਰੋ. ਸੁਖਦਿਆਲ ਸਿੰਘ

ਭੂਮਿਕਾ

ਖ਼ੌਫ ਆਤਾ ਹੈ ਜਿਸਕੋ ਮਰਨੇ ਸੇ, ਉਨਕਾ ਜੀਨਾ ਹਰਾਮ ਹੋਤਾ ਹੈ।
ਜੀਨੇ ਵਾਲੇ ਭੀ ਮਰ ਜਾਤੇ ਹੈ, ਮਰਨੇ ਵਾਲੋਂ ਕਾ ਨਾਮ ਹੋਤਾ ਹੈ।

ਵੀਹਵੀਂ ਸਦੀ ਦੇ ਦੂਜੇ ਦਹਾਕੇ ਤੱਕ, ਸਿੱਖ ਜਗਤ ਵਿਚ ਬੰਦਾ ਸਿੰਘ ਬਹਾਦਰ ਨੂੰ ਮੁਸਲਮਾਨ ਲੇਖਕਾਂ ਨੇ ਇਕ ਜ਼ਾਲਿਮ ਤੇ ਹੈਂਕੜਬਾਜ ਸਿੱਖ ਜਰਨੈਲ ਤੇ ਹਿੰਦੂ ਲੇਖਕਾਂ ਨੇ ਉਸਨੂੰ ਹਿੰਦੂ ਔਰਤਾਂ ਤੇ ਬਚਿਆਂ ਦੀ ਬੇਅਦਬੀ ਦਾ ਬਦਲਾ ਲੈਣ ਵਾਲਾ ਹਿੰਦੂ ਬੈਰਾਗੀ ਕਿਹਾ ਹੈ। ਵੀਹ ਸਾਵਰਕਰ ਨੇ ਉਸਨੂੰ ਪਹਿਲਾਂ ਹਿੰਦੂ ਰਾਸ਼ਟਰ ਪੈਦਾ ਕਰਨਾ ਵਾਲਾ ਬੰਦਾ ਬੈਰਾਗੀ ਲਿਖਕੇ, ਵੀਰ ਸਵਰਕਰ ਦਾ ਹੀ ਪਖ ਪੂਰਿਆ ਹੈ। ਇਹਨਾਂ ਲੇਖਕਾਂ ਨੇ ਬੰਦੇ ਨੂੰ ਗ਼ੈਰ ਅੰਮ੍ਰਿਤਧਾਰੀ ਹਿੰਦੂ ਲਿਖਕੇ, ਇਸ ਮਹਾਨ ਸਿੱਖ ਯੋਧੇ ਨਾਲ ਬੇਇਨਸਾਫੀ ਕੀਤੀ ਹੈ। ਹਿੰਦੂ ਮਹਾਂ ਸਭਾ ਅਤੇ ਆਰੀਆ ਸਮਾਜੀ ਲੇਖਕਾਂ ਨੇ, ਸਿੱਖ ਇਤਿਹਾਸ ਨੂੰ ਮਨ ਮਰਜ਼ੀ ਨਾਲ ਤੋੜ-ਮਰੋੜ ਕੇ ਉਸਨੂੰ ਗ਼ੈਰ ਪੰਥਕ ਰੰਗਤ ਦੇਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਇਸ ਸੋਚ ਦਾ ਅਧਾਰ, ਬੰਦਾ ਸਿੰਘ ਵੇਲੇ, ਉਸ ਵਿਰੁੱਧ ਨਾਮਨਿਹਾਦ ਤੱਤ ਖ਼ਾਲਸਾ ਧੜਾ ਬਣਾਉਣ ਦੀ ਸਾਜਿਸ਼ ਬਾਬਾ ਬਿਨੋਦ ਸਿੰਘ ਐਂਡ ਪਾਰਟੀ ਹੈ। ਇਸੇ ਹੀ ਪਾਰਟੀ ਨੇ ਬੰਦਾ ਸਿੰਘ ਦੇ ਹੁੰਦਿਆਂ ਹੀ ਉਸ ਨੂੰ ਗ਼ੈਰ ਅੰਮ੍ਰਿਤਧਾਰੀ ਗ਼ਰਦਾਨ ਕੇ ਉਸਨੂੰ ਮਾਤਾ ਸੁੰਦਰੀ ਜੀ ਰਾਹੀਂ ਪੰਥ ਵਿਚੋਂ ਛੇਕਿਆ ਸੀ। ਕਿਸੇ ਵੀ ਸਮਕਾਲੀ ਇਤਿਹਾਸਕਾਰ ਨੇ ਬਾਬਾ ਬੰਦਾ ਸਿੰਘ ਬਾਰੇ ਕੁਝ ਨਹੀਂ ਲਿਖਿਆ। ਬਸ ਕੁਝ ਹਵਾਲੇ ਤੇ ਜ਼ਿਕਰ 'ਅਖਬਾਰਾਤ-ਏ-ਦਰਬਾਰੇ ਮੁਐਲਾ' ਵਿਚ ਮਿਲਦੇ ਹਨ, ਉਹਨਾਂ ਵਿਚ ਵੀ ਬੰਦਾ ਸਿੰਘ ਨੂੰ ਇਕ ਜ਼ਾਲਿਮ ਤੇ ਦਰਿੰਦਾ ਦਰਸਾਇਆ ਗਿਆ ਹੈ।

ਪਰ ਹਿੰਦੂ ਲੇਖਕ ਜਿਵੇਂ ਸ਼ਰਧਾ ਰਾਮ ਫਿਲੋਰੀ ਲਾਲ ਦੌਲਤ ਰਾਏ, ਜਾਦੂ ਨਾਥ ਸਰਕਾਰ ਤੇ ਹਰੀ ਰਾਮ ਗੁਪਤਾ ਨੇ ਈਰਖਾ ਵੱਸ, ਆਰੀਆ ਸਮਾਜੀ ਹੋਣ ਕਾਰਨ, ਬੰਦਾ ਸਿੰਘ ਦੇ ਕਿਰਦਾਰ ਨੂੰ ਹਿੰਦੂਤਵ ਰੰਗਤ ਵਿਚ ਪੇਸ਼ ਕੀਤਾ ਹੈ। ਈਸਾਈ ਲੇਖਕਾਂ ਜਿਵੇਂ ਅਰਨੈਸਟ ਟਰੰਪ ਤੇ ਮੈਕਲਿਊਡ ਨੇ ਵੀ ਸਿੱਖ ਕਲਚਰ ਤੇ ਇਤਿਹਾਸ ਨੂੰ ਹਾਸੋਹੀਣਾ ਤੇ ਨੀਵਾਂ ਵਿਖਾਇਆ ਹੈ। ਇਹ ਸਾਰੇ ਲੇਖਕ ਆਪਣੇ ਧਾਰਮਿਕ ਸੰਸਕਾਰਾਂ ਤੋਂ ਉੱਪਰ ਉੱਠਕੇ ਬੰਦਾ ਸਿੰਘ ਦਾ ਸਹੀ ਰੂਪ ਨਹੀਂ ਪਹਿਚਾਣ ਸਕੇ। ਇਹਨਾਂ ਦੀਆਂ ਲਿਖ਼ਤਾਂ ਵਿਚੋਂ ਸਿੱਖਾਂ ਪ੍ਰਤੀ ਈਰਖਾ ਤੇ ਨਫ਼ਰਤ ਪ੍ਰਗਟ ਹੁੰਦੀ ਹੈ। ਅਜੋਕੇ ਸਮੇਂ ਵਿਚ ਸਿੱਖ ਇਤਿਹਾਸਕਾਰ ਕਰਮ ਸਿੰਘ ਹਿਸਟੋਰੀਅਨ ਤੇ ਪ੍ਰੋ. ਗੰਡਾ

ਸਿੰਘ ਹੁਰਾਂ ਬੰਦਾ ਸਿੰਘ ਨੂੰ ਹਮਦਰਦੀ ਦੀ ਭਾਵਨਾ ਨਾਲ ਪੇਸ਼ ਕੀਤਾ ਹੈ। ਉਸ ਉਪਰ ਜੰਮੀ ਹੋਈ ਪਰੰਪਰਾਵਾਦੀ ਤੇ ਫਿਰਕੂ ਧੂੜ ਉਤਾਰਕੇ, ਉਸਦਾ ਅਸਲੀ ਤੇ ਹਕੀਕੀ ਚਿਹਰਾ ਉਭਾਰਿਆ ਹੈ। ਇਸ ਚਿਹਰੇ ਦਾ ਉਹ ਜਮਾਂਦਰੂ ਹਕਦਾਰ ਹੈ। ਜਿਵੇਂ ਕਿ ਆਮ ਕਿਹਾ ਜਾਂਦਾ ਹੈ ਕਿ ਸਿੱਖ ਇਤਿਹਾਸ ਤਾਂ ਰਚ ਸਕਦੇ ਹਨ ਪਰ ਲਿਖਦੇ ਨਹੀਂ। ਇਸ ਖਾਮੀ ਦਾ ਸਹਾਰਾ ਲੈ ਕੇ ਬੰਦਾ ਸਿੰਘ ਨੂੰ ਬਰਾਮਣ ਵਾਦੀ ਐਨਕਾਂ ਨਾਲ ਤਕਿਆ ਹੈ। ਬਹੁਤੇ ਸਿੱਖ ਲੇਖਕਾਂ ਦੇ ਪਿੱਛੇ ਵੀ ਉਹਨਾਂ ਦੇ ਹਿੰਦੂ ਸਲਾਹਕਾਰ ਸਨ। ਮੁਸਲਮਾਨਾਂ ਹਾਕਮਾਂ ਦੀ ਬੋਲੀ ਵਿਚ ਬੰਦਾ ਸਿੰਘ ਦਾ ਕਿਰਦਾਰ ਪੇਸ਼ ਕੀਤਾ ਹੈ। ਇਸੇ ਕਰਕੇ ਸਾਡੇ ਇਤਿਹਾਸ ਨੇ ਬੰਦਾ ਸਿੰਘ ਨਾਲ ਮਤਰਈ ਮਾਂ ਵਾਲਾ ਸਲੂਕ ਕੀਤਾ ਹੈ। ਬਹੁਤੇ ਹਿੰਦੂ ਇਤਿਹਾਸਕਾਰਾਂ ਨੇ ਬੰਦਾ ਸਿੰਘ ਨੂੰ ਮਾਧੋਦਾਸ ਵਧੇਰੇ ਤੇ ਬੰਦਾ ਸਿੰਘ ਘੱਟ ਸਮਝਿਆ ਹੈ।

ਨਾਮ ਨਿਹਾਦ ਤੱਤ ਖ਼ਾਲਸਾ ਦੀਆਂ ਗ਼ੈਰ ਪੰਥਿਕ ਤੇ ਕੋਝੀਆਂ ਚਾਲਾਂ ਕਾਰਨ, ਬੰਦਾ ਸਿੰਘ ਨੂੰ ਖਾਹਮਖਾਹ ਤੇ ਧੱਕੇ ਨਾਲ ਇਕ ਕਲੰਕਤ ਸਿੱਖ ਦੇ ਤੌਰ ਤੇ ਪੇਸ਼ ਕੀਤਾ ਹੈ। ਉਸਨੂੰ ਪੰਥਿਕ ਭਗੌੜਾ ਤੇ ਤਨਖਾਹੀਆ ਬਣਾ ਕੇ ਪੇਸ਼ ਕੀਤਾ ਹੈ। ਭਾਵੇਂ ਬੰਦਾ ਸਿੰਘ ਦੇ ਜੀਂਦੇ ਜੀ, ਉਸਦੇ ਕਿਸੇ ਵੀ ਮੁਖਾਲਿਫ਼ ਵਿਚ ਇਹਨਾਂ ਸਾਹਸ ਨਹੀਂ ਸੀ ਕਿ ਉਹ ਉਸਦੇ ਮੂੰਹ ਤੇ ਉਸਦੀ ਵਿਰੋਧਤਾ ਕਰ ਸਕਣ। ਬਹੁਤੇ ਲੂਤੀ ਫੂਕ ਹੀ ਸਨ। ਉਸਦੀ ਜਾਣਕਾਰੀ ਤੋਂ ਪਰੇ-ਪਰੇ, ਤੱਤ ਖ਼ਾਲਸਾ ਵਾਲਾ ਧੜਾ ਅੰਦਰਖਾਤੇ ਬੰਦਾ ਸਿੰਘ ਦੀਆਂ ਪਿੜੀਆਂ ਵਢਦਾ ਰਹਿੰਦਾ ਸੀ। ਕਈ ਲੋਕ ਤੱਤ ਖ਼ਾਲਸਾ ਨੂੰ ਅਸਲੀ ਤੇ ਬੰਦਈ ਖ਼ਾਲਸਾ ਨੂੰ ਨਕਲੀ ਖ਼ਾਲਸਾ ਆਖਣ ਲਗ ਪਏ ਸਨ। ਕਿਉਂਕਿ ਬੰਦਾ ਸਿੰਘ ਬਹਾਦਰ ਗ਼ਰੀਬਾਂ ਤੇ ਮਜ਼ਲੂਮਾਂ ਦਾ ਮਸੀਹਾ ਬਣਕੇ ਉਭਰਿਆ ਸੀ। ਉਸਨੇ ਆਪਣੇ ਬਾਹੂ ਬਲ ਨਾਲ, ਆਪਣੇ ਸੰਖੇਪ ਖ਼ਾਲਸਾ ਰਾਜ ਵਿਚ, ਮਜ਼ਾਰਿਆਂ ਨੂੰ ਮਾਲਿਕ ਤੇ ਖੇਤ ਮਜ਼ਦੂਰਾਂ ਨੂੰ ਸਰਦਾਰ ਬਣਾਇਆ ਸੀ। ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਆਮ ਆਦਮੀ ਦੀ ਹਕੂਮਤ ਹੋਂਦ ਵਿਚ ਆਈ ਸੀ। ਬੰਦਾ ਸਿੰਘ ਬਹਾਦਰ ਤੋਂ ਬਾਅਦ 1947 ਤੱਕ ਅਜਿਹੀ ਹਕੂਮਤ ਫਿਰ ਕਦੀ ਹੋਂਦ ਵਿਚ ਨਹੀਂ ਆਈ। ਹਮੇਸ਼ਾਂ ਰਾਜਿਆਂ ਮਹਾਂਰਾਜਿਆਂ ਦੀਆਂ ਹੀ ਹਕੂਮਤਾਂ ਦਾ ਹੀ ਬੋਲਬਾਲਾ ਰਿਹਾ।

ਘੋਰ ਜਾਤੀਵਾਦ ਦੇ ਜ਼ਮਾਨੇ ਵਿਚ, ਜੇ ਕੋਈ ਬੰਦਾ ਮਾਮੂਲੀ ਪਰਿਵਾਰ ਵਿਚੋਂ ਉੱਠਕੇ ਪੂਰੇ ਪੰਥ ਦਾ ਸਿਰਮੌਰ ਨੇਤਾ ਬਣਨ ਦੀ ਚੇਸ਼ਟਾ ਕਰੇ ਤਾਂ ਅਖੌਤੀ ਉੱਚੀਆਂ ਕੁਲਾਂ ਵਾਲੇ ਭੱਦਰਪੁਰਸ਼ ਭੂੰਡਾਂ ਦੀ ਖੱਖਰ ਵਾਂਗ, ਉਸਦੇ ਗਲ ਲਾਜ਼ਮੀ ਤੌਰ ਤੇ ਪੈਣਗੇ। ਇਸੇ ਕਰਕੇ ਬਾਬਾ ਬਿਨੋਦ ਸਿੰਘ ਤੇ ਉਸਦੇ ਧੜੇ ਦੇ ਸਿੰਘ, ਅਕਸਰ ਬੰਦਾ ਸਿੰਘ ਬਹਾਦਰ ਦੀਆਂ ਬੇੜੀਆਂ ਵਿਚ ਵਟੇ ਪਾਉਂਦੇ ਰਹੇ, ਭਾਵੇਂ ਅਖ਼ੀਰ ਵਿਚ ਉਹ ਆਪ ਵੀ ਇਸੇ ਬੇੜੀ ਦਾ ਸ਼ਿਕਾਰ ਹੋ ਗਏ। ਤੱਤ ਖ਼ਾਲਸਾ ਵਾਲੇ ਆਪਣੇ ਆਪ ਨੂੰ ਅਸਲੀ ਤੇ ਬੰਦਾ ਸਿੰਘ ਦੇ ਹਮਾਇਤੀਆਂ ਨੂੰ ਨਕਲੀ ਤੇ ਜਾਹਲੀ ਸਿੱਖ ਆਖਣ ਲਗ

ਪਏ ਸਨ। ਬੰਦਾ ਸਿੰਘ ਨੂੰ ਉਸ ਵਕਤ ਪੰਥ ਦੀ ਮੁੱਖ ਧਾਰਾ ਵਲੋਂ ਅਲੱਗ ਖਲੱਗ ਕਰਨ ਦੀ ਕਮੀਨੀ ਚਾਲ ਚਲਾਈ ਗਈ, ਜਦੋਂ ਕਿ ਪੰਥ ਨੂੰ ਇਕ ਜੱਟ ਹੋਣ ਦੀ ਸਖ਼ਤ ਜ਼ਰੂਰਤ ਸੀ। ਸਾਜਿਸ਼ੀਆਂ ਨੇ ਬੰਦਾ ਸਿੰਘ ਦੀ ਮਿਸਾਲੀ ਸ਼ਖ਼ਸੀਅਤ ਨੂੰ ਢੱਕ ਲਿਆ ਤੇ ਉਸਨੂੰ ਇਕ ਜ਼ਿੱਦੀ, ਜ਼ਾਲਿਮ ਤੇ ਮਨਮਤੀ ਤੋਰ ਤੇ ਪੇਸ਼ ਕੀਤਾ ਗਿਆ। ਇਸੇ ਲਈ ਸਿੱਖ ਪੰਥ ਨੇ ਉਸਦੇ ਮਹਾਨ ਕਾਰਨਾਮਿਆਂ ਤੇ ਕੁਰਬਾਨੀਆਂ ਨੂੰ ਅਣਗੋਲਿਆ ਕਰਕੇ, ਉਸਦੇ ਗ਼ੈਰ ਪੰਥਿਕ ਰੂਪ ਨੂੰ ਉਭਾਰਿਆ ਹੈ। ਹਥਲਾ ਨਾਵਲ, ਉਸ ਵਿਰੁੱਧ ਇਸ ਸਾਜਿਸ਼ੀ ਬੇਰੁੱਖੀ ਨੂੰ ਬੇਪਰਤ ਕਰਨ ਦਾ ਦਾਸ ਦਾ ਇਕ ਨਿਮਾਣਾ ਜਿਹਾ ਉਪਰਾਲਾ ਹੈ। ਬੰਦਾ ਸਿੰਘ ਦੀ ਜੀਵਨ ਗਾਥਾ ਸੁਣ ਕੇ ਕਿਸੇ ਸ਼ਾਇਰ ਦੀਆਂ ਇਹ ਸਤਰਾਂ ਯਾਦ ਆ ਰਹੀਆਂ ਹਨ।

ਬੇਨਾਮ ਕਭੀ ਬਦਨਾਮ ਕਭੀ, ਆਰ ਜੂਏ ਨਾਕਾਮ ਕਭੀ,
ਅੱਲਾ ਰੇ ਤੇਰੀ ਮਹਿਫਲ ਮੇਂ ਕਿਸ ਨਾਮ ਪੁਰਾਕੇ ਜਾਤੇ ਹੈਂ।

-ਲੇਖਕ

ਕਾਂਡ 1

ਮੈਂ ਆਪਣਾ ਮਾਤ ਲੋਕੀ ਚੋਲਾ 1716 ਵਿਚ ਤਿਆਗ ਦਿੱਤਾ ਸੀ। ਮੇਰੇ ਰਾਜੌਂੜੀ ਤੋਂ ਮਹਿਰੌਲੀ ਜੀਵਨ ਸਫ਼ਰ ਬਾਰੇ ਵਿਭਿੰਨ ਕਿਸਮ ਦੇ ਭਰਮ ਤੇ ਕਿਆਸ ਅਰਾਈਆਂ ਪ੍ਰਚਲਤ ਹਨ ਅਤੇ ਇਤਿਹਾਸਕਾਰਾਂ ਨੇ ਵੀ ਮੇਰੇ ਨਾਲ ਕੋਈ ਇਨਸਾਫ਼ ਨਹੀਂ ਕੀਤਾ। ਪੰਥ ਨੂੰ ਮੇਰੇ ਬਾਰੇ ਜਾਣ ਬੁਝ ਕੇ ਸਵਾਰਥੀ ਲੋਕਾਂ ਨੇ ਗੁਮਰਾਹ ਕੀਤਾ ਹੈ। ਮੈਨੂੰ ਬੇਗਾਨਾ ਸਮਝਿਆ ਗਿਆ ਹੈ। ਮੈਂ ਆਪਣੀ ਜੀਵਨ ਯਾਤਰਾ ਬਾਰੇ ਆਪਣੀ ਅਸਲੀ ਕਹਾਣੀ ਬਿਆਨ ਕਰਦਾ ਹਾਂ ਤਾਂ ਕਿ ਮੇਰੇ ਬਾਰੇ ਵੰਨ ਸੁਵੰਨੇ ਭਰਮ ਭੁਲੇਖੇ ਦੂਰ ਹੋ ਜਾਣ। ਸੁਣੋ!

ਮੈਂ 1670 ਈਸਵੀ ਵਿਚ ਰਾਜੌਂੜੀ ਵਿਖੇ ਇਕ ਰਾਜਪੂਤ ਘਰਾਣੇ ਵਿਚ ਪੈਦਾ ਹੋਇਆ ਸੀ। ਮੇਰਾ ਨਾਮ ਲਛਮਣ ਦੇਵ ਰੱਖਿਆ ਗਿਆ ਸੀ। ਮੇਰੇ ਪਿਤਾ ਜੀ ਦਾ ਨਾਮ ਰਾਮ ਦੇਵ ਸੀ ਜੋ ਕਿ ਖੇਤੀਬਾੜੀ ਦਾ ਕੰਮ ਕਰਦੇ ਸਨ। ਸਾਡੇ ਵੇਲੇ ਬਹੁਤ ਸਾਰੇ ਨੌਜਵਾਨ ਖੇਤੀ ਤੋਂ ਇਲਾਵਾ ਘੋੜ ਸਵਾਰੀ, ਤੀਰ ਅੰਦਾਜ਼ੀ ਤੇ ਹੋਰ ਮਾਰਸ਼ਲ ਆਰਟਸ ਸਿੱਖਣ ਦਾ ਸ਼ੌਂਕ ਰੱਖਦੇ ਸਨ। ਰਾਜਪੂਤਾਂ ਵਿਚ ਫੌਜ ਵਿਚ ਭਰਤੀ ਹੋਣਾ ਵੀ ਸ਼ਾਨ ਵਾਲੀ ਗਲ ਸੀ। ਮੇਰੇ ਦਾਦਾ ਜੀ ਫੌਜੀ ਸਨ। ਇਕ ਮੁਹਿੰਮ ਵਿਚ ਉਹ ਮੁਗਲਾਂ ਵਿਰੁੱਧ ਇਕ ਲੜਾਈ ਵਿਚ ਮਾਰੇ ਗਏ ਸਨ। ਭਾਵੇਂ ਕਈ ਲੜਾਈਆਂ ਵਿਚ ਫੌਜਦਾਰ ਵਲੋਂ ਉਹਨਾਂ ਨੂੰ ਇਨਾਮ ਤੇ ਖਿਤਾਬ ਮਿਲੇ ਸਨ ਪਰੰਤੂ ਮਰਨ ਉਪਰੰਤ ਫੌਜਦਾਰ ਨੇ ਉਹਨਾਂ ਦੀ ਕੋਈ ਪੈਰਵਾਈ ਨਾ ਕੀਤੀ। ਮੇਰੇ ਪਿਤਾ ਜੀ ਉਹਨਾਂ ਦੇ ਇਕਲੌਤੇ ਬੇਟੇ ਸਨ, ਜਿਹੜੇ ਕਿ ਉਸ ਵਕਤ ਮਸਾਂ ਸੋਲਾਂ ਸਤਾਰਾ ਸਾਲਾਂ ਦੇ ਸਨ। ਘਰ ਵਿਚ ਕੋਈ ਕਮਾਉਣ ਵਾਲਾ ਉਸ ਵਕਤ ਨਹੀਂ ਸੀ। ਜ਼ਮੀਨ ਵੀ ਗੁਜ਼ਾਰੇ ਜੋਗੀ ਸੀ। ਫਸਲ ਦਾ ਤੀਜਾ ਹਿੱਸਾ ਜ਼ਿਮੀਦਾਰ ਲਗਾਨ ਵਜੋਂ ਵਸੂਲ ਕਰ ਲੈਂਦੇ ਸਨ। ਪਿਤਾ ਜੀ ਸਾਰੇ ਸ਼ੌਂਕ ਤਿਆਗ ਕੇ ਵਾਹੀ ਖੇਤੀ ਕਰਨ ਲਗੇ। ਸਾਡੇ ਸ਼ਰੀਕ ਵੀ ਸਾਡੀ ਮਦਦ ਕਰਨੀ ਦੀ ਜਗ੍ਹਾ ਸਾਡਾ ਤਮਾਸ਼ਾ ਵੇਖ ਰਹੇ ਸਨ। ਮੇਰੇ ਨਾਨਕਿਆਂ ਨੇ ਮੇਰੇ ਪਿਤਾ ਨੂੰ ਇਕ ਬਲਦਾਂ ਦੀ ਜੋੜੀ ਲੈ ਕੇ ਦਿੱਤੀ ਤਾਂ ਕਿ ਖੇਤੀ ਬਾੜੀ ਸਹੀ ਢੰਗ ਨਾਲ ਹੋ ਸਕੇ। ਇਸਤਰ੍ਹਾਂ ਨੌਕਰਾਂ ਦੀ ਸਹਾਇਤਾ ਨਾਲ ਵਾਹੀ ਦਾ ਕੰਮ ਚੰਗਾ ਚਲਣ ਲੱਗਾ।

ਜਦੋਂ ਪਿਤਾ ਜੀ ਅਠਾਰਾਂ ਸਾਲ ਦੇ ਹੋਏ ਤਾਂ ਫੌਜਦਾਰ ਨੇ ਫੌਜੀ ਭਰਤੀ ਲਈ ਸੁਨੇਹਾ ਭੇਜਿਆ। ਪਰ ਸਾਡੇ ਘਰ ਵਾਲੇ ਫੌਜਦਾਰ ਦੇ ਵਤੀਰੇ ਨਾਲ ਖ਼ੁਸ਼ ਨਹੀਂ ਸਨ। ਇਸ ਲਈ ਪਿਤਾ ਜੀ ਨੇ ਮਾਮਾ ਜੀ ਨਾਲ ਜਾ ਕੇ ਫੌਜਦਾਰ ਦੇ ਪੇਸ਼ ਹੋਕੇ ਆਪਣੀ

ਮਜਬੂਰੀ ਦਿਖਾਈ। ਕਿਉਂਕਿ ਪਿਤਾ ਜੀ ਇਕੱਲੇ ਹੀ ਘਰ ਨੂੰ ਚਲਾਉਣ ਵਾਲੇ ਸਨ, ਇਸ ਲਈ ਫੌਜਦਾਰ ਜਲਦੀ ਮੰਨ ਗਿਆ। ਵੈਸੇ ਵੀ ਮੇਰੀ ਦਾਦੀ ਤੇ ਪਿਤਾ ਜੀ ਨੂੰ ਫੌਜ ਦੀ ਨੌਕਰੀ ਨਾਲ ਨਫ਼ਰਤ ਸੀ, ਭਾਵੇਂ ਕਿ ਬਾਕੀ ਰਾਜਪੂਤ ਖਾਨਦਾਨ ਖ਼ੁਸ਼ ਹੋਕੇ ਫੌਜ ਵਿਚ ਭਰਤੀ ਹੁੰਦੇ ਸਨ। ਮੇਰੇ ਪਿਤਾ ਜੀ ਦਾ ਸੁਭਾਅ ਮੇਰੇ ਨਾਨੇ ਉਪਰ ਗਿਆ ਸੀ। ਨਾਨਾ ਜੀ ਬਹੁਤ ਧਾਰਮਿਕ ਬ੍ਰਿਤੀ ਵਾਲੇ ਸਨ। ਖੇਤੀ ਕਰਦੇ ਤੇ ਰਾਮ ਨਾਮ ਜਪਣ ਵਿਚ ਹੀ ਆਨੰਦ ਮਹਿਸੂਸ ਕਰਦੇ ਸਨ। ਇਸ ਮਾਹੌਲ ਦਾ ਅਸਰ ਮੇਰੇ ਪਿਤਾ ਜੀ ਉਪਰ ਹੋਇਆ। ਉਹ ਵੀ ਧਾਰਮਿਕ ਖ਼ਿਆਲਾਂ ਵਿਚ ਰੁੱਚੀ ਰੱਖਣ ਲੱਗ ਪਏ। ਪਿੰਡ ਦੇ ਧਾਰਮਿਕ ਕਾਰਜਾਂ ਵਿਚ ਉਹ ਪੁੱਜਕੇ ਹਿੱਸਾ ਲੈਂਦੇ ਸਨ ਤੇ ਧਾਰਮਿਕ ਅਸਥਾਨਾਂ ਤੇ ਤੀਰਥ ਯਾਤਰਾ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ।

ਮੇਰੇ ਬਚਪਨ ਦੀ ਇਕ ਘਟਨਾਂ ਮੈਂ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੈਂ ਦਸ ਕੁ ਸਾਲਾਂ ਦਾ ਹੋਵਾਂਗਾ ਉਸ ਵਕਤ ਇਕ ਘਟਨਾ ਵਾਪਰੀ ਜਿਸਦਾ ਉਮਰ ਭਰ ਮੇਰੇ ਉਪਰ ਅਸਰ ਕਾਇਮ ਰਿਹਾ। ਇਸ ਸਾਲ ਮੀਂਹ ਬਹੁਤ ਘਟ ਪੈਣ ਕਾਰਨ ਸਾਡੀ ਫਸਲ ਬਹੁਤ ਘੱਟ ਹੋਈ। ਸਾਡੇ ਲਾਗੇ ਇਕ ਚੋਅ ਸੀ, ਕਈ ਵਾਰ ਤਾਂ ਇਸ ਚੋਅ ਕਾਰਨ ਸਾਡੀ ਫਸਲ ਹੜ ਨਾਲ ਰੁੜ ਜਾਂਦੀ ਸੀ ਪਰੰਤੂ ਐਤਕੀਂ ਸੋਕੇ ਕਾਰਨ ਫਸਲ ਅੱਧੀ ਤੋਂ ਅੱਧੀ ਹੋਈ ਸੀ। ਲਗਾਨ ਵਸੂਲ ਕਰਨ ਵੇਲੇ ਸਾਡੀ ਬਹੁਤ ਉਪਜ ਲਗਾਨ ਦੀ ਭੇਂਟ ਹੀ ਚੜ੍ਹ ਗਈ। ਸਾਡੇ ਕੋਲ ਜਦੋਂ ਖਾਣ ਲਈ ਕੁਝ ਨਾ ਬਚਿਆ ਤਾਂ ਮੇਰੇ ਪਿਤਾ ਨੇ ਜ਼ਿਮੀਦਾਰ ਕੋਲ ਜਾਕੇ ਫਰਿਆਦ ਕੀਤੀ ਕਿ ਸਾਡਾ ਲਗਾਨ ਮੁਆਫ਼ ਕੀਤਾ ਜਾਵੇ। ਪਰ ਜਿਮੀਦਾਰ ਨੇ ਪਿਤਾ ਜੀ ਦੀ ਇਕ ਨਾ ਸੁਣੀ ਤੇ ਉਸਨੂੰ ਧਕੇ ਮਾਰਕੇ ਹਵੇਲੀ ਵਿਚੋਂ ਕਢ ਦਿੱਤਾ। ਇਹ ਵੀ ਧਮਕੀ ਦਿੱਤੀ ਕਿ ਜੇਕਰ ਉਸਨੇ ਅਗੇ ਤੋਂ ਅਜਿਹੀ ਫਰਿਆਦ ਕੀਤੀ ਤਾਂ ਉਸ ਕੋਲੋਂ ਜ਼ਮੀਨ ਜ਼ਬਤ ਕਰਕੇ ਕਿਸੇ ਹੋਰ ਨੂੰ ਦਿੱਤੀ ਜਾਵੇਗੀ। ਇਸ ਉਪਰ ਪਿਤਾ ਜੀ ਨੇ ਇਤਰਾਜ਼ ਕਰਦਿਆਂ ਹਵੇਲੀ ਦੇ ਦਰਵਾਜੇ ਤੋਂ ਬਾਹਰ ਆਕੇ ਕਿਹਾ, "ਜਨਾਬ ਇਹ ਤਾਂ ਧਕੇਸ਼ਾਹੀ ਹੈ। ਜਦੋਂ ਕੁਦਰਤ ਨੇ ਸਾਡੀ ਫਸਲ ਹੀ ਬਰਬਾਦ ਕਰ ਦਿੱਤੀ ਏ ਤਾਂ ਅਸੀਂ ਮਾਮਲਾ ਕਿਥੋਂ ਦਿਆਂਗੇ ਤੇ ਕੀ ਖਾਵਾਂਗੇ ਤੇ ਕਿਸਤਰ੍ਹਾਂ ਟਬਰ ਦੀ ਪਾਲਣਾ ਕਰਾਂਗੇ।" ਮੈਂ ਉਸ ਵਕਤ ਨਾਲ ਹੀ ਖੜਾ ਸੀ। ਜ਼ਿਮੀਦਾਰ ਪਿਤਾ ਜੀ ਦੀ ਪੁਕਾਰ ਸੁਣ ਰਿਹਾ ਸੀ। ਉਹ ਸੁਣਦਿਆਂ ਸਾਰ ਹੀ ਤੈਸ਼ ਵਿਚ ਆਕੇ ਪਿਤਾ ਜੀ ਨੂੰ ਉਥੋਂ ਦਫਾ ਹੋਣ ਲਈ ਕਹਿਣ ਲਗਾ ਪਿਤਾ ਜੀ ਦਾ ਰਾਜਪੂਤੀ ਖ਼ੂਨ ਖੌਲ ਉਠਿਆ ਤੇ ਉਹਨਾਂ ਨੇ ਜ਼ਿਮੀਦਾਰ ਨੂੰ ਈਸ਼ਵਰ ਦਾ ਖ਼ੌਫ਼ ਕਰਨ ਲਈ ਕਿਹਾ। ਪਰ ਜ਼ਿਮੀਦਾਰਾਂ ਨੂੰ ਖੁਦਾ ਦਾ ਖ਼ੌਫ਼ ਘਟ ਹੀ ਹੁੰਦਾ ਹੈ। ਉਸਨੇ ਪਿਤਾ ਜੀ ਕੋਲ ਆਕੇ ਉਸਨੂੰ ਦੋ ਚਾਟਾਂ ਮਾਰੀਆਂ ਤੇ ਧੱਕੇ ਦੇਕੇ ਭੁੰਜੇ ਸੁੱਟ ਦਿੱਤਾ। ਮੈਂ ਰੋ ਪਿਆ ਤੇ ਪਿਤਾ ਜੀ ਨੂੰ ਭੁੰਜਿਉਂ ਉਠਾਇਆ ਤੇ ਜਲਦੀ ਜਲਦੀ ਵਾਪਿਸ ਘਰ ਲੈ ਗਿਆ। ਰਸਤੇ ਵਿਚ ਪਿਤਾ ਜੀ ਜ਼ਿਮੀਦਾਰ ਨੂੰ ਲਗਾਤਾਰ ਗਾਲ੍ਹਾਂ ਕਢੀ ਜਾ ਰਹੇ ਸਨ ਤੇ ਉਸਦਾ ਬੇੜਾ ਗਰਕਣ ਦੀਆਂ ਬੱਦ ਦੁਆਵਾਂ ਦਈ ਜਾ ਰਹੇ ਸਨ। ਉਹਨਾਂ

ਦੇ ਮੱਥੇ ਵਿਚੋਂ ਖ਼ੂਨ ਵਗ ਰਿਹਾ ਸੀ ਤੇ ਗੁੱਸੇ ਨਾਲ ਉਹਨਾਂ ਦਾ ਚੇਹਰਾ ਭਖ ਰਿਹਾ ਸੀ।

ਪਿਤਾ ਜੀ ਨੂੰ ਅਜਿਹੀ ਹਾਲਤ ਵਿਚ ਵੇਖਕੇ ਮੇਰੀ ਮਾਤਾ ਦਾਦੀ ਤੇ ਛੋਟੇ ਭੈਣ ਭਰਾ ਵੀ ਰੋਣ ਲਗ ਪਏ। ਮਾਤਾ ਤਾਂ ਪਿਤਾ ਜੀ ਦੀ ਮਲਮ ਪੱਟੀ ਵਲ ਰੁੱਝ ਗਈ ਤੇ ਦਾਦੀ ਜ਼ਿਮੀਦਾਰ ਨੂੰ ਨੌਲੀ ਜਾ ਰਹੀ ਸੀ। ਭਾਵੇਂ ਪਿਤਾ ਜੀ ਨੇ ਜ਼ਿਮੀਦਾਰ ਅਗੇ ਬੋਲਣ ਦੀ ਹਿੰਮਤ ਕੀਤੀ ਸੀ ਪਰੰਤੂ ਉਹ ਵਿਚੋਂ ਡਰੇ ਹੋਏ ਸਨ। ਇਸ ਘੜੀ ਵਿਚ ਨਾ ਕੋਈ ਗਵਾਂਢੀ, ਰਿਸ਼ਤੇਦਾਰ ਜਾਂ ਸ਼ਰੀਕ ਉਹਨਾਂ ਨਾਲ ਖੜ੍ਹਨ ਲਈ ਤਿਆਰ ਸੀ। ਸ਼ਰੀਕ ਤਾਂ ਖ਼ੁਸ਼ ਸਨ ਕਿ ਰਾਮ ਦੇਵ ਨੂੰ ਜ਼ਿਮੀਦਾਰ ਨੇ ਜ਼ਲੀਲ ਕੀਤਾ ਹੈ। ਇਸ ਬੋਲਬੁਲਾਰੇ ਦਾ ਅੰਜ਼ਾਮ ਇਹ ਹੋਇਆ ਕਿ ਸਾਡੇ ਕੋਲੋਂ ਜ਼ਮੀਨ ਜ਼ਬਤ ਕਰਕੇ ਸਾਡੇ ਇਕ ਸ਼ਰੀਕ ਨੂੰ ਦਿੱਤੀ ਗਈ। ਕਿਸੇ ਨੇ ਸਾਡੇ ਲਈ ਇਸ ਬੇਇਨਸਾਫ਼ੀ ਤੇ ਧੱਕੇਸ਼ਾਹੀ ਦਾ ਇਜ਼ਹਾਰ ਨਾ ਕੀਤਾ। ਪਿੰਡ ਦੇ ਭਲੇ ਪੁਰਖਾਂ ਨੇ ਮੇਰੇ ਪਿਤਾ ਉਪਰ ਤਰਸ ਕਰਕੇ ਉਹਨਾਂ ਨੂੰ ਬਤੌਰ ਮਜ਼ਾਰਾ, ਦਸ ਕਿਲੇ ਜ਼ਮੀਨ ਦਿੱਤੀ। ਅਸੀਂ ਇਸਨੂੰ ਆਪਣੀ ਹੋਣੀ ਮੰਨਕੇ ਦੋਬਾਰਾ ਵਾਹੀ ਕਰਨ ਲਗੇ। ਪਿਤਾ ਜੀ ਸਗੋਂ ਵਧੇਰੇ ਧਾਰਮਿਕ ਹੋ ਗਏ ਤੇ ਆਪਣਾ ਬਹੁਤਾ ਸਮਾਂ ਪਿੰਡ ਦੇ ਮੰਦਿਰ ਵਿਚ ਹੀ ਗੁਜ਼ਾਰਨ ਲਗੇ। ਦਾਦੀ ਤੇ ਮਾਤਾ ਨੇ ਵੀ ਆਪਣੀ ਹੋਣੀ ਨਾਲ ਸਮਝੌਤਾ ਕਰ ਲਿਆ ਸੀ।

ਮੇਰੀਆਂ ਭਾਵਨਾਵਾਂ ਵਲ ਕਿਸੇ ਦੀ ਵੀ ਤਵਜੋਂ ਨਹੀਂ ਸੀ। ਇਸ ਘਟਨਾ ਨੇ ਮੇਰੀ ਆਤਮਾਂ ਨੂੰ ਹਿਲਾਕੇ ਰੱਖ ਦਿੱਤਾ ਸੀ। ਮੈਂ ਇਸ ਹਾਲਤ ਨਾਲ ਕਦਾਚਿਤ ਸਮਝੌਤਾ ਨਹੀਂ ਕਰ ਸਕਦਾ ਸੀ। ਮੇਰੇ ਦਾਦੇ ਨਾਲ ਫੌਜਦਾਰ ਨੇ ਸਹੀ ਸਲੂਕ ਨਹੀਂ ਸੀ ਕੀਤਾ ਤੇ ਸਾਡੇ ਪਰਿਵਾਰ ਨੂੰ ਮੂਲੋਂ ਹੀ ਅਖੋਂ ਪਰੋਖੇ ਕਰ ਦਿੱਤਾ ਸੀ। ਨਾ ਹੀ ਮੈਂ ਵਾਹੀ ਖੇਤੀ ਕਰ ਸਕਦਾ ਸੀ ਕਿਉਂਕਿ ਜ਼ਿਮੀਦਾਰ ਵੀ ਬੇਕਿਰਕ ਤੇ ਬੇਦਰਦ ਸਨ। ਹਰ ਕੋਈ ਆਪਣਾ ਹੀ ਉਲੂ ਸਿੱਧਾ ਕਰਨ ਵਿਚ ਵਿਅਸਤ ਸੀ। ਪਿਤਾ ਜੀ ਨੇ ਆਪਣੀਆਂ ਮੁਹਾਰਾਂ ਧਾਰਮਿਕ ਕਾਰਜਾਂ ਵਲ ਮੋੜ ਲਈਆਂ ਸਨ। ਸਾਡੇ ਘਰ ਸੰਤਾਂ ਮਹਾਤਮਾਂ ਦਾ ਆਉਣਾ ਜਾਣਾ ਜਾਰੀ ਸੀ। ਇਕ ਦਿਨ ਸਾਡੇ ਘਰ ਇਕ ਮਹਾਤਮਾਂ ਜਾਨਕੀ ਦਾਸ ਵੀ ਆਏ। ਉਹਨਾਂ ਦੇ ਵਿਚਾਰ ਸੁਣਨ ਦਾ ਮੈਨੂੰ ਮੌਕਾ ਮਿਲਿਆ। ਉਹ ਅਕਸਰ ਕਿਹਾ ਕਰਦੇ ਸਨ, ਸੰਸਾਰ ਝੂਠਾ ਹੈ। ਇਹ ਸਵਾਰਥੀ ਤੇ ਮਤਲਬੀ ਹੈ। ਇਸ ਉਪਰ ਕੋਈ ਭਰੋਸਾ ਨਹੀਂ ਕਰ ਸਕਦਾ। ਇਸ ਨੂੰ ਜਿੰਨੀ ਜਲਦੀ ਤਿਆਗਿਆ ਜਾਵੇ, ਉਹਨਾਂ ਹੀ ਬਿਹਤਰ ਹੈ। ਲੋਕਾਂ ਦਾ ਪ੍ਰੇਮ ਸਵਾਰਥੀ ਹੈ। ਇਹ ਲੋਕ ਤੁਹਾਨੂੰ ਕਿਸੇ ਵੇਲੇ ਵੀ ਧੋਖਾ ਦੇ ਸਕਦੇ ਹਨ। ਇਹਨਾਂ ਲੋਕਾਂ ਦੇ ਲੜ ਲਗਕੇ ਕੋਈ ਗ੍ਰਹਿਸਥੀ ਖ਼ੁਸ਼ ਨਹੀਂ ਰਹਿ ਸਕਦਾ। ਇਸ ਨੂੰ ਤਿਆਗਣਾ ਹੀ ਬੇਹਤਰ।

ਇੰਨੀ ਦਿਨੀਂ ਇਕ ਹੋਰ ਘਟਨਾ ਵਾਪਰੀ ਜਿਸਨੇ ਮੇਰੇ ਜੀਵਨ ਦਾ ਰੁੱਖ ਹੀ ਬਦਲ ਦਿੱਤਾ। ਮੈਨੂੰ ਸ਼ਿਕਾਰ ਦਾ ਸ਼ੌਕ ਸੀ। ਮੈਂ ਤੀਰ ਅੰਦਾਜ਼ੀ ਵੀ ਬਾਖ਼ੂਬੀ ਜਾਣਦਾ ਸੀ। ਇਕ ਦਿਨ ਮੈਂ ਆਪਣੇ ਦੋਸਤਾਂ ਨਾਲ ਸ਼ਿਕਾਰ ਖੇਡਣ ਗਿਆ। ਇਕ ਹਿਰਨੀ

ਸਾਡੇ ਨਜ਼ਰੀ ਪਈ। ਮੈਂ ਘੋੜੇ ਤੇ ਸਵਾਰ ਸੀ। ਮੈਂ ਭਜੀ ਜਾ ਰਹੀ ਹਿਰਨੀ ਉਪਰ ਨਿਸ਼ਾਨਾ ਮਾਰਿਆ। ਹਿਰਨੀ ਘਾਇਲ ਹੋਕੇ ਡਿਗ ਪਈ। ਮੈਂ ਤੇ ਮੇਰੇ ਯਾਰ ਉਸ ਵੱਲ ਦੌੜੇ। ਸਾਡੇ ਸਾਹਮਣੇ ਹੀ ਹਿਰਨੀ ਤੜਫ ਤੜਫ ਕੇ ਮਰ ਗਈ। ਜਦੋਂ ਅਸਾਂ ਉਦਾ ਪੇਟ ਚਾਲ ਕੀਤਾ ਤਾਂ ਅੰਦਰੋਂ ਦੋ ਬੱਚੇ ਨਿਕਲੇ। ਉਹ ਵੀ ਸਾਡੇ ਸਾਹਮਣੇ ਹੀ ਤੜਫ ਤੜਫ ਕੇ ਮਰ ਗਏ। ਮੇਰੇ ਯਾਰ ਤਾਂ ਹਿਰਨੀ ਨੂੰ ਘਰ ਲੈ ਆਏ ਤੇ ਆਪਣੇ ਸ਼ਿਕਾਰ ਦਾ ਮਜ਼ਾ ਲੈਣ ਲਗੇ। ਪਰ ਮੇਰੇ ਉਪਰ ਇਸ ਦੁਰਘਟਨਾਂ ਦਾ ਗਹਿਰਾ ਅਸਰ ਹੋਇਆ। ਮੈਂ ਮੀਟ ਖਾਣ ਨਾ ਗਿਆ ਤੇ ਘਰ ਵਿਚ ਹੀ ਸਾਰੀ ਰਾਤ ਝੂਰਦਾ ਤੇ ਹੰਝੂ ਵਹਾਉਂਦਾ ਰਿਹਾ। ਮੈਂ ਸ਼ਿਕਾਰ ਸਦਾ ਲਈ ਛੱਡ ਦਿੱਤਾ ਤੇ ਵੈਸ਼ਨੋ ਭੋਜਨ ਤੱਕ ਸੀਮਤ ਹੋ ਗਿਆ। ਮੇਰੇ ਦੋਸਤਾਂ ਨੂੰ ਮੇਰੀ ਇਸ ਅਦਾ ਤੇ ਬਹੁਤ ਹੈਰਾਨੀ ਹੋਈ ਪਰ ਮੈਂ ਸ਼ਿਕਾਰ ਬਾਜ਼ੀ ਛੱਡਕੇ ਬੈਰਾਗੀ ਹੋਣ ਬਾਰੇ ਸੋਚਣ ਲਗਾ। ਸਵਾਮੀ ਜਾਨਕੀ ਦਾਸ ਅਜੇ ਵੀ ਪਿੰਡ ਵਿਚ ਪ੍ਰਵਚਨ ਕਰ ਰਹੇ ਸਨ। ਮੈਂ ਘਰ ਵਾਲਿਆਂ ਨੂੰ ਵਿਸ਼ਵਾਸ ਵਿਚ ਲਿਆ ਬਗੈਰ ਹੀ ਸਵਾਮੀ ਜੀ ਨਾਲ ਜਾਣ ਲਈ ਤਿਆਰ ਹੋ ਗਿਆ। ਪਿਤਾ ਤੇ ਮਾਤਾ ਨੇ ਬੜਾ ਰੋਕਿਆ ਟੋਕਿਆ। ਪਰੰਤੂ ਮੇਰਾ ਇਹ ਅੰਤਿਮ ਫੈਸਲਾ ਸੀ। ਕਾਫ਼ੀ ਸਾਲਾਂ ਤੋਂ ਮੈਂ ਵੇਖ ਰਿਹਾ ਸੀ ਕਿ ਘਰ ਵਿਚ ਮੇਰੇ ਖਿਆਲਾਂ ਨਾਲ ਕੋਈ ਸਹਿਮਤ ਨਹੀਂ ਸੀ। ਮੇਰੀ ਕੋਈ ਪਰਵਾਹ ਵੀ ਘਟ ਹੀ ਕੀਤੀ ਜਾਂਦੀ ਸੀ। ਮੈਂ ਇਕ ਦਿਨ ਕਹਿ ਬੈਠਾ, "ਮੈਂ ਆਪਣੇ ਪਰਿਵਾਰ ਨਾਲ ਹੋਈਆਂ ਧਕੇਸ਼ਾਹੀਆਂ ਦਾ ਬਦਲਾ ਲਵਾਂਗਾ ਤੇ ਜ਼ੁਲਮ ਕਰਨ ਵਾਲਿਆਂ ਨਾਲ ਚੰਗੀ ਤਰ੍ਹਾਂ ਨਜਿੱਠਾਂਗਾ।" ਘਰ ਵਾਲੇ ਇਹ ਸੁਣਕੇ ਚੁੱਪ ਸਨ। ਉਹ ਸੋਚਦੇ ਹੋਣੇ ਕਿ ਇਹ ਬੱਚਿਆਂ ਵਾਲੀਆਂ ਗਲਾਂ ਹਨ। ਜਦੋਂ ਇਹ ਵੱਡਾ ਹੋਵੇਗਾ, ਇਸਦਾ ਆਪੇ ਦਿਮਾਗ ਟਿਕਾਣੇ ਆ ਜਾਵੇਗਾ।

ਇਕ ਦਿਨ ਜਦੋਂ ਸਵਾਮੀ ਜਾਨਕੀ ਦਾਸ ਵਾਪਿਸ ਜਾਣ ਲਈ ਤਿਆਰ ਹੋਏ ਤਾਂ ਮੈਂ ਵੀ ਉਸ ਨਾਲ ਘਰ ਵਾਲਿਆਂ ਨੂੰ ਦਸਿਆਂ ਬਗੈਰ ਹੀ ਚੱਲ ਪਿਆ। ਮਗਰੋਂ ਘਰ ਵਾਲਿਆਂ ਨੇ ਮੇਰੀ ਪੁੱਛ ਗਿੱਛ ਕੀਤੀ ਸੀ ਜਾਂ ਨਹੀਂ, ਇਸ ਬਾਰੇ ਮੈਂ ਭਰੋਸੇ ਨਾਲ ਕੁਝ ਨਹੀਂ ਕਹਿ ਸਕਦਾ। ਪਰ ਇਹ ਲਾਜ਼ਮੀ ਹੈ ਕਿ ਮੇਰੀ ਮਾਂ ਨੇ ਜ਼ਰੂਰ ਚੀਕ ਚਿਹਾੜਾ ਪਾਇਆ ਹੋਵੇਗਾ। ਪਰ ਔਰਤਾਂ ਦੀ ਰਾਜਪੂਤਾਂ ਪਰਿਵਾਰਾਂ ਵਿਚ ਬਹੁਤੀ ਸਲਾਹ ਨਹੀਂ ਲਈ ਜਾਂਦੀ। ਇਹ ਕਾਰਨ ਹੈ ਕਿ ਜਦੋਂ ਮੈਂ ਬੰਦਾ ਸਿੰਘ ਬਹਾਦਰ ਬਣਕੇ ਜੰਮੂ ਖੇਤਰ ਵਿਚ ਆਇਆ ਤਾਂ ਕਿਸੇ ਨੇ ਵੀ ਮੈਨੂੰ ਮਿਲਣ ਦੀ ਖੇਚਲ ਨਹੀਂ ਕੀਤੀ। ਇਸਦੇ ਕਾਰਨ ਹੋਰ ਵੀ ਹੋ ਸਕਦੇ ਹਨ। ਹੋ ਸਕਦੈ ਮੇਰੇ ਮਾਤਾ ਪਿਤਾ ਮੇਰੇ ਨਵੇਂ ਨਾਮ ਤੋਂ ਜਾਣੂ ਨਾ ਹੋਣ ਜਾਂ ਫਿਰ ਉਹ ਤਵਕੋ ਹੀ ਨਹੀਂ ਕਰਦੇ ਸਨ ਕਿ ਉਹਨਾਂ ਦਾ ਪੁੱਤਰ ਲਛਮਣ ਦੇਵ ਕਦੀ ਇਸ ਰੂਪ ਵਿਚ ਵੀ ਪੰਜਾਬ ਵਿਚ ਵਿਚਰੇਗਾ। ਮੇਰੀ ਇਹ ਖਾਹਸ਼ ਸੀ ਕਿ ਕਮ ਸੇ ਕਮ ਮੇਰੀ ਮਾਂ ਨੂੰ ਮੇਰੀਆਂ ਸਰਗਰਮੀਆਂ ਦੀ ਖ਼ਬਰ ਮਿਲੇ। ਪਰ ਜੇਕਰ ਉਹਨਾਂ ਨੂੰ ਮੇਰਾ ਪਤਾ ਲਗ ਵੀ ਗਿਆ ਹੋਵੇਗਾ ਤਾਂ ਉਹਨਾਂ ਵਿਚਾਰਿਆਂ ਨੇ ਡਰਦੇ ਮਾਰੇ ਹੀ ਮੈਨੂੰ ਮਿਲਣ ਦੀ ਚੇਸ਼ਟਾ ਨਹੀਂ ਕੀਤੀ ਹੋਵੇਗੀ। ਮੇਰਾ

ਖ਼ਿਆਲ ਹੈ ਕਿ ਮੇਰੇ ਮਰਨ ਉਪਰੰਤ ਹੀ ਉਹਨਾਂ ਨੂੰ ਮੇਰੇ ਬਾਰੇ ਪਤਾ ਲੱਗਾ ਹੋਵੇਗਾ।

ਸਵਾਮੀ ਜਾਨਕੀ ਦਾਸ ਨੇ ਮੇਰਾ ਨਾਮ ਬਦਲਕੇ ਮਾਧੋ ਦਾਸ ਰੱਖ ਦਿੱਤਾ ਸੀ ਤਾਂ ਕਿ ਮੇਰੇ ਮਾਪੇ ਮੇਰਾ ਅਸਲੀ ਨਾਮ ਸੁਣਕੇ ਮੇਰਾ ਪਿੱਛਾ ਨਾ ਕਰਨ ਮੈਂ ਵੀ ਇਸ ਨਾਮ ਨਾਲ ਸਹਿਮਤ ਸੀ। ਜੰਮੂ ਦੇ ਇਲਾਕੇ ਵਿਚ ਛੇ ਕੁ ਮਹੀਨੇ ਠਹਿਰਨ ਬਾਅਦ ਉਹ ਕਸੂਰ ਲਾਗੇ ਪਿੰਡ ਰਾਮ ਥੰਮਣ ਚਲਾ ਗਿਆ। ਉਥੇ ਹਰ ਸਾਲ ਵਿਸਾਖੀ ਦਾ ਮੇਲਾ ਲਗਦਾ ਸੀ। ਇਥੇ ਹੀ ਮੇਰਾ ਮੇਲ ਇਕ ਹੋਰ ਸਵਾਮੀ ਰਾਮ ਦਾਸ ਨਾਲ ਹੋਇਆ, ਜਿਹੜਾ ਇਹ ਮੇਲਾ ਵੇਖਣ ਉਥੇ ਆਇਆ ਹੋਇਆ ਸੀ। ਜਾਨਕੀ ਦਾਸ ਨਾਲੋਂ ਰਾਮ ਦਾਸ ਦੇ ਵਿਚਾਰ ਮੈਨੂੰ ਹੋਰ ਚੰਗੇ ਲਗੇ। ਉਸਦੇ ਵਿਚਾਰਾਂ ਵਿਚ ਤਾਜ਼ਗੀ ਤੇ ਤਾਕਤ ਸੀ। ਉਹ ਮੈਨੂੰ ਦੱਖਣ ਦੀ ਯਾਤਰਾ ਤੇ ਲੈ ਗਿਆ। ਮੈਂ ਦੱਖਣ ਵਿਚ ਜਾ ਕੇ ਬਾਬਾ ਰਾਮ ਦਾਸ ਦੇ ਡੇਰੇ ਤੇ ਰਹਿਣ ਲਗਾ। ਪਰ ਮਾਧੋ ਦਾ ਯਾਨੀ ਮੇਰਾ ਦਿਲ ਇਸ ਡੇਰੇ ਵਿਚ ਵੀ ਨਾ ਲਗਾ। ਇਹਨਾਂ ਡੇਰਿਆਂ ਵਿਚ ਵੀ ਤਿਆਗ ਹੀ ਤਿਆਗ ਸੀ। ਕਰਮ ਖੇਤਰ ਵਲ ਕੋਈ ਸਿੱਖਿਆ ਨਹੀਂ ਦਿੱਤੀ ਜਾਂਦੀ ਸੀ। ਮੈਂ ਇਕ ਸਾਧੂ ਬਣਕੇ ਗੁਮਨਾਮੀ ਵਿਚ ਆਪਣਾ ਜੀਵਨ ਬਤੀਤ ਨਹੀਂ ਕਰਨਾ ਚਾਹੁੰਦਾ ਸੀ।

ਨਾਸਿਕ ਦੇ ਨਜ਼ਦੀਕ ਹੀ ਇਕ ਸਾਧੂ ਔਘੜ ਨਾਥ ਦਾ ਡੇਰਾ ਸੀ। ਇਸ ਨੂੰ ਬਾਬਾ ਲੂਨੀਆਂ ਵੀ ਕਿਹਾ ਜਾਂਦਾ ਸੀ। ਇਸ ਦੀ ਇਲਾਕੇ ਵਿਚ ਬਹੁਤ ਮਾਨਤਾ ਸੀ। ਮੈਂ ਏਥੇ ਤਕਰੀਬਨ ਤਿੰਨ ਸਾਲ ਠਹਿਰਿਆ। ਮੈਂ ਬਾਬਾ ਲੂਨੀਏ ਨਾਲ ਇਕ ਵਾਰ ਉੱਤਰੀ ਭਾਰਤ ਵਿਚ ਹਿੰਦੂ ਤੀਰਥਾਂ ਦੀ ਯਾਤਰਾ ਲਈ ਆਇਆ। ਇਸ ਯਾਤਰਾਂ ਦੌਰਾਨ ਮੈਂ ਹਰਿਦੁਆਰ ਵੀ ਗਿਆ ਸੀ। ਏਥੇ ਕਨ ਖਲ ਵਿਚ ਸਾਬੇ ਔਘੜ ਨਾਲ ਮੇਰਾ ਗੁਰੂ ਗੋਬਿੰਦ ਸਿੰਘ ਨਾਲ ਵੀ ਮੇਲ ਹੋਇਆ ਸੀ। ਬਾਬੇ ਲੂਨੀਏ ਨਾਲ ਤਾਂ ਗੁਰੂ ਗੋਬਿੰਦ ਸਿੰਘ ਦੀ ਵਾਰਤਾ ਹੋਈ ਪਰ ਮੇਰਾ ਪਿਤਾ ਉੱਤਰੀ ਭਾਰਤ ਦਾ ਹੋਣ ਕਾਰਨ ਗੁਰੂ ਜੀ ਮੇਰੇ ਨਾਲ ਵੀ ਗਲਬਾਤ ਕਰਦੇ ਰਹੇ। ਮੈਨੂੰ ਯਾਦ ਹੈ ਕਿ ਉਹਨਾਂ ਨੇ ਮੈਨੂੰ ਸੰਨਿਆਸੀ ਜੀਵਨ ਤਿਆਗ ਕੇ ਕਰਮ ਖੇਤਰ ਵੱਲ ਆਉਣ ਦੀ ਨਸੀਹਤ ਦਿੱਤੀ ਸੀ ਪਰ ਉਸ ਵਕਤ ਮੈਂ ਬਾਬੇ ਲੂਣੀਏ ਦੀ ਤਾਂਤਰਿਕ ਵਿਦਿਆ ਦੇ ਅਸਰ ਅਧੀਨ ਸੀ। ਮੈਂ ਬਾਬੇ ਲੋਨੀ ਨਾਲ ਹੀ ਵਾਪਿਸ ਨਾਸਿਕ ਆ ਗਿਆ। ਪਰ ਇਹ ਮੁਲਾਕਾਤ ਜੋ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ ਸੀ, ਬੜੀ ਦੇਰ ਮੇਰੇ ਜ਼ਿਹਨ ਵਿਚ ਰੜਕਦੀ ਰਹੀ। ਪਰ ਹਾਲਾਤ ਹੀ ਅਜਿਹੇ ਸਨ ਕਿ ਇਹ ਮੁਲਾਕਾਤ ਦੋਬਾਰਾ ਨਾ ਹੋ ਸਕੀ। ਪਰ ਮੈਂ ਇਸ ਭੇਂਟ ਨੂੰ ਕਦੇ ਵਿਸਾਰ ਨਾ ਸਕਿਆ।

ਜਦੋਂ ਮੈਂ ਔਘੜ ਨਾਥ ਦੇ ਡੇਰੇ ਵਿਚ ਸੀ ਤਾਂ ਮੇਰਾ ਮਨ ਕਾਫੀ ਅਸ਼ਾਂਤ ਰਹਿੰਦਾ ਸੀ। ਬਾਬਾ ਲੂਨੀਆਂ ਭਾਵੇਂ ਮੇਰੀ ਬਹੁਤ ਇੱਜ਼ਤ ਕਰਦਾ ਸੀ ਤੇ ਮੈਨੂੰ ਆਪਣੇ ਲਾਗੇ ਲਾਗੇ ਰੱਖਦਾ ਸੀ। ਉਸਦੇ ਚੇਲਿਆਂ ਵਿਚੋਂ ਮੈਂ ਹੀ ਇਕੱਲਾ ਉੱਤਰੀ ਭਾਰਤ ਵਿਚੋਂ ਆਇਆ ਸੀ। ਉਸਦੇ ਬਹੁਤੇ ਸ਼ਿਸ਼ ਮਰਾਠੇ ਹੀ ਸਨ। ਉੱਤਰੀ ਭਾਰਤੀਆਂ ਲਈ ਔਘੜ ਨਾਥ ਦੇ ਦਿਲ ਵਿਚ ਵਿਸ਼ੇਸ਼ ਜਗ੍ਹਾ ਸੀ। ਉਸਦੇ ਸਭਨਾਂ ਸ਼ਿਸ਼ ਦੀ ਉਮਰ ਮੇਰੇ

ਨਾਲੋਂ ਘਟ ਤੋਂ ਘਟ ਦੂਣੀ ਸੀ। ਪਰ ਬਾਬਾ ਜੀ ਉਹਨਾਂ ਸਭਨਾਂ ਨਾਲੋਂ ਮੈਨੂੰ ਵਧੇਰੇ ਪ੍ਰੇਮ ਕਰਦੇ ਸਨ। ਇਸ ਕਰਕੇ ਸ਼ਾਇਦ, ਉਸਦੇ ਮਰਾਠੇ ਸ਼ਿਸ਼ ਮੇਰੇ ਨਾਲ ਈਰਖਾ ਕਰਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਇਹ ਕੱਲ ਦਾ ਛੋਕਰਾ, ਸਾਡੇ ਨਾਲੋਂ ਬਾਬਾ ਜੀ ਦੇ ਵਧੇਰੇ ਨਜ਼ਦੀਕ ਹੋ ਗਿਆ ਹੈ। ਬਾਬੇ ਦੇ ਆਲੇ ਦੁਆਲੇ ਸ਼ਹਿਰਾਂ ਵਿਚ ਬੜੀ ਮੰਨਤਾ ਸੀ। ਦੂਰੋਂ ਦੂਰੋਂ ਲੋਕ ਉਸਦੇ ਡੇਰੇ ਆਕੇ ਚੜ੍ਹਾਵਾ ਚੜ੍ਹਾਉਂਦੇ ਤੇ ਮੰਨਤਾਵਾਂ ਮੰਨਦੇ ਸਨ। ਜਦੋਂ ਉਹਨਾਂ ਦੀਆਂ ਬਾਬਾ ਜੀ ਦੀ ਕਿਰਪਾ ਨਾਲ ਸੁਖਣਾ ਪੂਰੀਆਂ ਹੋ ਜਾਂਦੀਆਂ ਤਾਂ ਉਹ ਬੜੀ ਧੂੰਮ ਧਾਮ ਨਾਲ ਬਾਬਾ ਜੀ ਦਾ ਧੰਨਵਾਦ ਕਰਨ ਆਪਣੇ ਪਰਿਵਾਰਾਂ ਸਮੇਤ ਆਉਂਦੇ ਤੇ ਬੜੇ ਕੀਮਤੀ ਤੋਹਫੇ ਬਾਬਾ ਜੀ ਦੇ ਦਰਬਾਰ ਭੇਂਟ ਕਰਦੇ ਸਨ। ਦਿਨੋ ਦਿਨ ਡੇਰੇ ਦੀ ਰੌਣਕ ਵਿਚ ਵਾਧਾ ਹੋ ਰਿਹਾ ਸੀ। ਚੌਵੀ ਘੰਟੇ ਡੇਰੇ ਵਿਚ ਲੰਗਰ ਲਗਾ ਰਹਿੰਦਾ ਸੀ।

ਪਰ ਅਕਾਲ ਪੁਰਖ ਨੇ ਮੇਰਾ ਸੁਭਾਅ ਹੀ ਅਜਿਹਾ ਬਣਾਇਆ ਸੀ ਕਿ ਮੈਂ ਇਹਨਾਂ ਰੌਣਕਾਂ ਵਿਚ ਵੀ ਉਦਾਸ ਰਹਿੰਦਾ ਸੀ। ਬਾਬੇ ਦੇ ਕਈ ਵਡੇਰੀ ਉਮਰ ਦੇ ਸ਼ਿਸ਼ ਮੇਰੇ ਨਾਲ ਨਫ਼ਰਤ ਭਰੀਆਂ ਅੱਖਾਂ ਨਾਲ ਵੇਖਦੇ ਸਨ। ਇਹ ਦ੍ਰਿਸ਼ ਮੇਰੀ ਆਤਮਾਂ ਨੂੰ ਬਹੁਤ ਦੁੱਖੀ ਕਰਦਾ ਸੀ। ਇਕ ਦਿਨ ਇਕ ਸ਼ਿਸ਼ ਜਿਸਦਾ ਨਾਮ ਮੇਘ ਨਾਥ ਸੀ, ਉਸ ਕਿਸੇ ਮਮੂਲੀ ਗਲ ਤੋਂ ਮੇਰੇ ਨਾਲ ਬੋਲਬੁਲਾਰਾ ਕਰਨ ਲਗਾ। ਮੈਂ ਝਗੜਨਾ ਨਹੀਂ ਸੀ ਚਾਹੁੰਦਾ ਪਰ ਉਹ ਮੇਰੇ ਸਿਰ ਤੇ ਚੜ੍ਹੀ ਜਾ ਰਿਹਾ ਸੀ। ਉਸਨੇ ਮੇਰੇ ਵਿਰੁੱਧ ਅਪਮਾਨ ਜਨਕ ਸ਼ਬਦਾਂ ਦਾ ਵੀ ਇਸਤੇਮਾਲ ਕੀਤਾ ਪਰ ਮੈਂ ਸ਼ਾਂਤ ਰਿਹਾ। ਉਹ ਮੈਨੂੰ ਸ਼ਾਂਤ ਵੇਖਕੇ ਪਿੱਛੇ ਹਟਣ ਲਗਾ। ਮੈਂ ਵੀ ਉਸਤੋਂ ਦੂਰ ਜਾ ਬੈਠਾ। ਇਸ ਤਰ੍ਹਾਂ ਡੇਰੇ ਵਿਚ ਇਕ ਝਗੜਾ ਹੋਣ ਤੋਂ ਬਚ ਗਿਆ। ਪਹਿਲਾਂ ਤਾਂ ਮੇਰਾ ਦਿਲ ਕਰਦਾ ਸੀ ਕਿ ਉਸਨੂੰ ਲੰਮੇ ਪਾ ਲਵਾਂ ਤੇ ਵੇਖੀ ਜਾਊ ਜੋ ਹੋਵੇਗਾ ਪਰ ਮੇਰੀ ਅੰਤਰ ਆਤਮਾਂ ਨੇ ਮੈਨੂੰ ਅਜਿਹਾ ਕਰਨ ਤੋਂ ਵਰਜਿਆ। ਉਸ ਰਾਤ ਮੈਂ ਬਹੁਤ ਬੇਚੈਨ ਰਿਹਾ। ਅੱਧੀ ਰਾਤ ਤੱਕ ਜਾਗਦਾ ਰਿਹਾ। ਸਵੇਰ ਹੋਈ ਤਾਂ ਮੈਂ ਫੈਸਲਾ ਕਰ ਲਿਆ ਕਿ ਮੈਂ ਡੇਰਾ ਛੱਡਕੇ ਨਾਸਿਕ ਸ਼ਹਿਰ ਚਲਾ ਜਾਵਾਂ। ਇਹ ਫੈਸਲਾ ਕਰਨ ਤੋਂ ਪਹਿਲਾਂ ਮੈਂ ਬਾਬਾ ਜੀ ਨਾਲ ਵੀ ਕੋਈ ਸਲਾਹ ਮਸ਼ਵਰਾ ਨਾ ਕੀਤਾ। ਮੈਨੂੰ ਡਰ ਸੀ ਕਿ ਬਾਬਾ ਜੀ ਮੇਰੇ ਫੈਸਲੇ ਨਾਲ ਸਹਿਮਤ ਨਹੀਂ ਹੋਣਗੇ। ਇਸ ਲਈ ਮੈਂ ਇਕੱਲਾ ਹੀ ਡੇਰਾ ਛੱਡਕੇ ਨਾਸਿਕ ਪਹੁੰਚ ਗਿਆ।

ਨਾਸਿਕ ਵਿਚ ਜਦੋਂ ਮੈਂ ਸੰਤ ਰਾਮ ਦਾਸ ਦੇ ਡੇਰੇ ਵਿਚ ਸੀ ਤਾਂ ਮੇਰੀ ਇਕ ਮਰਾਠੇ ਸਾਧੂ ਨਾਲ ਨੇੜਤਾ ਹੋ ਗਈ ਸੀ। ਮੈਂ ਸਿੱਧਾ ਉਸਦੇ ਘਰ ਵਿਖੇ ਗਿਆ, ਜਿਹੜਾ ਸ਼ਹਿਰ ਦੇ ਪੂਰਬੀ ਪਾਸੇ ਸੀ। ਖ਼ੁਸ਼ ਕਿਸਮਤੀ ਨਾਲ ਉਹ ਘਰ ਹੀ ਸੀ। ਉਹ ਵੀ ਡੇਰਾ ਛੱਡਕੇ ਘਰ ਦਾ ਕੰਮ ਕਾਜ ਕਰਨ ਲਗ ਪਿਆ ਸੀ। ਮੈਨੂੰ ਵੇਖਕੇ ਉਹ ਪਹਿਲਾਂ ਤਾਂ ਹੈਰਾਨ ਹੋਇਆ ਤੇ ਜਲਦੀ ਹੀ ਖ਼ੁਸ਼ੀ ਪ੍ਰਗਟ ਕਰਨ ਲਗਾ। ਸਵੇਰ ਦਾ ਨਾਸਤਾ ਕਰਨ ਉਪਰੰਤ ਅਸੀਂ ਦੋਵੇਂ ਜਾਣੇ ਇਕ ਦੂਜੇ ਨਾਲ ਗੂੜ ਗਿਆਨ ਦੀਆਂ

ਗਲਾਂ ਕਰਨ ਲਗੇ। ਉਹਨਾਂ ਦਿਨਾਂ ਵਿਚ ਮਹਾਂਰਾਸ਼ਟਰ ਵਿਚ ਸ਼ਿਵਾਜੀ ਦੀ ਬੜੀ ਚਰਚਾ ਸੀ। ਉਸਨੇ ਇਕ ਮਾਮੂਲੀ ਪਿਛੋਕੜ ਤੋਂ ਉੱਠਕੇ, ਮੁਗਲਾਂ ਵਿਰੁੱਧ ਗੁਰੀਲਾ ਜੰਗ ਛੇੜ ਰਖੀ ਸੀ। ਉਸਨੂੰ ਇਸ ਵਿਚ ਕਾਫੀ ਸਫ਼ਲਤਾ ਵੀ ਮਿਲੀ ਸੀ। ਉਹਨਾਂ ਦਿਨਾਂ ਵਿਚ ਉਸਦਾ ਇਕ ਜਰਨੈਲ ਮੋਰੋਪੰਤ ਪੇਛਵਾ ਸੀ। ਉਸਦੀ ਫੌਜ ਵਿਚ ਬੜੇ ਅਣਖੀਲੇ ਤੇ ਬਹਾਦਰ ਮਰਾਠੇ ਭਰਤੀ ਸਨ। ਮੋਰੋਪੰਤ ਦੀ ਕਮਾਨ ਹੇਠਾਂ ਮਰਾਠਿਆਂ ਨੇ ਕਈ ਮੁਹਿੰਮਾਂ ਵਿਚ ਮੁਗਲਾਂ ਨਾਲ ਸਿੱਧੀ ਤੇ ਅਸਿੱਧੀ ਟੱਕਰ ਲਈ ਸੀ। ਅਸੀਂ ਦੋਹਵੇਂ ਜਾਣਿਆਂ ਇਕ ਫੌਜੀ ਦੀ ਮਾਰਫਤ ਉਸ ਦੀ ਫੌਜ ਵਿਚ ਦਾਖ਼ਲਾ ਲੈ ਲਿਆ। ਜਰਨੈਲ ਨੇ ਮੇਰੇ ਪਿਛਕੋੜ ਬਾਰੇ ਬਹੁਤ ਪੁਛਗਿਛ ਕੀਤੀ ਤੇ ਮੇਰੇ ਦੋਸਤ ਘਨਸ਼ਾਮ ਦੀ ਤਸੱਲੀ ਦੇਣ ਉਪਰੰਤ, ਮੈਨੂੰ ਪੂਰੇ ਤੌਰ ਤੇ ਭਰਤੀ ਕਰ ਲਿਆ ਗਿਆ।

ਭਾਵੇਂ ਮੈਂ ਪਿਛਲੇ ਕਈ ਵਰ੍ਹੇ ਸੰਨਿਆਸੀ ਤੇ ਸਾਧੂ ਦੇ ਭੇਸ ਵਿਚ ਵਿਚਰਿਆ ਸੀ ਪਰ ਮੇਰੀ ਅੰਤਰ ਆਤਮਾਂ ਕੁਝ ਕਰਨ ਮਰਨ ਲਈ ਉਤਾਵਲੀ ਰਹਿੰਦੀ ਸੀ। ਇਸ ਫੌਜ ਵਿਚ ਰਹਿਕੇ ਮੈਨੂੰ ਕਈ ਲੜਾਈਆਂ ਵਿਚ ਹਿੱਸਾ ਲੈਣਾ ਪਿਆ। ਮਰਾਠਿਆਂ ਦੀ ਲੜਾਈ ਬਹੁਤੀ ਗੁਰੀਲਾ ਕਿਸਮ ਦੀ ਸੀ। ਪਹਾੜੀ ਇਲਾਕਾ ਹੋਣ ਕਰਕੇ, ਮੁਗਲਾਂ ਦੀਆਂ ਫੌਜਾਂ ਨੂੰ ਸਾਡਾ ਪਿੱਛਾ ਕਰਨ ਵਿਚ ਬਹੁਤ ਕਠਨਾਈ ਪੇਸ਼ ਆਉਂਦੀ ਸੀ। ਸਾਨੂੰ ਪਹਾੜੀ ਰਸਤਿਆਂ ਨਗਰਾਂ ਤੇ ਠਾਹਰਾਂ ਦਾ ਪੂਰਾ ਗਿਆਨ ਸੀ। ਇਸ ਲਈ ਅਸੀਂ ਮੁਗਲ ਫੌਜਾਂ ਦਾ ਡਾਹਢਾ ਨੁਕਸਾਨ ਕਰਕੇ, ਪਹਾੜਾਂ ਵਿਚ ਲੁਕ ਜਾਂਦੇ ਸੀ। ਬਚਪਨ ਤੋਂ ਹੀ ਮੈਨੂੰ ਬਹਾਦਰਾਂ, ਯੋਧਿਆਂ ਤੇ ਲੜਾਈ ਦੀਆਂ ਕਹਾਣੀਆਂ ਚੰਗੀਆਂ ਲਗਦੀਆਂ ਸਨ। ਸਾਡੀ ਫੌਜੀ ਟੁਕੜੀ ਵਿਚ ਇਕ ਜੋਧਾ ਜਰਨੈਲ ਸੀ ਰਾਮ ਜੀ ਪੰਗਾੜਾ। ਇਸ ਦੀ ਕਮਾਨ ਹੇਠ 800 ਸਿਰਲੱਥ ਸੂਰਮਿਆਂ ਦੀ ਇਕ ਫੌਜ ਸੀ ਜੋ ਮਰਾਠਿਆਂ ਦੀ ਆਨ ਤੇ ਸ਼ਾਨ ਵਾਸਤੇ ਕੁਝ ਵੀ ਕਰ ਸਕਦੇ ਸਨ। ਮੈਂ ਵੀ ਇਸ ਫੌਜ ਵਿਚ ਸ਼ਾਮਿਲ ਸੀ। ਮੋਰੋਪੰਤ ਪੇਛਵਾ ਅਕਸਰ ਰਾਮ ਜੀ ਪੰਗਾੜਾ ਨੂੰ ਕਠਿਨ ਮੋਰਚਿਆਂ ਲਈ ਭੇਜਦਾ ਸੀ। ਸਾਡੀ ਫੌਜ ਜਿਥੇ ਵੀ ਜਾਂਦੀ ਸੀ, ਕਾਮਯਾਬੀ ਉਸਦੇ ਪੈਰ ਚੁੰਮਦੀ ਸੀ। ਮੁਗਲ ਫੌਜਾਂ ਖ਼ਾਸ ਕਰਕੇ ਸਾਡੀ ਪੰਗਾੜੇ ਵਾਲੀ ਫੌਜ ਤੋਂ ਬਹੁਤ ਖੌਫਜ਼ਦਾ ਸਨ। ਕਈ ਵਾਰ ਤਾਂ ਸਾਡੇ ਕੇਸਰੀ ਝੰਡੇ ਨੂੰ ਵੇਖਕੇ ਉਹ ਮੈਦਾਨ ਛੱਡ ਜਾਂਦੇ ਸਨ। ਮੇਰੀ ਵੀ ਇਹ ਦਿਲੀ ਇਛਾ ਸੀ ਕਿ ਮੈਂ ਵੀ ਪੰਗਾੜੇ ਵਰਗਾ ਯੋਧਾ ਬਣਾਂ, ਜਿਸਦੀ ਸਰਮਗਤੀ ਦੀਆਂ ਕਥਾਵਾਂ ਲੋਕੀਂ ਉਚਾਰਦੇ ਰਹਿਣ। ਮੈਂ ਜੰਮੂ ਵਲੋਂ ਜਿਸ ਇਲਾਕੇ ਵਿਚੋਂ ਆਇਆ ਸੀ, ਉਹ ਵੀ ਇਲਾਕਾ ਨੀਮ ਪਹਾੜੀ ਸੀਤੇ ਗੁਰੀਲਾ ਯੁਧ ਵਾਸਤੇ ਬਹੁਤ ਲਾਹੇਵੰਦ ਸੀ। ਪੰਗਾੜਾ ਨੇ ਮੈਨੂੰ ਮੇਰੀ ਬਹਾਦਰੀ ਤੇ ਨਿਡਰਤਾ ਬਾਰੇ ਕਈ ਇਨਾਮ ਵੀ ਦਿੱਤੇ ਸਨ। ਮੈਂ ਹਮੇਸ਼ਾਂ ਆਪਣੀ ਫੌਜਦੇ ਅਗੇ ਹੁੰਦਾ ਸੀ ਤੇ ਬਿਜਲੀ ਵਾਂਗ ਆਪਣੇ ਦੁਸ਼ਮਣਾਂ ਉਪਰ ਧਾਵਾ ਬੋਲ ਦਿੰਦਾ ਸੀ। ਉਹ ਘਬਰਾ ਕੇ ਇਧਰ ਉਧਰ ਖਿੰਡਰ ਜਾਂਦੇ ਸਨ। ਮੈਨੂੰ ਮਾਣ ਸੀ ਕਿ ਮੈਂ ਮੋਰੋਪੰਤ ਵਰਗੇ ਮਰਾਠੇ ਜਰਨੈਲ ਹੇਠ ਵੀ ਕਈ ਲੜਾਈਆਂ ਲੜੀਆਂ ਸਨ। ਮੋਰੋਪੰਤ ਪੇਛਵੇ ਨੇ ਹੀ ਮੈਨੂੰ

ਪੰਗਾੜੇ ਦੀ ਸਪੈਸ਼ਲ ਫੌਜ ਵਿਚ ਭੇਜਿਆ ਸੀ। ਮੈਂ ਹੁਣ ਪਹਾੜੀ ਇਲਾਕਿਆਂ ਵਿਚ, ਮਰਾਠਿਆਂ ਵਾਂਗ ਗੁਰੀਲਾ ਯੁਧ ਲੜਨ ਵਿਚ ਕਾਫ਼ੀ ਪ੍ਰਬੀਨ ਹੋ ਗਿਆ ਸੀ। ਮੇਰੀ ਇਸ ਪ੍ਰਬੀਨਤਾ ਕਾਰਨ ਹੀ ਮੇਰੀ ਫੌਜੀ ਟੁਕੜੀ ਦੇ ਕਈ ਅਫ਼ਸਰ ਮੇਰੇ ਨਾਲ ਖ਼ਾਰ ਖਾਂਦੇ ਸਨ। ਮੈਂ ਪਿਛੋਂ ਆ ਕੇ ਉਹਨਾਂ ਨਾਲੋਂ ਅਗੇ ਨਿਕਲ ਗਿਆ ਸੀ। ਇਸ ਲਈ ਆਏ ਦਿਨ ਉਹ ਮੇਰੀਆਂ ਸ਼ਿਕਾਇਤਾਂ ਹੀ ਕਰਦੇ ਰਹਿੰਦੇ ਸਨ। ਦੂਜਾ ਉਹਨੀਂ ਦਿਨੀਂ ਸ਼ਿਵਾ ਜੀ ਦੇ ਸਪੁੱਤਰ ਸੰਭਾਜੀ ਦਾ ਬੜੀ ਬੇਦਰਦੀ ਨਾਲ ਕਤਲ ਹੋ ਗਿਆ ਸੀ। ਇਹ ਭਾਣਾ ਘਰ ਦੀ ਖਾਨਾ ਜੰਗੀ ਤੇ ਬਹੁਪਤਨੀ ਪਰਿਵਾਰ ਕਾਰਨ ਵਾਪਰਿਆ ਸੀ। ਇਸ ਖਾਨਾ ਜੰਗੀ ਨੇ ਸ਼ਿਵਾ ਜੀ ਦੀਆਂ ਮਹਾਨ ਪ੍ਰਾਪਤੀਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ। ਸ਼ਿਵਾ ਜੀ ਦੇ ਪਰਿਵਾਰ ਵਿਚ ਅਜਿਹੀਆਂ ਘਟਨਾਵਾਂ ਘਟੀਆਂ, ਜਿੰਨਾ ਕਰਕੇ ਮੁਗਲਾਂ ਦੇ ਮੁਕਾਬਲੇ ਮਰਾਠਿਆਂ ਨੂੰ ਨਿਮੋਸ਼ੀ ਤੇ ਜ਼ਲਾਲਤ ਦਾ ਮੂੰਹ ਵੇਖਣਾ ਪਿਆ। ਬਹੁਤ ਖ਼ੂਨ ਖ਼ਰਾਬਾ ਹੋਇਆ।

ਇਸ ਮਾਹੌਲ ਨੇ ਮੇਰੀ ਚਿੰਤਾ ਹੋਰ ਵਧਾ ਦਿੱਤੀ। ਮੈਂ ਪਹਿਲਾਂ ਹੀ ਮਰਾਠਾ ਤੇ ਗ਼ੈਰ ਮਰਾਠੇ ਦੇ ਦੀਰਘ ਰੁਝਾਨ ਤੋਂ ਖਫਾ ਸੀ। ਇਕ ਦਿਨ ਰਾਮਜੀ ਪੰਗਾੜੇ ਅਗੇ ਮੇਰੀ ਸ਼ਿਕਾਇਤ ਲਗਾਈ ਗਈ ਕਿ ਮੈਂ ਮੁਗ਼ਲ ਫੌਜ ਨਾਲ ਵਿਚੋਂ ਰਲਿਆ ਹੋਇਆ ਹਾਂ ਤੇ ਉਹਨਾਂ ਲਈ ਜਸੂਸੀ ਕਰਦਾ ਹਾਂ। ਜਦੋਂ ਪੰਗਾੜੇ ਨੇ ਉਹਨਾਂ ਕੋਲੋਂ ਸਬੂਤ ਮੰਗਿਆਂ ਤਾਂ ਇਕ ਝੂਠਾ ਗਵਾਹ ਮੇਰੇ ਵਿਰੁੱਧ ਖੜਾ ਕੀਤਾ ਗਿਆ ਸੀ। ਮੈਨੂੰ ਵਿਸ਼ਵਾਸ ਸੀ ਕਿ ਪਹਿਲਾਂ ਵਾਂਗ ਪੰਗਾੜਾ ਸਾਹਿਬ ਇਸ ਸ਼ਿਕਾਇਤ ਨੂੰ ਵੀ ਨਜ਼ਰ ਅੰਦਾਜ਼ ਕਰ ਦੇਣਗੇ। ਪਰ ਐਤਕੀਂ ਕੁਝ ਵੱਖਰਾ ਹੀ ਵਾਪਰਿਆ। ਮੈਨੂੰ ਇੰਝ ਲਗਾ ਜਿਵੇਂ ਪੰਗਾੜਾ ਵੀ ਇਸ ਸਾਜ਼ਿਸ਼ ਵਿਚ ਸ਼ਾਮਿਲ ਹੋਵੇ। ਇਸ ਲਈ ਉਸਨੇ ਮੈਨੂੰ ਆਖਿਆ, ਮਾਧੋ ਦਾਸ ਆਪਣੀ ਨਿਰਦੋਸ਼ਤਾ ਦਾ ਕੋਈ ਸਬੂਤ ਦੇ, ਨਹੀਂ ਤਾਂ ਤੇਰੇ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਮੈਂ ਇਹ ਸੁਣ ਕੇ ਹੱਕਾ ਬੱਕਾ ਰਹਿ ਗਿਆ। ਮੈਨੂੰ ਪਹਿਲੀ ਵਾਰ ਇਹ ਅਹਿਸਾਸ ਹੋਇਆ ਕਿ ਬਾਕੀਆਂ ਦੀ ਤਰ੍ਹਾਂ ਪੰਗਾੜਾ ਸਾਹਿਬ ਵੀ ਮੇਰੇ ਨਾਲ ਈਰਖਾ ਕਰਨ ਲਗ ਪਏ ਹਨ। ਉਸਦੇ ਕੁਝ ਹਿਤੈਸ਼ੀਆਂ ਨੇ ਉਸਨੂੰ ਦਸਿਆ ਕਿ ਮਾਧੋਦਾਸ ਉਸਦੀ ਜਗ੍ਹਾ ਲੈਣਾ ਚਾਹੁੰਦਾ ਹੈ ਤੇ ਇਸ ਸੰਬੰਧੀ ਉਹ ਮੋਰੋਪੰਤ ਪੇਛਵਾ ਨੂੰ ਵੀ ਇਕ ਦੋ ਦਫਾ ਮਿਲ ਚੁੱਕਾ ਹੈ। ਸੋ ਜਦੋਂ ਮੈਂ ਪੰਗਾੜਾ ਸਾਹਿਬ ਨੂੰ ਆਪਣੀ ਨਿਰਦੋਸ਼ਤਾ ਦਾ ਕੋਈ ਸਬੂਤ ਪੇਸ਼ ਕਰਨ ਤੋਂ ਪਹਿਲਾਂ ਉਸਦੀ ਫੌਜ ਛੱਡਣ ਦਾ ਫੈਸਲਾ ਕਰ ਲਿਆ। ਮੇਰੇ ਇਸ ਫੈਸਲੇ ਨਾਲ ਮੇਰੇ ਦੋਖੀਆਂ ਦਾ ਮਨ ਸ਼ਾਂਤ ਹੋ ਗਿਆ। ਮੈਂ ਫੌਜ ਦੀ ਨੌਕਰੀ ਛੱਡ ਦਿੱਤੀ। ਮੈਂ ਵੀ ਖ਼ੁਸ਼ ਤੇ ਪੰਘਾੜਾ ਤੇ ਉਸਦੇ ਅਫ਼ਸਰ ਵੀ ਖ਼ੁਸ਼। ਮੈਨੂੰ ਫਿਰ ਵੀ ਅੰਦੇਸ਼ਾ ਸੀ ਕਿ ਮੇਰੇ ਵਿਰੋਧੀ ਮੈਨੂੰ ਮਰਵਾ ਨਾ ਦੇਣ ਕਿਉਂਕਿ ਉਹਨੀਂ ਦਿਨੀਂ ਜਦੋਂ ਕੋਈ ਫੌਜੀ ਇਸਤਰ੍ਹਾਂ ਨੌਕਰੀ ਛੱਡ ਕੇ ਜਾਂਦਾ ਸੀ, ਉਸਨੂੰ ਜਾਂ ਤਾਂ ਮਰਵਾ ਦਿੱਤਾ ਜਾਂਦਾ ਸੀ ਜਾਂ ਫਿਰ ਦੇਸ਼ ਨਿਕਾਲਾ ਦਿੱਤਾ ਜਾਂਦਾ ਸੀ। ਮੈਂ ਇਹਨਾਂ ਸੰਭਾਵਨਾਵਾਂ ਤੋਂ ਸੁਰਖ਼ਰੂ ਹੋ ਕੇ ਵਾਪਿਸ ਬਾਬੇ ਲੂਨੀਏ ਕੋਲ ਚਲਾ

ਗਿਆ ਤੇ ਉਸ ਦੇ ਪੈਰੀਂ ਪੈ ਗਿਆ। ਉਸਨੂੰ ਜਦੋਂ ਸਾਰੀ ਵਿਥਿਆ ਸੁਣਾਈ ਤਾਂ ਉਸਨੇ ਮੇਰੇ ਨਾਲ ਹਮਦਰਦੀ ਜਿਤਾਈ ਤੇ ਕਹਿਣ ਲਗਾ, ਮਾਧੋਦਾਸ ਇਹ ਦੁਨੀਆਂ ਹੀ ਦੁੱਖਾਂ ਦਾ ਘਰ ਹੈ। ਤੇਰੇ ਵਰਗਾ ਮਲੰਗ ਆਦਮੀ ਗ੍ਰਿਹਸਥੀਆਂ ਵਿਚ ਖ਼ੁਸ਼ ਨਹੀਂ ਰਹਿ ਸਕਦਾ। ਫੌਜ ਵਿਚ ਤੈਨੂੰ ਨਹੀਂ ਸੀ ਜਾਣਾ ਚਾਹੀਦਾ। ਇਹ ਤਾਂ ਨਿਰੀ ਈਰਖ਼ਾ, ਨਫ਼ਰਤ ਤੇ ਖ਼ੂਨ ਖ਼ਰਾਬੇ ਦਾ ਘਰ ਹੈ। ਸ਼ੁਕਰ ਹੈ ਕਿ ਤੂੰ ਸਹੀ ਸਲਾਮਤ ਵਾਪਿਸ ਆ ਗਿਆ ਏਂ। ਜਾਨ ਬਚੀ ਔਰ ਲਾਖੋਂ ਪਾਏ ਵਾਲੀ ਕਹਾਣੀ ਤੇਰੇ ਨਾਲ ਗੁਜ਼ਰੀ ਹੈ। ਬਾਬਾ ਜੀ ਨੇ ਮੈਨੂੰ ਗਲਵਕੜੀ ਵਿਚ ਲਿਆ ਤੇ ਬੜੇ ਮਲ੍ਹਾਰ ਨਾਲ ਆਖਣ ਲਗੇ, ਮੈਂ ਤੈਨੂੰ ਮਾਫ਼ ਕੀਤਾ। ਤੂੰ ਮੈਨੂੰ ਬਗ਼ੈਰ ਦੱਸਿਆਂ ਹੀ ਛੱਡ ਗਿਆ ਸੈਂ। ਮੈਨੂੰ ਇਹ ਜਾਣਕੇ ਦੁੱਖ ਹੋਇਆ ਸੀ। ਮੈਨੂੰ ਪੂਰੀ ਉਮੀਦ ਸੀ ਕਿ ਇਕ ਦਿਨ ਤੂੰ ਜ਼ਰੂਰ ਪਰਤੇਂਗਾ। ਮੈਂ ਤਾਂ ਤੈਨੂੰ ਆਪਣੀ ਗੱਦੀ ਸੌਂਪਣਾ ਚਾਹੁੰਦਾ ਸੀ ਕਿਉਂਕਿ ਮੈਂ ਬਹੁਤ ਬ੍ਰਿਧ ਹੋ ਗਿਆ ਹਾਂ। ਮੈਨੂੰ ਮੇਰੇ ਸ਼ਿਸ਼ਾਂ ਉਪਰ ਕੋਈ ਭਰੋਸਾ ਨਹੀਂ। ਉਹ ਤਾਂ ਮੈਨੂੰ ਮਾਰਕੇ ਮੇਰਾ ਡੇਰਾ ਹਥਿਆਉਣ ਦੀਆਂ ਕਈ ਸਾਜਿਸ਼ਾਂ ਕਰ ਚੁੱਕੇ ਹਨ। ਪਰ ਮੇਰੀਆਂ ਰਿਧੀਆਂ ਸਿਧੀਆਂ ਨੇ ਉਹਨਾਂ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ। ਤੇਰੇ ਵਾਪਿਸ ਆਉਣ ਨਾਲ ਮੈਨੂੰ ਹੌਸਲਾ ਮਿਲਿਆ ਹੈ। ਤੂੰ ਡੇਰੇ ਵਿਚ ਮੇਰੀ ਕੁਟੀਆਂ ਦੇ ਨਾਲ ਵਾਲੀ ਕੁਟੀਆ ਵਿਚ ਰਿਹਾ ਕਰ। ਮੈਂ ਤੈਨੂੰ ਹੋਰ ਵੀ ਤਾਂਤਰਿਕ ਵਿਦਿਆ ਸਿਖਾਉਣੀ ਚਾਹੁੰਦਾ ਹਾਂ, ਤਾਂ ਕਿ ਤੂੰ ਵੀ ਮੇਰੇ ਵਾਗ ਇਕ ਡੇਰੇ ਦਾ ਮੁੱਖੀ ਬਣ ਸਕੇਂ। ਮੇਰੀ ਅਖੀਆਂ ਨਮ ਹੋ ਗਈਆਂ ਤੇ ਮੈਂ ਇਕ ਵਾਰੀ ਫਿਰ ਬਾਬਾ ਜੀ ਦੇ ਪੈਰੀਂ ਪੈ ਗਿਆ। ਬਾਬਾ ਜੀ ਨੇ ਮੈਨੂੰ ਉਠਾਕੇ ਪਿਆਰ ਦਿੱਤਾ ਤੇ ਗਲੇ ਲਗਾਕੇ ਅਸ਼ੀਰਵਾਦ ਦਿੱਤਾ।

ਮੇਰੀ ਇਸ ਮੁਲਾਕਾਤ ਦਾ ਬਹੁਤ ਘੱਟ ਸਾਧੂਆਂ ਨੂੰ ਪਤਾ ਸੀ ਪਰ ਜਦੋਂ ਪਤਾ ਲਗਾ ਤਾਂ ਸਾਰੇ ਡੇਰੇ ਵਿਚ ਤਰਥੱਲੀ ਮਚ ਗਈ। ਉਤੋਂ ਉਤੋਂ ਸਾਰੇ ਗੁਰਭਾਈ ਮੇਰੇ ਆਉਣ ਤੇ ਖ਼ੁਸ਼ੀ ਜ਼ਾਹਿਰ ਕਰਦੇ ਤੇ ਮੇਰੀ ਇੱਜ਼ਤ ਵਿਚ ਬੜਾ ਕੁਝ ਕਹਿੰਦੇ। ਪਰ ਮੇਰੀ ਪਿੱਠ ਪਿੱਛੇ ਉਹ ਮੇਰੀ ਨਿੰਦਿਆਂ ਕਰਦੇ ਤੇ ਮੈਨੂੰ ਗਾਲੀ ਗਲੋਚ ਵੀ ਕਰਦੇ। ਡੇਰੇ ਵਿਚ ਮੇਰੇ ਵੀ ਹਮਦਰਦ ਸਨ। ਉਹ ਮੈਨੂੰ ਮੇਰੇ ਮੁਖਾਲਿਫਾਂ ਦੀਆਂ ਸਰਗਰਮੀਆਂ ਬਾਰੇ ਸੂਚਿਤ ਕਰਦੇ ਰਹਿੰਦੇ ਸਨ। ਮੈਂ ਇਸ ਸਥਿਤੀ ਬਾਰੇ ਬਾਬਾ ਔਖੜ ਨਾਥ ਜੀ ਨਾਲ ਗਲ ਕੀਤੀ। ਉਹਨਾਂ ਨੇ ਕਿਹਾ ਕਿ ਜਿੰਨਾ ਚਿਰ ਮੈਂ ਤੇਰੇ ਨਾਲ ਹਾਂ, ਤੈਨੂੰ ਚਿੰਤਾ ਕਰਨ ਦੀ ਜ਼ਰੂਰਤ ਨਹੀਂ। ਅੱਧੇ ਕੁ ਮੇਰੇ ਭਗਤ ਤੇਰੇ ਨਾਲ ਹਨ। ਹੌਲੀ ਹੌਲੀ ਇਹਨਾਂ ਦੀ ਗਿਣਤੀ ਵਧਦੀ ਜਾਵੇਗੀ ਤੇ ਤੇਰੀ ਵਿਰੋਧਤਾ ਘਟਦੀ ਜਾਵੇਗੀ। ਇਸ ਤਰ੍ਹਾਂ ਮੈਂ ਫਿਰ ਮਨ ਲਗਾ ਕੇ ਡੇਰੇ ਦੀਆਂ ਸਰਗਰਮੀਆਂ ਵਿਚ ਭਾਗ ਲੈਣ ਲਗਾ। ਬਾਬਾ ਜੀ ਨੇ ਮੈਨੂੰ ਕਈ ਹੋਰ ਤਾਂਤਰਿਕ ਵਿਦਿਆ ਸਿਖਾਈਆ, ਜਿਸ ਨਾਲ ਮੇਰੇ ਮਨੋਬਲ ਵਿਚ ਕਾਫੀ ਵਾਧਾ ਹੋਇਆ। ਪਰ ਮੇਰੇ ਲਈ ਇਮਤਿਹਾਨ ਦੀ ਘੜੀ ਹਾਲੇ ਹੋਰ ਆਉਣੀ ਸੀ। ਬਾਬਾ ਜੀ ਦੀ ਅਚਾਨਕ ਮੌਤ ਨਾਲ, ਮੇਰੇ ਲਈ ਇਕ ਹੋਰ ਚੁਨੌਤੀ ਖੜੀ ਹੋ ਗਈ। ਡੇਰੇ ਉੱਤੇ ਮੇਰੇ ਵਿਰੋਧੀਆਂ ਦਾ ਕਬਜਾ ਹੋ ਗਿਆ।

ਭਾਵੇਂ ਅੱਜ ਤੱਕ ਮੈਨੂੰ ਡੇਰੇ ਦਾ ਨਾਇਬ ਸਮਝਿਆ ਜਾਂਦਾ ਸੀ ਤੇ ਬਾਬਾ ਲੋਨੀ ਵੀ ਮੇਰੇ ਨਾਲ ਪੂਰੀ ਤਰ੍ਹਾਂ ਸਹਿਮਤ ਸੀ ਪਰ ਫਿਰ ਵੀ ਨਵੀਂ ਪੈਦਾ ਹੋਈ ਸਥਿਤੀ ਨਾਲ ਮੇਰੇ ਪੈਰ ਉਖੜ ਗਏ। ਇਕ ਹੋਰ ਗਲ ਵੀ ਸੀ। ਮੈਨੂੰ ਵਿਧੀਵਤ ਢੰਗ ਨਾਲ ਜੋਗੀ ਸੰਪਰਦਾ ਵਿਚ ਸ਼ਾਮਿਲ ਨਹੀਂ ਕੀਤਾ ਗਿਆ ਸੀ। ਇਸ ਲਈ ਮੇਰੇ ਵਿਰੋਧੀ ਮੇਰੇ ਇਸ ਪਖ ਨੂੰ ਉਭਾਰਨ ਲਗੇ ਤੇ ਮੈਨੂੰ ਛੁਟਿਆਉਣ ਲਈ ਬਾਬਾ ਲੋਨੀ ਦੀ ਜਗਾ ਇਕ ਜੋਗੀ ਬਸ਼ੰਬਰ ਦਾਸ ਡੇਰੇ ਦਾ ਮੁਖੀ ਬਣ ਬੈਠਾ। ਬਹੁਤ ਸਾਰੇ ਡੇਰੇ ਸਾਧ ਉਸਦੇ ਨਾਲ ਸਨ। ਨਵੀਂ ਸਥਿਤੀ ਨਾਲ ਨਜਿਠਣ ਲਈ ਮੈਂ ਇਕ ਦਿਨ ਆਪਣੇ ਘੜੇ ਦੇ ਸਾਧਾਂ ਜੋਗੀਆਂ ਦਾ ਇਕੱਠ ਕੀਤਾ ਤੇ ਭਵਿੱਖ ਬਾਰੇ ਚਰਚਾ ਸ਼ੁਰੂ ਕੀਤੀ। ਕੁਝ ਕੁ ਨੇ ਮੈਨੂੰ ਨਵੇਂ ਬਣੇ ਮੁਖੀਏ ਵਿਰੁੱਧ ਬਗਾਵਤ ਕਰਨ ਲਈ ਉਕਸਾਇਆ। ਕੁਝ ਪਲ ਤਾਂ ਮੈਂ ਇਸ ਤਜ਼ਵੀਜ਼ ਨਾਲ ਉਤਸ਼ਾਹਤ ਵੀ ਹੋਇਆ ਪਰੰਤੂ ਇਹ ਸੋਚ ਕੇ ਕਿ ਮੇਰੇ ਨਾਲ ਥੋੜੇ ਸਾਧ ਹਨ। ਮੈਂ ਹੈ ਵੀ ਲੋਕਾਂ ਲਈ ਓਪਰਾ ਸਾਂ। ਮੇਰਾ ਰੰਗ ਰੂਪ ਗੋਰੇ ਰੰਗ ਦਾ ਸੀ ਤੇ ਮੈਂ ਬਾਕੀਆਂ ਨਾਲੋਂ ਦੂਰੋਂ ਹੀ ਅਡਰਾ ਲਗਦਾ ਸੀ। ਮੇਰੀ ਇਹ ਸੋਚ ਵੀ ਸੀ ਕਿ ਡੇਰੇ ਵਿਚ ਕੋਈ ਲੜਾਈ ਝਗੜਾ ਸੰਨਿਆਸੀਆਂ ਨੂੰ ਸ਼ੋਭਾ ਨਹੀਂ ਦਿੰਦਾ। ਇਸ ਲਈ ਕਾਫੀ ਸੋਚ ਵਿਚਾਰ ਪਿਛੋਂ ਅਸਾਂ ਇਹ ਫੈਸਲਾ ਕੀਤਾ ਕਿ ਲੋਨੀ ਨੂੰ ਛੱਡ ਕੇ ਨੰਦੇੜ ਵਾਲੇ ਇਕ ਜੋਗੀ ਡੇਰੇ ਵਿਚ ਸ਼ਾਮਿਲ ਹੋਇਆ ਜਾਵੇ, ਜਿਹੜਾ ਕਿ ਗੋਦਾਵਰੀ ਨਦੀ ਦੇ ਸ਼ਿਮਾਲੀ ਕੰਢੇ ਤੇ ਸਥਿਤ ਸੀ। ਇਸ ਡੇਰੇ ਦਾ ਮੁੱਖੀ ਹਿੰਦੂ ਤੇ ਨਾਥ ਗ੍ਰੰਥਾਂ ਦਾ ਚੰਗਾ ਮਾਹਿਰ ਸੀ। ਉਸਦੀ ਇਲਾਕੇ ਵਿਚ ਕਾਫੀ ਮਾਨਤਾ ਵੀ ਸੀ। ਇਸ ਡੇਰੇ ਵਿਚ ਸ਼ਾਮਿਲ ਹੋਣ ਲਈ ਮੈਂ ਆਪਣੇ ਸੌਂ ਤੋਂ ਵਧ ਸ਼ਿਸ਼ਾਂ ਸਮੇਤ ਨੰਦੇੜ ਵਾਲੇ ਡੇਰੇ ਵਿਚ ਆ ਗਿਆ। ਇਸ ਡੇਰੇ ਦਾ ਮੁਖੀ ਬਾਬਾ ਨਾਥ ਮੇਰੇ ਬਾਰੇ ਪਹਿਲਾਂ ਹੀ ਬਾਬੇ ਲੋਨੀ ਦੀ ਮਾਰਫਤ ਜਾਣਦਾ ਸੀ। ਇਸ ਲਈ ਉਸਨੇ ਮੇਰਾ ਤੇ ਮੇਰੇ ਸਾਥੀਆਂ ਦਾ ਸਵਾਗਤ ਕੀਤਾ ਤੇ ਸਾਨੂੰ ਜੀ ਆਇਆਂ ਆਖਿਆ। ਬਾਬੇ ਨਾਥ ਨੂੰ ਭਲੀਭਾਂਤ ਪਤਾ ਸੀ ਕਿ ਮੈਂ ਤਾਂਤਰਿਕ ਵਿਦਿਆ ਬਾਖੂਬੀ ਜਾਣਦਾ ਸੀ। ਬਾਬੇ ਨਾਥ ਦੀ ਭਾਵੇਂ ਤਾਂਤਰਿਕ ਸ਼ਕਤੀਆਂ ਵਿਚ ਕੋਈ ਆਸਥਾ ਨਹੀਂ ਸੀ ਪਰੰਤੂ ਜਦੋਂ ਉਹ ਮੇਰੇ ਸੰਪਰਕ ਵਿਚ ਆਇਆ ਜਾਂ ਮੈਂ ਉਸਦੇ ਸੰਪਰਕ ਵਿਚ ਆਇਆ ਤਾਂ ਉਹ ਵੀ ਰਿਧੀਆਂ ਸਿਧੀਆਂ ਵਿਚ ਸ਼ੌਕ ਫਰਮਾਉਣ ਲਗ ਪਏ। ਹੌਲੀ-ਹੌਲੀ ਤਾਂਤਰਿਕ ਵਿਦਿਆ ਵਿਚ ਮੈਂ ਉਸਦਾ ਉਸਤਾਦ ਬਣ ਗਿਆ। ਬਾਬੇ ਨਾਥ ਵਿਚ ਇਹ ਸਿਫ਼ਤ ਸੀ ਕਿ ਉਹ ਮੇਰੇ ਨਾਲ ਈਰਖਾ ਨਹੀਂ ਕਰਦੇ ਸਨ। ਉਹਨਾਂ ਦਾ ਵਿਚਾਰ ਸੀ ਕਿ ਮੇਰੇ ਕਾਰਨ ਉਹਨਾਂ ਦੇ ਡੇਰੇ ਦੀ ਮਾਨਤਾ ਦੂਨੀ ਚੌਣੀ ਹੋ ਗਈ ਹੈ। ਇਹ ਗਲ ਹੈ ਵੀ ਹਕੀਕਤ ਸੀ।

ਆਮ ਲੋਕਾਂ ਦੀਆਂ ਰੋਜ਼ਮਰਾ ਜੀਵਨ ਵਿਚ ਕਈ ਸਮੱਸਿਆਵਾਂ ਹੁੰਦੀਆਂ ਹਨ। ਉਹਨਾਂ ਦੇ ਹੱਲ ਲਈ ਲੋਕ ਮੇਰੇ ਕੋਲ ਆਉਣ ਲਗੇ। ਮੈਂ ਉਹਨਾਂ ਨੂੰ ਯਕੀਨ ਦਿਵਾਉਂਦਾ ਸੀ ਕਿ ਮੇਰੇ ਅੰਦਰ ਰਿਧੀਆਂ ਸਿਧੀਆਂ ਹਨ, ਜਿਸ ਨਾਲ ਉਹਨਾਂ ਦੇ ਸਭ ਦੁਖ ਦੂਰ ਹੋ ਜਾਣਗੇ। ਕਈ ਕਰਤਬ ਮੈਂ ਉਹਨਾਂ ਦੇ ਸਾਹਮਣੇ ਦਿਖਾਂਦਾ ਸੀ।

ਉਹ ਬਹੁਤ ਪ੍ਰਭਾਵਤ ਹੁੰਦੇ ਅਤੇ ਮੇਰੇ ਮੁਰੀਦ ਬਣ ਜਾਂਦੇ। ਭਾਵੇਂ ਇਹ ਤਾਂਤਰਿਕ ਵਿਦਿਆ ਮੇਰੇ ਲਈ ਹਥਾਂ ਦੀ ਸਫਾਈ ਸੀ ਤੇ ਕਮਜ਼ੋਰ ਆਤਮਾਂ ਵਾਲੇ ਲੋਕ ਜਲਦੀ ਹੀ ਮੇਰੇ ਭਕਾਵੇ ਵਿਚ ਆ ਜਾਂਦੇ ਸਨ। ਤਾਂਤਰਿਕ ਸ਼ਕਤੀਆਂ ਨੂੰ ਉਹ ਅਧਿਆਤਮਿਕ ਸ਼ਕਤੀਆਂ ਸਮਝਦੇ ਸਨ। ਜਦੋਂ ਉਹਨਾਂ ਦੇ ਸਾਹਮਣੇ ਹੀ ਹੱਥਾਂ ਤੇ ਸਰੋਂ ਜਮਾਂ ਦਿੰਦਾ ਤਾਂ ਉਹ ਹੈਰਾਨੀ ਨਾਲ ਖੀਵੇ ਹੋ ਜਾਂਦੇ ਤੇ ਮੈਨੂੰ ਇਕ ਪਹੁੰਚਿਆ ਹੋਇਆ ਬੰਦਾ ਸਮਝਣ ਲਗਦੇ ਸਨ। ਮੇਰੇ ਆਉਣ ਨਾਲ ਡੇਰੇ ਦੀ ਮਾਨਤਾ ਦੂਣੀ ਤੀਣੀ ਹੋ ਗਈ ਸੀ। ਇਸ ਲਈ ਬਾਬੇ ਨਾਥ ਨੇ ਮੈਨੂੰ ਆਪਣਾ ਨਾਇਬ ਥਾਪ ਦਿੱਤਾ ਸੀ। ਜਿਵੇਂ ਕਿ ਅਗੇ ਹੁੰਦਾ ਆਇਆ ਸੀ। ਐਦਕੀਂ ਵੀ ਹੋਣੀ ਨਾ ਟਲੀ ਤੇ ਬਾਬਾ ਨਾਥ ਅਕਾਲ ਚਲਾਣਾ ਕਰ ਗਿਆ। ਡੇਰੇ ਦਾ ਨਾਇਬ ਹੋਣ ਕਰਕੇ, ਸਾਰੇ ਲੋਕ ਉਸਨੂੰ ਭਲੀਭਾਂਤ ਜਾਣਦੇ ਬੁਝਦੇ ਸਨ। ਜਦੋਂ ਮੈਂ ਡੇਰੇ ਦਾ ਮੁੱਖੀਆਂ ਬਣਿਆਂ ਤਾਂ ਮੈਨੂੰ ਕੋਈ ਦਿਕਤ ਨਾ ਆਈ। ਕਈ ਤਾਂ ਪਹਿਲਾਂ ਹੀ ਮੈਨੂੰ ਮੁਖੀਆ ਹੀ ਸਮਝਦੇ ਸਨ। ਡੇਰੇ ਵਿਚ ਸਭ ਤੋਂ ਪਹਿਲਾਂ ਮੈਨੂੰ ਹੀ ਮਿਲਦੇ ਸਨ। ਭਾਵੇਂ ਡੇਰੇ ਦੇ ਮੁਖੀਆ ਮੇਰੇ ਨਾਲੋਂ ਤੀਣੀ ਉਮਰ ਦੇ ਸਨ। ਉਹਨਾਂ ਵਿਚ ਬਹੁਤ ਸਾਰੇ ਮਨੁੱਖੀ ਗੁਣ ਸਨ ਪਰ ਲੋਕ ਤਾਂਤਰਿਕਾਂ ਵਲ ਵਧੇਰੇ ਖਿੱਚੇ ਜਾਂਦੇ ਹਨ। ਪਰ ਮੈਂ ਜਿਹਨੀ ਤੋਰ ਤੇ ਸਮਝਦਾ ਸੀ ਕਿ ਤਾਂਤਰਿਕ ਵਿਦਿਆ ਇਕ ਛਲਕੱਪਟ ਹੈ, ਜਦੋਂ ਕਿ ਅਧਿਆਤਮਿਕ ਵਿਦਿਆ ਇਕ ਹਕੀਕਤ ਹੈ। ਇਸ ਪੱਖ ਵਿਚ ਨਾਥ ਬਾਬਾ ਮੇਰੇ ਨਾਲੋਂ ਕਈ ਮੰਜ਼ਿਲਾਂ ਅਗੇ ਸੀ। ਇਸੇ ਲਈ ਮੈਂ ਉਹਨਾਂ ਦੀ ਤਹਿਦਿਲੋਂ ਇੱਜ਼ਤ ਕਰਦਾ ਸੀ। ਇਹੀ ਕਾਰਨ ਸੀ ਕਿ ਮੈਨੂੰ ਉਹਨਾਂ ਦੇ ਚਲਾਣੇ ਨਾਲ ਬਹੁਤ ਦੁਖ ਹੋਇਆ। ਉਹਨਾਂ ਨੇ ਤਾਂ ਮੇਰੇ ਵਰਗੇ ਫਿਰਤੂ ਬੰਦੇ ਉਪਰ ਯਕੀਨ ਕਰਕੇ ਮੇਰੀ ਸ਼ੋਭਾ ਵਿਚ ਵਾਧਾ ਕੀਤਾ ਸੀ। ਉਹ ਪਹਿਲਾ ਬੰਦਾ ਵੇਖਿਆ ਸੀ ਜਿਹੜਾ ਮੈਨੂੰ ਦਿਲੋਂ ਪਿਆਰ ਕਰਦਾ ਸੀ। ਉਸਦਾ ਸ਼ਾਇਦ ਮੁਖ ਕਾਰਨ ਇਹ ਸੀ ਕਿ ਮੈਂ ਕੋਈ ਗਲ ਲੁਕਾਕੇ ਨਹੀਂ ਰੱਖਦਾ ਸੀ। ਮੇਰੀ ਈਮਾਨਦਾਰੀ ਤੇ ਆਸਥਾ ਉਪਰ ਨਾਥ ਬਾਬੇ ਨੂੰ ਪੂਰਾ ਯਕੀਨ ਸੀ। ਇਕ ਕਾਰਨ ਹੋਰ ਵੀ ਸੀ। ਮੇਰੀਆਂ ਤਾਂਤਰਿਕ ਤੇ ਰਿਧੀਆਂ ਸਿਧੀਆਂ ਕਾਰਨ, ਡੇਰੇ ਵਿਚ ਯਾਤਰੂਆਂ ਤੇ ਸ਼ਰਧਾਲੂਆਂ ਦੀ ਗਿਣਤੀ ਪਹਿਲਾਂ ਨਾਲੋਂ ਕਈ ਗੁਣਾਂ ਵਧ ਗਈ ਸੀ ਤੇ ਚੜ੍ਹਾਵਾ ਵੀ ਚਾਰ ਪੰਜ ਗੁਣਾਂ ਵਧ ਗਿਆ ਸੀ।

ਮੈਂ ਪਹਿਲੀ ਵਾਰ ਸੰਨਿਆਸੀ ਹੁੰਦਿਆਂ ਵੀ ਠਾਠ ਦੀ ਜ਼ਿੰਦਗੀ ਬਤੀਤ ਕਰਨ ਲਗਾ। ਭਾਵੇਂ ਡੇਰੇ ਵਿਚ ਮੈਂ ਕਈ ਕਮਰੇ ਤੇ ਲੰਗਰ ਹਾਲ ਬਣਾਇਆ ਅਤੇ ਆਪਣੇ ਵਾਸਤੇ ਇਕ ਖ਼ਾਸ ਕਮਰਾ ਬਣਵਾਇਆ, ਜਿਸ ਵਿਚ ਚਿੱਟਾ ਪੱਥਰ ਲਗਵਾਇਆ ਗਿਆ ਤੇ ਡੇਰੇ ਦੀ ਇਕ ਨੁੱਕਰ ਵਿਚ ਨਾਥ ਬਾਬੇ ਦੀ ਮੂਰਤੀ ਵੀ ਬਣਵਾਈ ਗਈ। ਡੇਰੇ ਵਿਚ ਮੇਰੀ ਪੂਰੀ ਚਲਦੀ ਸੀ ਤੇ ਮੇਰੇ ਕੋਲੋਂ ਕੋਈ ਵੀ ਹਿਸਾਬ ਕਿਤਾਬ ਪੁੱਛਣ ਵਾਲਾ ਨਹੀਂ ਸੀ। ਹਰ ਰੋਜ਼ ਸੈਂਕੜੇ ਰੁਪੈ ਚੜ੍ਹਾਵਾ ਚੜ੍ਹਦਾ ਸੀ, ਜਿਸਨੂੰ ਜਾਂ ਤਾਂ ਮੈਂ ਡੇਰੇ ਦੇ ਵਿਕਾਸ ਦੇ ਕੰਮਾਂ ਤੇ ਲੱਗਾ ਦਿੰਦਾ ਸੀ ਤੇ ਜਾਂ ਫਿਰ ਗ਼ਰੀਬਾਂ ਵਿਚ ਦਾਨ ਕਰ

ਦਿੰਦਾ ਸੀ। ਡੇਰੇ ਵਿਚ ਭਾਵੇਂ ਬੜੇ ਬੜੇ ਧਨਾਢ ਲੋਕ ਵੀ ਆਪਣੀਆਂ ਸਮੱਸਿਆਵਾਂ ਲੈ ਕੇ ਪਹੁੰਚਦੇ ਸਨ ਤੇ ਉਹ ਡੇਰੇ ਨੂੰ ਦਿਲ ਖੋਹਲਕੇ ਦਾਨ ਕਰਦੇ ਸਨ ਪਰ ਫਿਰ ਵੀ ਮੈਨੂੰ ਇਹ ਲੋਕ ਚੰਗੇ ਨਹੀਂ ਲਗਦੇ ਸਨ। ਇਹ ਲੋਕ ਭਾਵੇਂ ਮੇਰੀ ਬਹੁਤ ਕਦਰ ਤੇ ਪ੍ਰਸੰਸਾ ਕਰਦੇ ਸਨ ਪਰ ਫਿਰ ਵੀ ਮੈਂ ਇਹਨਾਂ ਦੇ ਮਹਿਲਨੁਮਾ ਘਰਾਂ ਵਿਚ ਕਦੇ ਵੀ ਨਹੀਂ ਜਾਂਦਾ ਸੀ। ਇਸ ਦਾ ਕਾਰਨ ਇਹ ਸੀ ਕਿ ਇਹ ਲੋਕ ਆਪਣੇ ਹਿੱਤਾਂ ਤੇ ਸਵਾਰਥਾਂ ਕਾਰਨ ਮੇਰਾ ਸਤਿਕਾਰ ਕਰਦੇ ਸਨ ਤੇ ਬਾਅਦ ਵਿਚ ਇਹਨਾਂ ਲੋਕਾਂ ਨਾਲ ਮੇਰਾ ਸੰਬੰਧ ਫਿਕਾ ਪੈ ਜਾਦਾ ਸੀ। ਇਸਦੇ ਉਲਟ ਗ਼ਰੀਬ ਲੋਕ ਭਾਵੇਂ ਮਮੂਲੀ ਚੜ੍ਹਾਵਾ ਚੜ੍ਹਾਉਂਦੇ ਸਨ ਪਰ ਉਹਨਾਂ ਦੀ ਇਕ ਦੰਮੜੀ ਵੀ ਮੇਰੇ ਲਈ ਸੌ ਰੁਪੈ ਦੇ ਬਰਾਬਰ ਸੀ। ਇਹ ਲੋਕ ਰਾਤ ਦਿਨ ਮੇਰੇ ਅਗੇ ਪਿਛੇ ਫਿਰਦੇ ਰਹਿੰਦੇ ਸਨ ਤੇ ਮੇਰੀ ਤਨੋਂ ਮਨੋਂ ਸੇਵਾ ਕਰਦੇ ਸਨ।

ਮੇਰਾ ਜੀਵਨ ਆਮ ਤਿਆਗੀਆਂ ਜਾਂ ਬੈਰਾਗੀਆਂ ਵਾਲਾ ਜੀਵਨ ਨਹੀਂ ਸੀ। ਭਾਵੇਂ ਮੇਰਾ ਲਿਬਾਸ ਜੋਗੀਆਂ ਸਾਧਾਂ ਵਰਗਾ ਸੀ ਪਰ ਫਿਰ ਵੀ ਮੇਰੀਆਂ ਗਤੀ ਵਿਧੀਆਂ ਤੇ ਰੁਚੀਆਂ ਧਾਰਮਿਕ ਬੰਦਿਆਂ ਵਰਗੀਆਂ ਨਹੀਂ ਸਨ। ਜਦੋਂ ਕੋਈ ਗ਼ਰੀਬ ਸ਼ਰਧਾਲੂ ਮੇਰੇ ਨਾਲ ਦੁੱਖ ਸਾਂਝਾ ਕਰਦਾ ਤਾਂ ਮੈਂ ਉਸਦੀ ਵਿਥਿਆ ਬੜੇ ਧਿਆਨ ਨਾਲ ਸੁਣਦਾ ਸੀ। ਇਸ ਨਾਲ ਹੀ ਉਹ ਪ੍ਰਸੰਨ ਹੋ ਜਾਂਦਾ ਸੀ। ਮੈਂ ਹਰੇਕ ਗ਼ਰੀਬ ਆਦਮੀ ਨੂੰ ਜੋ ਮੇਰੇ ਡੇਰੇ ਵਿਚ ਪਹੁੰਚਦਾ ਸੀ, ਉਸਦੀ ਪੈਸੇ ਧੇਲੇ ਨਾਲ ਮਦਦ ਕਰਕੇ ਖ਼ੁਸ਼ ਹੁੰਦਾ ਸੀ। ਇਸ ਥੋੜ੍ਹੀ ਮਦਦ ਨਾਲ ਉਹ ਮੇਰੀਆਂ ਸਿਫਤਾਂ ਕਰਕੇ ਖ਼ੁਸ਼ ਹੁੰਦਾ ਸੀ। ਇਸ ਥੋੜ੍ਹੀ ਮਦਦ ਨਾਲ ਉਹ ਮੇਰੀਆਂ ਸਿਫ਼ਤਾਂ ਕਰਕੇ ਥਕਦੇ ਨਹੀਂ ਸਨ। ਮੈਂ ਕਈ ਵਾਰ ਉਹਨਾਂ ਦੇ ਘਰਾਂ ਵਿਚ ਵੀ ਚਲਾ ਜਾਂਦਾ ਸੀ। ਮੇਰੇ ਪ੍ਰੇਮੀਆਂ ਨੂੰ ਮੇਰੀ ਪੱਕੀ ਹਦਾਇਤ ਸੀ ਕਿ ਡੇਰੇ ਵਿਚ ਆਏ ਹਰੇਕ ਸ਼ਰਧਾਲੂ ਦੀ ਲੰਗਰ ਨਾਲ ਸੇਵਾ ਕਰਨੀ ਹੈ। ਉਹਨਾਂ ਨੂੰ ਦੁਧ, ਲੱਸੀ ਪਿਲਾਉਣੀ ਹੈ। ਪਰ ਮੇਰੇ ਵਿਚ ਇਕ ਪ੍ਰਵਿਰਤੀ ਸੀ ਕਿ ਮੈਂ ਅਮੀਰ ਤੇ ਤਗੜੇ ਬੰਦਿਆਂ ਨੂੰ ਤੰਗ ਕਰਕੇ ਬਹੁਤ ਖ਼ੁਸ਼ ਹੁੰਦਾ ਹਾਂ। ਮੇਰੀ ਮਸ਼ਹੂਰੀ ਸੁਣਕੇ ਜਦੋਂ ਕੋਈ ਅਮੀਰਜ਼ਾਦਾ, ਘੁਮੰਡਪੁਣੇ ਨਾਲ ਮੇਰੇ ਡੇਰੇ ਆਉਂਦਾ ਤਾਂ ਮੈਂ ਉਸਨੂੰ ਕਈ ਤਰਾਂ ਪਰੇਸ਼ਾਨ ਕਰਦਾ ਸੀ। ਉਹਨਾਂ ਦਾ ਘੋੜਾ ਗੁੰਮ ਕਰ ਦਿੰਦਾ ਜਾਂ ਉਹਨਾਂ ਨੂੰ ਕੁਰਾਹੇ ਪਾ ਦਿੰਦਾ। ਉਹਨਾਂ ਨੂੰ ਗੁਮਰਾਹ ਕਰਕੇ ਮੈਨੂੰ ਬਹੁਤ ਖ਼ੁਸ਼ੀ ਮਿਲਦੀ ਸੀ। ਇਹ ਪ੍ਰਵਿਰਤੀ ਕਈ ਦਫਾ ਮੈਨੂੰ ਵੀ ਚੰਗੀ ਨਹੀਂ ਸੀ ਲਗਦੀ ਪਰੰਤੂ ਮੈਂ ਆਪਣੀ ਆਦਤ ਤੋਂ ਮਜ਼ਬੂਰ ਸੀ। ਇਸ ਔਗੁਣ ਦਾ ਕਾਰਨ ਸ਼ਾਇਦ ਇਹ ਵੀ ਸੀ ਕਿ ਬਚਪਨ ਵਿਚ ਜ਼ਿਮੀਦਾਰ ਤੇ ਜਗੀਰਦਾਰਾ ਲੋਕ ਆਮ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਸਨ। ਉਹਨਾਂ ਨੂੰ ਨਿੱਕੇ ਮੋਟੇ ਕਸੂਰ ਕਾਰਨ ਸਖ਼ਤ ਤੇ ਗ਼ੈਰ ਇਨਸਾਨੀ ਸਜ਼ਾਵਾਂ ਦੇਕੇ ਖ਼ੁਸ਼ ਹੁੰਦੇ ਸਨ। ਉਹਨਾਂ ਨੂੰ ਜਲੀਲ ਤੇ ਬੇਇਜ਼ਤ ਕਰਕੇ ਉਹਨਾਂ ਨੂੰ ਰੂਹਾਨੀ ਖ਼ੁਸ਼ੀ ਮਿਲਦੀ ਸੀ। ਸ਼ਾਇਦ ਇਹ ਸਿਮਰਤੀ ਹੀ ਅਜ ਮੇਰੇ ਵਿਹਾਰ ਵਿਚ ਪ੍ਰਵੇਸ਼ ਕਰਕੇ ਉਹਨਾਂ ਕੋਲੋਂ ਬਦਲਾ ਲੈ ਰਹੀ ਸੀ। ਸ਼ਾਇਦ ਇਹ ਸੱਚ ਸੀ।

ਹੁਣ ਮੇਰੇ ਕੋਲ ਸ਼ੋਹਰਤ ਸੀ, ਦੌਲਤ ਸੀ ਅਤੇ ਸ਼ਕਤੀ ਸੀ। ਸਾਰਾ ਦਿਨ ਲੋਕ ਮੈਨੂੰ ਬਾਬਾ ਜੀ ਬਾਬਾ ਜੀ ਕਹਿੰਦੇ ਨਹੀਂ ਸਨ ਥਕਦੇ। ਬੰਦੇ ਨੂੰ ਹੋਰ ਕੀ ਚਾਹੀਦਾ ਹੈ? ਕਿਹੜੀ ਸ਼ੈਅ ਦੀ ਮੇਰੇ ਕੋਲ ਘਾਟ ਸੀ? ਜੋ ਵੀ ਮੈਂ ਚਾਹੁੰਦਾ ਸੀ, ਅਕਾਲ ਪੁਰਖ ਨੇ ਮੇਰੇ ਹਵਾਲੇ ਕਰ ਰਖਿਆ ਸੀ। ਕਈ ਅਮੀਰਜ਼ਾਦੇ ਤੇ ਜ਼ਿੰਮੀਦਾਰ ਮੇਰੇ ਦਰਸ਼ਨਾਂ ਨੂੰ ਤਰਸਦੇ ਸਨ ਤੇ ਮੈਨੂੰ ਆਪਣਾ ਸਵਾਮੀ ਸਮਝ ਸਭ ਕੁਝ ਹਵਾਲੇ ਕਰਨ ਲਈ ਤਿਆਰ ਸਨ। ਮੇਰੇ ਡੇਰੇ ਦੀ ਮਾਨਤਾ ਤੇ ਰੌਣਕ ਵੇਖਕੇ, ਦੂਜੇ ਡੇਰਿਆਂ ਵਾਲੇ ਮੇਰੇ ਨਾਲ ਈਰਖਾ ਕਰਦੇ ਸਨ। ਉਹ ਸੋਚਦੇ ਸਨ ਕਿ ਇਹ ਜਿਹੜੇ ਕੰਮ ਨੂੰ ਹੱਥ ਪਾਉਂਦਾ ਹੈ ਇਸਦੀਆਂ ਪੌਂਅ ਬਾਰਾਂ ਹੁੰਦੀਆਂ ਹਨ। ਪਰ ਜੇਕਰ ਮੇਰੇ ਕੋਲੋਂ ਪੁਛਿਆ ਜਾਵੇ ਤਾਂ ਮੈਂ ਹਾਲੇ ਵੀ ਆਪਣੇ ਆਪ ਨਾਲ ਅਸੰਤੁਸ਼ਟ ਸੀ। ਸਾਰੀ ਦਿਹਾੜੀ ਤਾਂ ਸ਼ਰਧਾਲੂਆਂ ਵਿਚ ਕਟ ਜਾਂਦੀ ਸੀ ਪਰੰਤੂ ਜਦੋਂ ਰਾਤ ਵੇਲੇ ਮੈਂ ਸੌਣ ਲਈ ਆਪਣੇ ਕਮਰੇ ਵਿਚ ਜਾਂਦਾ ਸੀ ਤਾਂ ਅਜੀਬ ਸੋਚਾਂ ਮੈਨੂੰ ਘੇਰ ਲੈਂਦੀਆਂ ਸਨ। ਮੈਂ ਕਈ ਕਈ ਘੜੀਆਂ ਆਪਣੇ ਆਪ ਨਾਲ ਗਲਾਂ ਕਰਦਾ ਰਹਿੰਦਾ ਸੀ। ਸਵਾਲ ਵੀ ਮੇਰੇ ਤੇ ਜਵਾਬ ਵੀ ਮੇਰੇ।

ਮੈਨੂੰ ਭਾਸਦਾ ਸੀ ਕਿ ਹਾਲੇ ਮੈਂ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਿਆ। ਲੋਕਾਂ ਲਈ ਇਹ ਸ਼ਾਨਦਾਰ ਮੰਜ਼ਿਲ ਹੋਵੇਗੀ ਪਰੰਤੂ ਮੇਰੀ ਰੂਹ ਅਜੇ ਵੀ ਪਿਆਸੀ ਸੀ। ਕਦੀ ਕਦੀ ਮੈਂ ਸੋਚਦਾ ਕਿ ਮੈਨੂੰ ਸਭ ਕੁਝ ਤਿਆਗ ਕੇ ਈਸ਼ਵਰ ਦੀ ਭਗਤੀ ਵਲ ਵਿਅਸਤ ਹੋ ਜਾਣਾ ਚਾਹੀਦਾ ਹੈ। ਸੰਸਾਰ ਦੀਆਂ ਖ਼ੁਸ਼ੀਆਂ ਤੇ ਰੰਗ ਰਲੀਆਂ ਵਿਚ ਮੈਨੂੰ ਕੋਈ ਦਮ ਨਹੀਂ ਦਿਸਦਾ ਸੀ। ਸਾਰੀ ਦੁਨੀਆਂ ਲੋਭ, ਲਾਭ ਤੇ ਸਵਾਰਥ ਪਿੱਛੇ ਦੀਵਾਨੀ ਹੋਈ ਪਈ ਸੀ। ਮਨੁੱਖੀ ਰਿਸ਼ਤਿਆਂ ਵਿਚ ਵੀ ਖਟਾਸ ਤੇ ਹਉਮੈ ਦੀ ਦੁਰਗੰਧ ਨਜ਼ਰ ਆਉਂਦੀ ਸੀ। ਹਰ ਕੋਈ ਭਾਵੇਂ ਜਿੰਨੀ ਮਰਜ਼ੀ ਨੌਟੰਕੀ ਕਰ ਰਿਹਾ ਹੋਵੇ, ਆਖ਼ਿਰਕਾਰ ਉਸਨੂੰ ਆਪਣੇ ਹੀ ਹਿੱਤ ਪਿਆਰੇ ਹੁੰਦੇ ਹਨ। ਜੇਕਰ ਕੋਈ ਰਿਸ਼ਤਾ ਉਸਨੂੰ ਪੁਖਤਾ ਲਗਦਾ ਤਾਂ ਉਹ ਮਾਂ ਦਾ ਸੀ। ਮਾਂ ਦਾ ਪਿਆਰ ਬਹੁਤ ਤੀਬਰ ਤੇ ਡੂੰਘਾ ਹੁੰਦਾ ਹੈ ਪਰ ਮਾਂ ਕੋਲ ਵੀ ਹਮੇਸ਼ਾਂ ਨਹੀਂ ਰਿਹਾ ਜਾ ਸਕਦਾ। ਮੈਂ ਮਹਿਸੂਸ ਕਰਦਾ ਸੀ ਕਿ ਕੁਦਰਤ ਨੇ ਮੈਨੂੰ ਇਕ ਵਿਸ਼ੇਸ਼ ਕਾਰਜ ਲਈ ਸੰਸਾਰ ਵਿਚ ਭੇਜਿਆ ਹੈ। ਉਹ ਵਿਸ਼ੇਸ਼ ਕਾਰਜ ਕੀ ਸੀ? ਮੇਰੀ ਪਕੜ ਵਿਚ ਨਹੀਂ ਸੀ ਆ ਰਿਹਾ।

ਕਦੀ ਕਦੀ ਮੈਂ ਰਾਤ ਵੇਲੇ ਸੁਪਨਾ ਲੈਂਦਾ ਤਾਂ ਮੈਂ ਕਿਸੇ ਮੁਲਕ ਦਾ ਬਾਦਸ਼ਾਹ ਬਣਿਆ ਹੁੰਦਾ ਸੀ। ਮੇਰੇ ਵਜ਼ੀਰਾਂ ਤੇ ਅਹਿਲਕਾਰਾਂ ਨੇ ਮੈਨੂੰ ਝੁਰਮਟ ਪਾਇਆ ਏ। ਮੈਂ ਕਿਸੇ ਅਹਿਮ ਕਾਰਜ ਵਿਚ ਉਹਨਾਂ ਦਾ ਸਲਾਹ ਮਸ਼ਵਰਾ ਲੈ ਰਿਹਾ ਹਾਂ। ਕਦੀ ਮੈਂ ਆਪਣੇ ਜਰਨੈਲਾਂ ਨਾਲ ਨਵੇਂ ਮੁਲਕ ਜਿੱਤਣ ਦੀਆਂ ਸਲਾਹਾਂ ਕਰ ਰਿਹਾ ਹਾਂ। ਮੇਰੇ ਫੈਸਲੇ ਤੇ ਮੋਹਰ ਲਗਾਕੇ, ਮੇਰੀ ਜੈ ਜੈ ਕਾਰ ਹੋ ਰਹੀ ਹੈ। ਇਸੇ ਹੀ ਸੁਪਨੇ ਵਿਚ ਮੇਰੀਆਂ ਮਹਾਰਾਣੀਆਂ ਮੇਰੇ ਹਰਮ ਵਿਚ ਬੈਠੀਆਂ ਮੇਰੇ ਨਾਲ ਕਲੋਲ ਕਰ ਰਹੀਆਂ ਹਨ। ਇਕ ਨੂੰ ਚੁੱਕਕੇ ਮੈਂ ਤਲਾਅ ਵਿਚ ਸੁੱਟ ਦਿੰਦਾ ਹਾਂ। ਉਹ ਜਦੋਂ ਡੁਬਦੀ ਤਰ ਦੀ

ਬਾਹਿਰ ਕੰਢੇ ਲਗਦੀ ਹੈ ਤਾਂ ਮੈਨੂੰ ਬੜੀ ਖ਼ੁਸ਼ੀ ਮਿਲਦੀ ਹੈ। ਮੇਰਾ ਹਰ ਦਿਨ ਈਦ ਤੇ ਹਰ ਰਾਤ ਦੀਵਾਲੀ ਵਾਂਗ ਗੁਜ਼ਰਦੀ ਹੈ। ਪਰੰਤੂ ਜਦੋਂ ਇਹ ਸੁਪਨਾ ਟੁਟਦਾ ਹੈ ਤਾਂ ਮੈਂ ਫਿਰ ਰਾਮ ਦੇ ਸਾਗਰ ਵਿਚ ਤਾਰੀਆਂ ਲੌਣ ਲਗਦਾ ਹਾਂ। ਕਈ ਕਈ ਪਲ ਮੈਨੂੰ ਨੀਂਦ ਨਹੀਂ ਆਉਂਦੀ। ਇਸ ਆਲਮ ਵਿਚ ਜਦੋਂ ਮੈਂ ਫਿਰ ਗਮ ਦੇ ਸਾਗਰ ਵਿਚ ਤਾਰੀਆਂ ਲੌਣ ਲਗਦਾ ਹਾਂ! ਇਸ ਆਲਮ ਵਿਚ ਜਦੋਂ ਮੈਂ ਸਵੇਰੇ ਉੱਠਦਾ ਹਾਂ ਤਾਂ ਮੇਰਾ ਸਿਰ ਭਾਰਾ ਹੁੰਦਾ ਹੈ। ਉਠਕੇ ਜਦੋਂ ਮੈਂ ਆਪਣੇ ਸ਼ਰਧਾਲੂਆਂ ਵਿਚ ਵਿਚਰਦਾ ਹਾਂ ਤਾਂ ਹੌਲੀ ਹੌਲੀ ਮੇਰਾ ਸਿਰ ਠੀਕ ਹੁੰਦਾ ਹੈ। ਮੈਂ ਬਥੇਰਾ ਆਪਣੇ ਆਪ ਨਾਲ ਗੱਲਾਂ ਬਾਤਾਂ ਕੀਤੀਆਂ ਹਨ ਤੇ ਆਪਣੇ ਮਨ ਨੂੰ ਖੰਗਾਲਿਆ ਹੈ ਪਰ ਮੇਰੀ ਦੁਬਧਾ, ਅਨਿਸਚਿਤਤਾ ਤੇ ਪਰੇਸ਼ਾਨੀ ਦੂਰ ਨਾ ਹੋਈ। ਏਹ ਵੀ ਕੋਈ ਜੀਵਨ ਹੈ? ਲੋਕਾਂ ਨਾਲ ਕੁਝ ਤਾਂਤਰਿਕ ਕਲਾਬਾਜ਼ੀਆਂ ਕਰਕੇ, ਉਹਨਾਂ ਦੀਆਂ ਭਾਵਨਾਵਾਂ ਦਾ ਮਜ਼ਾਕ ਉਡਾਉਣਾ ਤੇ ਉਹਨਾਂ ਦਾ ਮਾਨਸਿਕ ਸ਼ੋਸ਼ਣ ਕਰਨਾ। ਇਹ ਜੀਵਨ ਛਲ ਕਪੱਟ ਵਾਲਾ ਹੈ ਜਿਸ ਵਿਚ ਭੋਲੇ ਭਾਲੇ ਲੋਕਾਂ ਦੀ ਸ਼ਰਧਾ ਤੇ ਭਾਵਨਾ ਨਾਲ ਖਿਲਵਾੜ ਕੀਤਾ ਜਾਂਦਾ ਹੈ। ਮੈਂ ਅਜਿਹੇ ਜੀਵਨ ਨਾਲ ਹਰਗਿਜ਼ ਸਮਝੌਤਾ ਨਹੀਂ ਕਰ ਸਕਦਾ ਸੀ। ਭਾਵੇਂ ਸਾਰਾ ਦਿਨ ਲੋਕਾਂ ਵਿਚ ਵਿਚਰਦਿਆਂ ਮੈਂ ਹਰ ਵਕਤ ਹੱਸਦਾ ਖੇਡਦਾ ਨਜ਼ਰ ਪੈਂਦਾ ਸੀ। ਗਲ ਕੀ ਮੈਂ ਆਪਣੇ ਮੌਜੂਦਾ ਜੀਵਨ ਨਾਲ ਬਿਲਕੁਲ ਸੰਤੁਸ਼ਟ ਨਹੀਂ ਸੀ ਤੇ ਕਿਸੇ ਬਦਲਾਅ ਦੀ ਇੰਤਜ਼ਾਰ ਵਿਚ ਸੀ। ਇਹ ਬਦਲਾਅ ਜਾਂ ਕ੍ਰਾਂਤੀ ਕਦ ਆਵੇਗੀ? ਇਸ ਬਾਰੇ ਮੈਨੂੰ ਕੋਈ ਇਲਮ ਨਹੀਂ ਸੀ। ਜਦ ਮੈਂ ਲੋਕਾਂ ਵਿਚ ਹੁੰਦਾ ਸੀ ਤਾਂ ਮੈਨੂੰ ਆਪਣੇ ਸਾਰੇ ਦੁਖ ਕਲੇਸ਼ ਤੇ ਦੁਬਧਾਵਾਂ ਵਿਸਰੀਆਂ ਰਹਿੰਦੀਆਂ ਸਨ ਤੇ ਮੈਂ ਰੌਣਕਾਂ ਵਿਚ ਵਿਚਰਦਾ ਹੋਇਆ, ਆਪਣੇ ਆਪ ਨੂੰ ਖ਼ੁਸ਼ਨਸੀਬ ਸਮਝਦਾ ਸੀ ਪਰ ਤਰਕਾਲਾਂ ਪੈਂਦਿਆਂ ਹੀ ਮੈਂ ਭਵਿੱਖ ਦੇ ਹਨੇਰਿਆਂ ਵਿਚ ਭਟਕਣ ਲਗਦਾ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਕਿਥੇ ਜਾਵਾਂ ਕੀ ਕਰਾਂ? ਸ਼ਾਇਦ ਮੇਰੀ ਆਤਮਾਂ ਕਿਸੇ ਅਗਮੀ ਚਮਤਕਾਰ ਦੀ ਉਡੀਕ ਵਿਚ ਸੀ।

ਦੂਜਾ ਕਾਂਡ

ਇਕ ਰਾਤ ਮੈਨੂੰ ਸੁਪਨਾ ਆਇਆ। ਸੁਪਨੇ ਵਿਚ ਹਜ਼ਾਰਾਂ ਫੌਜੀਆਂ ਦਾ ਸਮੂਹ ਮੇਰੇ ਆਸ਼ਰਮ ਦੇ ਦਰਵਾਜੇ ਬਾਹਰ ਖੜਾ ਹੈ। ਉਹਨਾਂ ਵਿਚੋਂ ਉਹਨਾਂ ਦਾ ਇਕ ਮੁੱਖੀ ਸਾਡੇ ਆਸ਼ਰਮ ਵਿਚ ਪ੍ਰਵੇਸ਼ ਕਰਦਾ ਹੈ ਤੇ ਮੈਨੂੰ ਮਿਲਣ ਦੀ ਇੱਛਾ ਪ੍ਰਗਟ ਕਰਦਾ ਹੈ। ਮੇਰੇ ਸੇਵਾਦਾਰ ਮੈਨੂੰ ਇਸ ਦੀ ਇਤਲਾਹ ਦਿੰਦੇ ਹਨ। ਮੈਂ ਉਹਨਾਂ ਨੂੰ ਪੁਛਦਾ ਹਾਂ ਕਿ ਕੌਣ ਆਇਆ ਹੈ? ਉਹਨਾਂ ਕਿਹਾ, ਮਹਾਂਰਾਜ ਅਸੀਂ ਉਸਨੂੰ ਬਿਲਕੁਲ ਨਹੀਂ ਪਛਾਣਦੇ। ਉਹ ਪਹਿਲਾਂ ਕਦੀ ਏਥੇ ਨਹੀਂ ਆਇਆ ਮੈਂ ਉਸ ਨੂੰ ਮਿਲਣ ਦੀ ਜਕੋ ਤਕੀ ਵਿਚ ਹਾਂ। ਅੱਧੀ ਰਾਤ ਵੇਲੇ ਕੋਈ ਦੋਸਤ ਵੀ ਹੋ ਸਕਦਾ ਹੈ ਪਰ ਦੁਸ਼ਮਣ ਵੀ ਹੋ ਸਕਦਾ ਹਾਂ। ਏਨੇ ਵਿਚ ਸਾਡੇ ਆਸ਼ਰਮ ਦਾ ਨਗਾਰਾ ਵਜਦਾ ਹੈ ਤੇ ਮੇਰੀ ਨੀਂਦਰ ਖੁਲ ਜਾਂਦੀ ਹੈ। ਮੈਂ ਕਿੰਨੀ ਦੇਰ ਇਸ ਸੁਪਨੇ ਦੇ ਨਿਰਾਲੇਪਣ ਬਾਰੇ ਸੋਚਦਾ ਰਿਹਾ ਤੇ ਫਿਰ ਉਜਲ ਵਾਟੇ ਭੰਨਦਾ ਫਿਰ ਸੌ ਗਿਆ। ਸਵੇਰੇ ਉਠਕੇ ਮੈਂ ਆਪਣਾ ਨਿਤਨੇਮ ਕੀਤਾ ਤੇ ਇਸ਼ਨਾਨ ਕਰਨ ਗੋਦਾਵਰੀ ਕਿਨਾਰੇ ਚਲਾ ਗਿਆ। ਮੇਰੇ ਸੇਵਕਾਂ ਮੈਨੂੰ ਦਸਿਆ ਕਿ ਉਸ ਦਿਨ ਇਕ ਸ਼ਰਧਾਲੂ ਨੇ ਆਪਣੇ ਬੇਟੇ ਦੀ ਸ਼ਾਦੀ ਤੇ ਬੁਲਾਇਆ ਹੈ। ਉਹ ਸ਼ਰਧਾਲੂ ਮੈਨੂੰ ਬਹੁਤ ਪਿਆਰਾ ਸੀ। ਮੈਂ ਆਪਣੇ ਕੁਝ ਸੇਵਕਾਂ ਨਾਲ ਉਥੇ ਪੁੱਜ ਗਿਆ। ਵਿਆਹ ਦੀਆਂ ਰਸਮਾਂ ਹਾਲੇ ਚੱਲ ਰਹੀਆਂ ਸਨ ਕਿ ਉਸ ਵਕਤ ਮੇਰੇ ਡੇਰੇ ਤੋਂ ਮੇਰੇ ਦੋ ਸੇਵਕ ਕਾਹਲੀ ਨਾਲ ਮੇਰੇ ਕੋਲ ਆਏ ਤੇ ਕਹਿਣ ਲਗੇ, ਬਾਬਾ ਜੀ, ਆਪਣੇ ਡੇਰੇ ਉਪਰ ਫੌਜ ਆਈ ਏ। ਉਹਨਾਂ ਸਭਨਾਂ ਨੇ ਲੰਮੀਆਂ ਲੰਮੀਆਂ ਦਾਹੜੀਆਂ ਮੁੱਛਾਂ ਰੱਖੀਆਂ ਨੇ। ਉਹ ਮੁਸਲਮਾਨ ਵੀ ਨਹੀਂ ਲਗਦੇ। ਉਹ ਕਹਿੰਦੇ ਹਨ ਕਿ ਉਹ ਪੰਜਾਬ ਤੋਂ ਆਏ ਹਨ। ਉਹਨਾਂ ਨੇ ਆਉਂਦਿਆਂ ਹੀ ਸਾਰੇ ਡੇਰੇ ਨੂੰ ਘੇਰ ਲਿਆ ਹੈ। ਜਾਨਵਰਾਂ ਦੇ ਵਾੜੇ ਵਿਚੋਂ ਉਹਨਾਂ ਨੇ ਚਾਰ ਬਕਰੇ ਮਾਰ ਮੁਕਾਏ ਹਨ ਤੇ ਉਹਨਾਂ ਦਾ ਮਾਸ ਖਾਣ ਲਈ ਚੁਲਿਆਂ ਉੱਪਰ ਰੱਖ ਦਿੱਤਾ ਹੈ। ਸਭ ਤੋਂ ਵੱਡਾ ਪਾਪ ਉਹਨਾਂ ਇਹ ਕੀਤਾ ਹੈ ਕਿ ਉਹ ਆਪ ਦੇ ਪਲੰਘ ਉਪਰ ਬੈਠ ਗਏ ਹਨ। ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੇ। ਸਾਰੇ ਸ਼ਰਧਾਲੂ ਦਹਿਸ਼ਤ ਵਿਚ ਹਨ ਤੇ ਕਈ ਤਾਂ ਡੇਰਾ ਛੱਡਕੇ ਦੌੜ ਗਏ ਹਨ। ਜਲਦੀ ਆਓ ਨਹੀਂ ਤਾਂ ਹੋਰ ਅਨੱਰਥ ਹੋਣਗੇ। ਉਹਨਾਂ ਨੂੰ ਰੋਕੋ ਤੇ ਭਸਮ ਕਰ ਦਿਉ।

ਇਹ ਸੁਣਕੇ ਮੈਂ ਵੀ ਭੈਭੀਤ ਹੋ ਗਿਆ। ਮੈਂ ਰਾਹ ਵਿਚ ਆਉਂਦਿਆਂ ਇਹ ਸੋਚ ਰਿਹਾ ਸੀ ਕਿ ਅਜਿਹੀ ਗੁਸਤਾਖੀ ਕਰਨ ਵਾਲੇ ਕੌਣ ਹੋਣਗੇ? ਮੈਂ ਸੋਚਦਾ ਸੀ ਕਿ ਮੈਂ

ਮਰਾਠਾ ਫੌਜ ਵਿਚੋਂ ਭਗੌੜਾ ਸੀ। ਸ਼ਾਇਦ ਉਹ ਹੀ ਮੈਨੂੰ ਫੜਨ ਆਏ ਹੋਣ। ਉਹ ਤਾਂ ਦਾਹੜੀਆਂ ਮੁੱਛਾਂ ਤੇ ਕੇਸਾਂ ਪਗੜੀਆਂ ਵਾਲੇ ਹਨ। ਇਸ ਲਈ ਉਹ ਮਰਾਠਾ ਫੌਜੀ ਨਹੀਂ ਹੋ ਸਕਦੇ। ਕਦੀ ਮੈਂ ਸੋਚਦਾ ਕਿ ਉਹ ਬਾਬਾ ਲੋਨੀ ਦੇ ਡੇਰੇ ਵਾਲੇ, ਮਰਾਠਾ ਫੌਜ ਦੀ ਸਹਾਇਤਾ ਨਾਲ ਮੇਰੇ ਡੇਰੇ ਨੂੰ ਬਰਬਾਦ ਕਰਨ ਆਏ ਹੋਣਗੇ। ਇਸ ਤਰ੍ਹਾਂ ਮੇਰੇ ਮਨ ਵਿਚ ਕਿਆਸ ਅਰਾਈਆਂ ਚਲ ਰਹੀਆਂ ਸਨ। ਏਨੇ ਨੂੰ ਸਾਡਾ ਡੇਰਾ ਨਜ਼ਦੀਕ ਆ ਗਿਆ। ਕੁਝ ਲੋਕ ਡੇਰੇ ਤੋਂ ਬਾਹਰ ਖੜੇ ਆਪਸ ਵਿਚ ਗੱਲਾਂ ਬਾਤਾਂ ਕਰ ਰਹੇ ਸਨ। ਇਹਨਾਂ ਵਲ ਵੇਖਕੇ ਮੈਨੂੰ ਇਹ ਯਕੀਨ ਹੋ ਗਿਆ ਕਿ ਇਹ ਮਰਾਠੀ ਫੌਜ ਦੇ ਬੰਦੇ ਨਹੀਂ ਹਨ। ਇਹ ਤਾਂ ਪੰਜਾਬ ਦੇ ਸਿੱਖਾਂ ਨਾਲ ਰੱਲਦੇ ਮਿਲਦੇ ਹਨ।

ਸਾਨੂੰ ਘੋੜਿਆਂ ਤੇ ਆਉਂਦਿਆਂ ਵੇਖਕੇ ਇਹ ਲੋਕ ਚੁਕੰਨੇ ਹੋ ਗਏ। ਅਸੀਂ ਘੋੜਿਆਂ ਤੋਂ ਉਤਰੇ ਤੇ ਡੇਰੇ ਅੰਦਰ ਚਲੇ ਗਏ ਅੰਦਰ ਸੈਂਕੜਿਆਂ ਦੀ ਗਿਣਤੀ ਵਿਚ ਇਹ ਲੋਕ ਨਜ਼ਰ ਆ ਰਹੇ ਸਨ। ਮੇਰੇ ਸ਼ਰਧਾਲੂ ਤਾਂ ਕਿਧਰੇ ਨਜ਼ਰ ਨਹੀਂ ਆ ਰਹੇ ਸਨ। ਮੈਂ ਅੰਦਰੋਂ ਡਰਿਆ ਹੋਇਆ ਸੀ। ਇਸੇ ਹਾਲਤ ਵਿਚ ਮੈਂ ਆਪਣੇ ਪਲੰਘ ਵਾਲੇ ਕਮਰੇ ਵਿਚ ਪਹੁੰਚਿਆਂ। ਉਥੇ ਪਲੰਘ ਉਪਰ ਇਕ ਨਿਰਾਲੀ ਸੂਰਤ ਵਾਲਾ ਇਕ ਰੋਹਬਦਾਰ ਸ਼ਕਸ ਬੈਠਾ ਸੀ। ਮੈਂ ਆਪਣੀਆਂ ਸ਼ਕਤੀਆਂ ਨਾਲ ਉਸਦੇ ਪਲੰਘ ਨੂੰ ਉਲਟਾਣਾ ਚਾਹਿਆ। ਕਈ ਰਿਧੀਆਂ ਸਿਧੀਆਂ ਦਾ ਪ੍ਰਯੋਗ ਕਰਕੇ ਉਸ ਸ਼ਕਸ਼ ਨੂੰ ਭੁੰਜੇ ਸੁਟਣ ਦੀ ਨਾਕਾਮ ਕੋਸ਼ਿਸ਼ ਕੀਤੀ। ਪਰ ਉਹ ਅਡੋਲ ਤੇ ਅਚਿੰਤ ਹੋਕੇ ਮੁਸਕਾਰਈ ਜਾ ਰਿਹਾ ਸੀ। ਜਦੋਂ ਮੇਰੀ ਸਾਰੀ ਤਾਂਤਰਿਕ ਵਿਦਿਆ ਨਾਕਾਮ ਹੋ ਗਈ ਤਾਂ ਮੈਂ ਹਥਿਆਰ ਸੁੱਟ ਦਿੱਤੇ ਤੇ ਆਖਿਆ, ਜਨਾਬ ਤੁਸੀਂ ਕੌਣ ਹੋ?"

ਗੁਰੂ ਗੋਬਿੰਦ ਸਿੰਘ ਜੀ : ਮੈਂ ਉਹੀ ਹਾਂ ਜਿਸਨੂੰ ਤੂੰ ਜਾਣਦਾ ਹੈ? ਆਪਾਂ ਪਹਿਲਾਂ ਵੀ ਕਿਧਰੇ ਮਿਲ ਚੁੱਕੇ ਹਾਂ

ਮੈਂ ਮਾਧੋ ਦਾਸ: ਮੈਨੂੰ ਕੋਈ ਯਾਦ ਨਹੀਂ ਆ ਰਿਹਾ। ਸ਼ਾਇਦ ਆਪ ਨੂੰ ਭੁਲੇਖਾ ਲਗਾ ਹੈ ਮੈਂ ਆਪ ਨੂੰ ਕਦੀ ਨਹੀਂ ਮਿਲਿਆ।

ਗੁਰੂ ਜੀ : ਵਿਚਾਰਕੇ ਵੇਖ। ਆਪਣੇ ਮਨ ਨੂੰ ਅਤੀਤ ਵਲ ਕਰਕੇ ਵੇਖ। ਤੈਨੂੰ ਆਪੇ ਯਾਦ ਆ ਜਾਵੇਗਾ।

ਮੈਂ ਮਾਧੋ ਦਾਸ : ਕੁਝ ਚਿਰ ਸੋਚ ਵਿਚਾਰਨ ਬਾਅਦ ਕਿਧਰੇ ਆਪ ਗੁਰੂ ਗੋਬਿੰਦ ਸਿੰਘ ਤਾਂ ਨਹੀਂ? ਜਿਨਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਜੰਞੂ ਤੇ ਤਿਲਕ ਦੀ ਖਾਤਿਰ ਦਿਲੀ ਵਿਚ ਸ਼ਹੀਦ ਹੋਏ ਸਨ, ਜੋ....।

ਗੁਰੂ ਜੀ : ਹਾਂ ਤੂੰ ਠੀਕ ਕਹਿੰਦਾ ਏਂ।

ਮਾਧੋ ਦਾਸ : ਤੁਸੀਂ ਮਹਾਰਾਜ ਏਥੇ ਕਿਵੇਂ ਆਏ ਹੋ?

ਗੁਰੂ ਜੀ: ਮੈਂ ਤੈਨੂੰ ਸਿੱਖ ਬਣਾਉਣ ਆਇਆ ਹਾਂ। ਆਪਣਾ ਸਿੱਖ।

ਮਾਧੋ ਦਾਸ : ਗੁਰੂ ਜੀ ਮੈਨੂੰ ਮੁਆਫ ਕਰਨਾ। ਇਹ ਕਹਿਕੇ ਮੈਂ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਮੈਂ ਇਸ ਘਰ ਦਾ ਤਨੋਂ ਮਨੋ ਸਤਿਕਾਰ ਕਰਦਾ ਹਾਂ। ਮੈਨੂੰ

ਆਪਣੇ ਚਰਨਾਂ ਵਿਚ ਜਗਾ ਦਿਉ। ਮੈਂ ਅਜ ਤੋਂ ਆਪ ਦੇ ਸਮਰਪਤ ਹਾਂ। ਮੈਂ ਆਪ ਦਾ ਬੰਦਾ ਹਾਂ।

ਗੁਰੂ ਜੀ : ਮਾਧੋਦਾਸ ਤੁਸੀਂ ਦੁਖੀ ਹੋ ਕੇ ਅਸਾਂ ਜਾਨਵਰ ਮਾਰੇ ਹਨ। ਮੈਨੂੰ ਪਤਾ ਸੀ ਕਿ ਇਹ ਵੈਸ਼ਨੋ ਸਾਧੂਆਂ ਦਾ ਡੇਰਾ ਹੈ। ਏਸੇ ਲਈ ਅਸੀਂ ਜਾਨਵਰ ਜਾਣ ਬੁਝ ਕੇ ਮਾਰੇ ਹਨ। ਮੈਂ ਤੈਨੂੰ ਏਥੇ ਜਗਾਉਣ ਲਈ ਆਇਆ ਹਾਂ। ਤੂੰ ਸਮਝਦਾ ਏਂ ਕਿ ਇਹ ਤਿੰਨ ਚਾਰ ਬਕਰੇ ਮਾਰਨ ਨਾਲ ਤੇਰਾ ਡੇਰਾ ਅਪਵਿਤਰ ਹੋ ਗਿਆ ਹੈ। ਤੈਨੂੰ ਵੱਡੇ ਡੇਰੇ ਆਪਣੇ ਮੁਲਖ ਦਾ ਪਤਾ ਨਹੀਂ। ਜਿਥੇ ਹਰ.ਰੋਜ਼ ਹਜ਼ਾਰਾਂ ਲੋਕ ਮਾਰੇ ਜਾਂਦੇ ਹਨ। ਹਜ਼ਾਰਾਂ ਨਿਰਦੋਸ਼ ਮਜ਼ਲੂਮਾਂ ਦਾ ਕਤਲ ਕੀਤਾ ਜਾਂਦਾ ਹੈ। ਹਜ਼ਾਰਾਂ ਔਰਤਾਂ ਤੇ ਬਚਿਆਂ ਨੂੰ ਜ਼ਲੀਲ ਕਰਕੇ ਮਾਰ ਮੁਕਾਇਆ ਜਾਂਦਾ ਹੈ। ਤੈਨੂੰ ਉਹਨਾਂ ਨਾਲ ਕੋਈ ਹਮਦਰਦੀ ਨਹੀਂ। ਮੈਂ ਇਸ ਹਕੀਕਤ ਵਲ ਤੇਰੀ ਤਵਜੋਂ ਦਵਾਉਣ ਲਈ ਤੇਰੇ ਡੇਰੇ ਅਪੜਿਆ ਹਾਂ। ਜ਼ਰਾ ਸੋਚ, ਇਹ ਵੀ ਤਾਂ ਅਕਾਲ ਪੁਰਖ ਦੇ ਬਣਾਏ ਜੀਵ ਹਨ। ਇਹ ਸੁਣਕੇ ਮੈਂ ਤ੍ਰਭਕਿਆ ਤੇ ਮੈਨੂੰ ਤਰੇਲੀ ਵੀ ਆਈ। ਮੇਰੀਆਂ ਸੁੱਤੀਆਂ ਕਲਾ ਜਾਗ ਪਈਆਂ ਸਨ। ਮੈਂ ਹੰਝੂ ਕੇਰਦਾ ਆਖਣ ਲੱਗਾ, ਗੁਰੂ ਜੀ ਮੈਂ ਅਜ ਤੋਂ ਤਨੋਂ ਮਨੋਂ, ਦਿਲ ਜਾਨ ਨਾਲ ਆਪਦਾ ਬੰਦਾ ਹਾਂ ਮੇਰੇ ਜੁੰਮੇ ਕੋਈ ਸੇਵਾ ਦਸੋ? ਮੈਂ ਆਪ ਦੀ ਕੀ ਖਿਦਮਤ ਕਰ ਸਕਦਾ ਹਾਂ। ਗੁਰੂ ਜੀ ਇਹ ਸੁਣਕੇ ਮੁਸਕਰਾਏ ਤੇ ਮੇਰੀ ਤਰਫ਼ ਵੇਖਣ ਲਗੇ ਤੇ ਫੁਰਮਾਉਣ ਲਗੇ, ਮਾਧੋਦਾਸ ਜੇ ਤੂੰ ਬੰਦਾ ਏ ਤਾਂ ਤੈਨੂੰ ਬੰਦਿਆਂ ਵਾਲੇ ਕਾਰਜ ਕਰਨੇ ਪੈਣਗੇ। ਐਵੇ ਥੋਥੀਆਂ ਤਾਂਤਰਿਕ ਕਿਰਿਆਵਾਂ ਵਿਚ ਆਪਣੀ ਤਾਕਤ ਜ਼ਾਇਆ ਨਾ ਕਰ। ਆਪਣੇ ਮਨੁੱਖੀ ਧਰਮ ਦੀ ਪਛਾਣ ਕਰ। ਤਿਆਗ ਤੇ ਸੰਨਿਆਸ ਨਾਲ ਤੇਰੀ ਆਤਮਾ ਸ਼ਾਂਤ ਨਹੀਂ ਹੋਵੇਗੀ।

ਇਸ ਮੁਲਾਕਾਤ ਤੋਂ ਬਾਅਦ ਮੇਰਾ ਜੀਵਨ ਹੀ ਬਦਲ ਗਿਆ। ਮੈਂ ਆਪਣੇ ਸ਼ਰਧਾਲੂਆਂ ਨੂੰ ਇਕੱਤਰ ਕੀਤਾ। ਉਹ ਦਹਿਸ਼ਤ ਵਿਚ ਸਨ। ਮੈਂ ਉਹਨਾਂ ਨੂੰ ਦਸਿਆ ਕਿ ਉਹਨਾਂ ਦੇ ਡੇਰੇ ਨੂੰ ਕੋਈ ਖੋਹਣ ਨਹੀਂ ਆਇਆ। ਮੇਰੇ ਪਲੰਘ ਤੇ ਬੈਠਣ ਵਾਲੇ ਮੇਰੇ ਗੁਰੂ ਹਨ। ਉਹ ਆਪਣੇ ਸੇਵਕਾਂ ਨਾਲ ਪੰਜਾਬ ਤੋਂ ਮੈਨੂੰ ਮਿਲਣ ਆਏ ਹਨ। ਭਾਵੇਂ ਡੇਰੇ ਦੇ ਬਹੁਤ ਸਾਰੇ ਸਾਧ ਬਕਰੇ ਝਟਕਾਉਣ ਤੋਂ ਦੁਖੀ ਸਨ ਤੇ ਸਿੱਖਾਂ ਦੀ ਇਸ ਹਰਕਤ ਤੋਂ ਸਖ਼ਤ ਨਰਾਜ ਸਨ। ਪਰ ਜਦੋਂ ਮੈਂ ਉਹਨਾਂ ਨੂੰ ਦਸਿਆ ਕਿ ਇਹ ਸਭ ਕੁਝ ਮੇਰੇ ਗੁਰੂ ਜੀ ਨੇ ਸਾਨੂੰ ਸਭ ਨੂੰ ਸਿਖਿਆ ਦੇਣ ਲਈ ਕੀਤਾ ਹੈ। ਗੁਰੂ ਜੀ ਬ੍ਰਹਮ ਗਿਆਨੀ ਹਨ ਤੇ ਸਭ ਦਾ ਭਲਾ ਮੰਗਣ ਵਾਲੇ ਹਨ। ਇਸ ਲਈ ਸਾਰੇ ਜਾਣੇ ਨਿਸ਼ਚਿੰਤ ਹੋਕੇ ਏਥੇ ਆਪਣਾ ਨਿਤਨੇਮ ਕਰੋ। ਮੈਂ ਤੁਹਾਡੇ ਅੰਗ ਸੰਗ ਹਾਂ।" ਮੇਰੇ ਸ਼ਰਧਾਲੂਆਂ ਦੀ ਮੇਰੇ ਵਿਚ ਮੁਕੰਮਲ ਆਸਥਾ ਸੀ। ਇਸ ਲਈ ਮੇਰੇ ਦੱਸਣ ਉਪਰੰਤ ਉਹਨਾਂ ਦੇ ਸਭ ਗੁਸੇ ਗਿਲੇ ਜਾਂਦੇ ਰਹੇ ਤੇ ਉਹ ਪਹਿਲਾਂ ਵਾਂਗ ਏਥੇ ਕੰਮ ਕਰਦੇ ਰਹੇ। ਗੁਰੂ ਜੀ ਦੇ ਸੇਵਕਾਂ ਲਈ ਮੈਂ ਵਿਸ਼ੇਸ਼ ਲੰਗਰ ਦਾ ਪ੍ਰਬੰਧ ਕਰ ਦਿੱਤਾ ਤੇ ਉਹਨਾਂ ਦੀ ਰਿਹਾਇਸ਼ ਵੀ ਡੇਰੇ ਦੇ ਵਿਚ ਤੇ ਆਸ ਪਾਸ ਪ੍ਰਬੰਧ ਕਰ ਦਿੱਤਾ।

ਮੈਂ ਗੁਰੂ ਜੀ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਕੁਝ ਰੋਜ਼ ਮੇਰੇ ਕੋਲ ਠਹਿਰਨ। ਉਹਨਾਂ ਨੇ ਸਹਿਮਤੀ ਪ੍ਰਗਟ ਕੀਤੀ। ਉਹਨਾਂ ਦੇ ਠਹਿਰਨ ਲਈ ਮੈਂ ਵਖਰਾ ਪ੍ਰਬੰਧ ਕਰ ਦਿੱਤਾ। ਗੁਰੂ ਜੀ ਦੇ ਸਿੰਘ ਦਿਨ ਵੇਲੇ ਸ਼ਿਕਾਰ ਲਈ ਨਿਕਲ ਜਾਂਦੇ ਜਾਂ ਇਧਰ ਉਧਰ ਘੁੰਮਦੇ ਰਹਿੰਦੇ। ਮੈਂ ਆਪਣਾ ਡੇਰਾ ਆਪਣੇ ਇਕ ਚਹੇਤੇ ਸ਼ਿਸ਼ ਸੋਮ ਨਾਥ ਦੇ ਹਵਾਲੇ ਕਰ ਦਿੱਤਾ ਤੇ ਆਪ ਗੁਰੂ ਜੀ ਦੀ ਸੰਗਤ ਮਾਨਣ ਲੱਗਾ। ਗੁਰੂ ਜੀ ਵੀ ਮੇਰੇ ਨਾਲ ਗਲਾਂ ਬਾਤਾਂ ਕਰਕੇ ਖ਼ੁਸ਼ ਹੁੰਦੇ ਸਨ। ਮੈਂ ਉਹਨਾਂ ਕੋਲੋਂ ਪੰਜਾਬ ਤੇ ਜੰਮੂ ਦੇ ਹਾਲਾਤ ਪੁੱਛਦਾ ਤੇ ਉਹ ਮੈਨੂੰ ਪਿਛਲੇ ਸਾਲਾਂ ਦੌਰਾਨ ਮੁਗ਼ਲਾਂ ਤੇ ਖ਼ਾਸ ਕਰਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਜ਼ੁਲਮਾਂ ਦੀ ਦਾਸਤਾਂ ਦਾ ਜ਼ਿਕਰ ਕਰਦੇ ਰਹਿੰਦੇ ਸਨ। ਸੂਬੇ ਸਰਹੰਦ ਦੇ ਜ਼ੁਲਮਾਂ ਦੀ ਵਿਥਿਆ ਸੁਣਕੇ ਮੇਰਾ ਮਨ ਪਸੀਜ਼ ਜਾਂਦਾ ਸੀ। ਮੇਰਾ ਦਿਲ ਕਰਦਾ ਸੀ ਕਿ ਮੈਂ ਹੁਣੇ ਹੀ ਸਰਹੰਦ ਪਹੁੰਚਾਂ ਤੇ ਵਜ਼ੀਰ ਖਾਨ ਦੇ ਜ਼ੁਲਮਾਂ ਦਾ ਬਦਲਾ ਲਵਾਂ। ਮੇਰੇ ਕਹਿਣ 'ਤੇ ਗੁਰੂ ਜੀ ਨੇ ਮੈਨੂੰ ਮੁਗ਼ਲਾਂ ਤੇ ਹਿੰਦੂ ਪਹਾੜੀ ਰਾਜਿਆਂ ਦੀਆਂ ਧੱਕੇ ਸ਼ਾਹੀਆਂ ਦੀ ਕਹਾਣੀ ਵਿਸਥਾਰ ਨਾਲ ਸਮਝਾਈ। ਮੇਰਾ ਖ਼ੂਨ ਖੌਲ ਰਿਹਾ ਸੀ। ਮੈਂ ਪੰਜਾਬ ਵਲ ਜਾਣ ਲਈ ਉਤਾਵਲਾ ਸੀ। ਗੁਰੂ ਜੀ ਨੇ ਮੈਨੂੰ ਸਿੱਖ ਇਤਿਹਾਸ, ਗੁਰਮੱਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਜਾਣਕਾਰੀ ਦਿੱਤੀ। ਮੈਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਪਿਛਲੇ ਜਨਮ ਵਿਚ ਗੁਰੂਆਂ ਦਾ ਅਣਖੀਲਾ ਸਿੱਖ ਹੋਵਾਂ।

ਪਲੋ ਪਲ, ਦਿਨੋ ਦਿਨ ਮੇਰਾ ਮਨ ਡੇਰੇ ਵਲੋਂ ਉਚਾਟ ਹੋ ਰਿਹਾ ਸੀ ਤੇ ਗੁਰੂ ਜੀ ਦੀ ਮਤ ਨਾਲ ਜੁੜ ਰਿਹਾ ਸੀ। ਗੁਰੂ ਜੀ ਨੇ ਇਕ ਦਿਨ ਕਿਹਾ, ਮਾਧੋਦਾਸ! ਅਸੀਂ ਹੁਣ ਏਥੋਂ ਕੂਚ ਕਰਨਾ ਚਾਹੁੰਦੇ ਹਾਂ। ਅਸੀਂ ਇਸ ਡੇਰੇ ਤੇ ਹੋਰ ਬੋਝ ਨਹੀਂ ਬਣਨਾ ਚਾਹੁੰਦੇ। ਇਸ ਡੇਰੇ ਵਿਚ ਅਸਾਂ ਨੂੰ ਜੋ ਮਾਣ ਮਿਲਿਆ ਹੈ, ਜੋ ਪਿਆਰ ਤੇ ਸਤਿਕਾਰ ਮਿਲਿਆ ਹੈ, ਅਸੀਂ ਤੇਰੇ ਸੇਵਕਾਂ ਦੇ ਰਿਣੀ ਹਾਂ। ਹੁਣ ਅਸਾਂ ਰਵਾਨਾ ਕਰਨਾ ਹੈ। ਮੇਰੇ ਸਿੰਘ ਵੀ ਜਾਣ ਲਈ ਉਤਾਵਲੇ ਹੋ ਰਹੇ ਹਨ। ਉਹ ਸਾਧੂਆਂ ਵਿਚ ਜੇਕਰ ਹੋਰ ਠਹਿਰਨਗੇ ਤਾਂ ਇਸ ਨਾਲ ਪਰੇਸ਼ਾਨੀ ਹੋ ਸਕਦੀ ਹੈ। ਸਾਧਾਂ ਤੇ ਗ੍ਰਿਹਸਥੀਆਂ ਦਾ ਆਪਸ ਮੇਂ ਕੋਈ ਮੇਲ ਨਹੀਂ ਹੁੰਦਾ। ਮੈਂ ਵੀ ਇਸ ਫੈਸਲੇ ਨਾਲ ਖ਼ੁਸ਼ ਸੀ ਕਿਉਂਕਿ ਗੁਰੂ ਜੀ ਦੇ ਸਿੰਘਾਂ ਦਾ ਕਈ ਵਾਰ ਮੇਰੇ ਸੇਵਕਾਂ ਨਾਲ ਤਕਰਾਰ ਹੋ ਜਾਂਦਾ ਸੀ। ਗੁਰੂ ਜੀ ਨੇ ਏਥੋਂ ਜਾਣ ਤੋਂ ਪਹਿਲਾਂ ਮੈਨੂੰ ਆਖਿਆ, ਮਾਧੋਦਾਸ ਅਜ ਅਸਾਂ ਏਥੋਂ ਆਪਣੇ ਟਿਕਾਣੇ ਵਲ ਰਵਾਨਾ ਹੋਣਾ ਹੈ। ਇਸ ਲਈ ਜੇਕਰ ਤੁਸੀਂ ਸਾਡੇ ਨਾਲ ਜਾਣਾ ਹੈ ਤਾਂ ਤਿਆਰੇ ਕੱਸ ਲਉ।" ਇਸ ਸਵਾਲ ਦੇ ਜਵਾਬ ਦੇਣ ਤੋਂ ਪਹਿਲਾਂ ਮੈਂ ਬੜੀ ਡੂੰਘਾਈ ਨਾਲ ਆਪਣੇ ਭਵਿੱਖ ਬਾਰੇ ਵਿਚਾਰਿਆ। ਮੈਂ ਚਾਹੁੰਦਾ ਸੀ ਕਿ ਮੇਰੇ ਕੁਝ ਸ਼ਰਧਾਲੂ ਮੇਰੇ ਨਾਲ ਗੁਰੂ ਜੀ ਨਾਲ ਚੱਲਣ। ਇਸ ਮਕਸਦ ਵਾਸਤੇ ਮੈਂ ਇਕ ਇਕੱਤਰਤਾ ਬੁਲਾਈ ਤੇ ਆਪਣੇ ਸੇਵਕਾਂ ਨੂੰ ਕਿਹਾ, ਜੋ ਵੀ ਸਾਧੂ ਸੰਤ ਮੇਰੇ ਨਾਲ ਜਾਣ ਲਈ ਤਿਆਰ ਹੈ, ਉਹ ਅੱਜ ਹੀ ਆਪਣਾ ਬੋਰੀ ਬਿਸਤਰਾ ਬੰਨ ਲਵੇ। ਇਹ ਮਾਰਗ ਬਹੁਤ

ਬਿਖਮ ਹੈ। ਇਸ ਲਈ ਸੋਚ ਸਮਝਕੇ ਫੈਸਲਾ ਕਰਨਾ। ਸਾਰੀ ਸਭਾ ਵਿਚ ਸਨਾਟਾ ਛਾ ਗਿਆ। ਘੁਸਰ ਮੁਸਰ ਹੋਣ ਲਗੀ। ਕਿਸੇ ਨੇ ਵੀ ਮੇਰੇ ਨਾਲ ਜਾਣ ਦੀ ਸਹਿਮਤੀ ਨਾ ਪ੍ਰਗਟਾਈ। ਮੈਂ ਬਹੁਤ ਮਾਯੂਸ ਹੋਇਆ। ਮੈਨੂੰ ਪਹਿਲੀ ਦਫਾ ਪਤਾ ਲਗਾ ਕਿ ਮੈਂ ਗਲਤ ਸੰਗਤ ਵਿਚ ਵਿਚਰ ਰਿਹਾ ਹਾਂ। ਇਹ ਲੋਕ ਸੰਸਾਰ ਨੂੰ ਤਿਆਗ ਕੇ ਆਪਣੀਆਂ ਸਮਾਜਿਕ ਜ਼ੁੰਮੇਵਾਰੀਆਂ ਤੋਂ ਭੱਜੇ ਹੋਏ ਹਨ। ਇਹ ਲੋਕ ਬੁਜ਼ਦਿਲ ਹਨ।" ਮੈਂ ਸਭਾ ਬਰਖਾਸਤ ਕੀਤੀ ਤੇ ਜੋਗੀ ਸੋਮਨਾਥ ਨੂੰ ਡੇਰੇ ਦਾ ਮੁੱਖੀ ਥਾਪਕੇ, ਆਪ ਗੁਰੂ ਜੀ ਦੇ ਨਾਲ ਜਾਣ ਲਈ ਤਿਆਰ-ਬਰ-ਤਿਆਰ ਹੋ ਗਿਆ।

ਇਸਤਰ੍ਹਾਂ ਮੈਂ ਗੁਰੂ ਜੀ ਦੇ ਸਿੰਘਾਂ ਨਾਲ ਜਾਣ ਲਈ ਤਿਆਰ ਹੋ ਗਿਆ। ਮੇਰੇ ਬਹੁਤ ਸਾਰੇ ਸ਼ਰਧਾਲੂ ਮੈਨੂੰ ਰਵਾਨਗੀ ਦੇਣ ਲਈ ਡੇਰੇ ਦੇ ਗੇਟ ਤੱਕ ਆਏ। ਸਭ ਦੀਆਂ ਅੱਖਾਂ ਵਿਚ ਅੱਥਰੂ ਸਨ। ਉਹਨਾਂ ਨੂੰ ਇਹ ਸਮਝ ਨਹੀਂ ਆ ਰਿਹਾਸੀ ਕਿ ਉਹਨਾਂ ਦੇ ਗੁਰੂ ਨੇ ਇਹ ਆਤਮਘਾਤੀ ਕਦਮ ਕਿਉਂ ਚੁੱਕਿਆ ਹੈ। ਚੰਗਾ ਭਲਾ ਬਾਬਾ ਮਾਧੋਦਾਸ ਡੇਰੇ ਦੀ ਰਹਿਨੁਮਾਈ ਕਰ ਰਿਹਾ ਸੀ। ਇਹ ਕ੍ਰਾਂਤੀਕਾਰੀ ਬਦਲਾਵ ਉਸ ਵਿਚ ਕਿਵੇਂ ਆਇਆ? ਉਹਨਾਂ ਦੀ ਸਮਝ ਤੋਂ ਇਹ ਤਬਦੀਲੀ ਬਾਹਰ ਸੀ। ਉਹ ਮੇਰੇ ਨਾਲ ਕਿੰਤੂ ਪ੍ਰੰਤੂ ਕਰਨ ਦੀ ਹਿੰਮਤ ਨਹੀਂ ਜੁਟਾ ਸਕਦੇ ਸਨ। ਇਸੇ ਲਈ ਉਹ ਇਹ ਸਾਰਾ ਭਾਣਾ ਚੁਪ ਚਾਪ ਮੰਨਦੇ ਰਹੇ। ਭਾਵੇਂ ਉਸ ਦਿਨ ਮੈਨੂੰ ਆਪਣੀ ਸੋਨੇ ਦੀ ਲੰਕਾ ਦੇ ਉਜੜ ਜਾਣ ਦਾ ਡਰ ਸੀ। ਮੈਂ ਸਭ ਕੁਝ, ਸਭ ਸੁਖ ਸਹੂਲਤਾਂ ਛੱਡ ਕੇ ਜਾ ਰਿਹਾ ਸੀ। ਉਹ ਦਿਲੋਂ ਮੇਰੇ ਨਾਲ ਹਮਦਰਦੀ ਕਰ ਰਹੇ ਸਨ। ਪਰ ਮੈਂ ਆਪਣੇ ਸ਼ਰਧਾਲੂਆਂ ਦੀ ਕਿਸਮਤ ਨੂੰ ਕੋਸ ਰਿਹਾ ਸੀ। ਉਹ ਮੇਰੇ ਵਾਂਗ ਜੀਵਨ ਦੀਆਂ ਘੁੰਮਣ ਘੇਰੀਆਂ ਵਿਚ ਘਿਰੇ ਹੋਏ ਸਨ। ਉਹਨਾਂ ਵਿਚੋਂ ਕਈਆਂ ਨੇ ਮੈਨੂੰ ਜਾਣ ਤੋਂ ਰੋਕਿਆ ਪਰ ਮੈਂ ਅਜਿਹੇ ਸੰਨਿਆਸੀ ਤੇ ਬੇਬੁਨਿਆਦ ਜੀਵਨ ਨੂੰ ਛਡਣ ਦਾ ਪੂਰਾ ਮਨ ਬਣਾ ਚੁੱਕਾ ਸੀ। ਅਜਿਹੇ ਮਾਹੌਲ ਵਿਚ ਮੈਂ ਡੇਰਾ ਪਿੱਛੇ ਛੱਡਕੇ ਗੁਰੂ ਜੀ ਨਾਲ ਚੱਲ ਪਿਆ। ਸਿੰਘਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡੇ। ਗੁਰੂ ਜੀ ਮੇਰੇ ਨਾਲ-ਨਾਲ ਚਲ ਰਹੇ ਸਨ। ਮੈਂ ਕੁਝ ਹੋਰ ਸਵਾਲ ਪੁੱਛਣੇ ਚਾਹੇ ਪਰ ਗੁਰੂ ਜੀ ਨੇ ਕਿਹਾ, ਮਾਧੋ ਦਾਸ ਇਹ ਗੁਰੂ ਨਾਨਕ ਦਾ ਦਰ ਹੈ। ਜੋ ਵੀ ਸ਼ਕਸ ਇਸ ਦਰ ਤੇ ਦਸਤਕ ਦਿੰਦਾ ਹੈ ਉਸਦਾ ਪਿਛਲਾ ਜਨਮ, ਮਰਨ, ਧਰਮ, ਕਰਮ ਤੇ ਭਰਮ ਸਭ ਕਫੂਰ ਹੋ ਜਾਂਦੇ ਨੇ। ਹੁਣ ਤੂੰ ਉਹੀ ਕਰਮ ਕਰੇਂਗਾ ਜੋ ਗੁਰੂ ਚਾਹੇਗਾ ਜਿਵੇਂ ਗੁਰੂ ਨਿਡਰ ਤੇ ਨਿਰਭੈ ਹੁੰਦਾ ਏ, ਉਸੀ ਤਰ੍ਹਾਂ ਤੂੰ ਵੀ ਅਜ ਤੋਂ ਨਿਰਭੈ ਤੇ ਨਿੱਡਰ ਹੈ। ਦੁਨੀਆਂ ਦੀ ਕੋਈ ਹਸਤੀ ਤੈਨੂੰ ਡਰਾ ਧਮਕਾ ਨਹੀਂ ਸਕਦੀ।" ਮੈਂ ਹੱਥ ਜੋੜ ਕੇ ਗੁਰੂ ਜੀ ਨੂੰ ਕਿਹਾ," ਮਹਾਂਰਾਜ ਮੇਰੀ ਵੀ ਅਜ ਤੋਂ ਕਿਧਰੇ ਝਾਕ ਨਹੀਂ ਰਹੀ। ਮੈਂ ਪੂਰੇ ਜਾਨੋ ਜਿਸਮ ਨਾਲ ਆਪ ਦਾ ਬੰਦਾ ਹਾਂ। ਗੁਰੂ ਜੀ ਮੇਰੇ ਵਲ ਵੇਖਕੇ ਮੁਸਕਰਾਉਣ ਲਗੇ ਤੇ ਕਹਿਣ ਲਗੇ, ਮਾਧੋਦਾਸ ਆਪਾਂ ਬਾਕੀ ਬਚਨ ਰਾਤ ਨੂੰ ਕਰਾਂਗੇ।

ਭਾਵੇਂ ਮੈਂ ਗੁਰੂ ਜੀ ਦੇ ਸਿੰਘਾਂ ਨਾਲ ਆਪਣੇ ਡੇਰੇ ਤੋਂ ਦੂਰ ਜਾ ਰਿਹਾ ਸੀ ਪਰ

ਮੇਰਾ ਮਨ ਕਦੀ ਡੇਰੇ ਵਲ ਦੌੜਦਾ ਕਦੀ ਗੁਰੂ ਜੀ ਦੀ ਸੰਗਤ ਵਲ। ਮੇਰਾ ਮਨ ਅਗੇ ਪਿੱਛੇ ਦੌੜਾਂ ਲਗਾ ਰਿਹਾ ਸੀ। ਮੈਨੂੰ ਹੁਣ ਗੁਰੂ ਜੀ ਨਾਲ ਮਿਲਾਪ ਤੋਂ ਪਹਿਲੀ ਰਾਤ ਦੇ ਸੁਪਨੇ ਦੀ ਯਾਦ ਆਈ। ਅੱਧੀ ਰਾਤ ਵੇਲੇ ਗੁਰੂ ਜੀ ਹੀ ਮੈਨੂੰ ਮਿਲਣ ਆਏ ਸਨ ਤੇ ਮੈਂ ਜਕੋਤਕੀ ਵਿਚ ਸੀ। ਇਸ ਲਈ ਮੇਰੇ ਮਿਲਾਪ ਤੋਂ ਪਹਿਲਾਂ ਹੀ ਸੁਪਨੇ ਦੀ ਲੜੀ ਟੁੱਟ ਗਈ ਸੀ। ਹੁਣ ਮੈਨੂੰ ਦੋਹਵੇਂ ਕਿਸਮ ਦੇ ਸੁਪਨੇ ਆਉਂਦੇ ਸਨ। ਇਕ ਤਾਂ ਪੰਜਾਬ ਦੇ ਸੁਪਨੇ, ਜਿੰਨਾਂ ਵਿਚ ਮੈਂ ਜਾਲਿਮਾਂ ਦੇ ਆਹੂ ਲਾ ਰਿਹਾ ਹੁੰਦਾ ਹਾਂ ਤੇ ਗੁਰੂ ਘਰ ਦੇ ਦੋਖੀਆਂ ਤੇ ਦੁਸ਼ਮਣਾਂ ਨੂੰ ਸੋਧ ਰਿਹਾ ਹੁੰਦਾ ਸੀ। ਦੂਜੀ ਕਿਸਮ ਦੇ ਸੁਪਨੇ ਮੇਰੇ ਡੇਰੇ ਸੰਬੰਧੀ ਸਨ। ਇਹ ਡੇਰਾ ਆਪਣੇ ਹਥੀਂ ਉਸਾਰਿਆ ਤੇ ਇਲਾਕੇ ਦੀ ਖਿੱਚ ਦਾ ਕੇਂਦਰ ਬਣਾਇਆ ਸੀ। ਮੈਂ ਉਥੇ ਭਾਵੇਂ ਹਜ਼ਾਰਾਂ ਸ਼ਰਧਾਲੂਆਂ ਦੀ ਆਸਥਾ ਦਾ ਮਾਲਿਕ ਸੀ ਤੇ ਮਨਮਰਜੀਆਂ ਕਰਦਾ ਰਿਹਾ ਸੀ। ਕਦੀ ਕਦੀ ਮੈਂ ਇਹ ਵੀ ਸੋਚਦਾ ਕਿ ਕਿਧਰੇ ਮੈਂ ਗੁਰੂ ਜੀ ਨਾਲ ਜਾਣ ਦਾ ਫੈਸਲਾ ਗ਼ਲਤ ਤਾਂ ਨਹੀਂ ਕਰ ਲਿਆ। ਜੀਵਨ ਦਾ ਬਹੁਤਾ ਸਮਾਂ ਸਾਧਾਂ ਜੋਗੀਆਂ ਨਾਲ ਕਟਿਆ ਹੈ। ਕੀ ਮੈਂ ਲੜਾਈ ਦੇ ਮੈਦਾਨ ਵਿਚ, ਗੁਰੂ ਜੀ ਨਾਲ ਕੀਤੇ ਵਾਅਦੇ ਪੂਰੇ ਕਰ ਸਕਾਂਗਾ? ਮੁਗ਼ਲਾਂ ਦੀ ਲਖਾਂ ਦੀ ਫੌਜ ਤੇ ਗੁਰੂ ਦੀ ਕੇਵਲ ਸੈਂਕੜਿਆਂ ਵਿਚ ਮੈਂ ਅਜਿਹੇ ਖ਼ਿਆਲਾਂ ਵਿਚ ਵਿਅਸਤ ਸੀ ਤਾਂ ਗੁਰੂ ਜੀ ਨੇ ਮੈਨੂੰ ਕਿਹਾ, ਮਾਧੋਦਾਸ ਤੇਰੀ ਲੜਾਈ ਸਚ ਤੇ ਹੱਕ ਦੀ ਲੜਾਈ ਹੈ। ਤੂੰ ਜ਼ੁਲਮ ਵਿਰੁੱਧ ਜਹਾਦ ਛੇੜਨਾਂ ਹੈ। ਜਾਲਿਮਾਂ ਵਿਚ ਇੰਨੀ ਤਾਕਤ ਨਹੀਂ ਹੁੰਦੀ ਕਿ ਉਹ ਸੱਚ ਦਾ ਸਾਹਮਣਾ ਕਰ ਸਕਣ। ਤੇਰੇ ਹਜ਼ਾਰਾਂ ਸਿੰਘਾਂ ਅਗੇ ਮੁਗਲਾਂ ਦੇ ਲਖਾਂ ਦੇ ਟਿੱਡੀ ਦਲ ਟਿਕ ਨਹੀਂ ਸਕਣਗੇ। ਤੂੰ ਵਾਧੂ ਦੀਆਂ ਦਲੀਲਾਂ ਨਾ ਕਰ ਤੇ ਗੁਰੂ ਘਰ ਵਲ ਮੁੱਖ ਰੱਖ। ਇਸ ਘਰ ਨਾਲ ਸੰਬੰਧ ਰੱਖਣ ਵਾਲਾ ਸਿੰਘ ਇਕੱਲਾ ਹੁੰਦੇ ਵੀ ਸਵਾ ਲੱਖ ਜ਼ਾਲਮਾਂ ਨਾਲ ਡੱਟਣ ਦੀ ਜ਼ੁਰਅਤ ਕਰ ਸਕਦਾ ਹੈ। ਮੇਰੇ ਸਿੰਘ ਕਰਦੇ ਆਏ ਹਨ। ਤੂੰ ਤਾਂ ਮੇਰਾ ਖਾਸੋ ਖਾਸ ਏਂ। ਤੇਰੇ ਉਪਰ ਮੈਂ ਆਪਣੀ ਕਿਰਪਾ ਤੇ ਸ਼ਕਤੀ ਨਿਛਾਵਰ ਕਰਾਂਗਾ ਜੋ ਅਕਾਲ ਪੁਰਖ ਨੇ ਮੈਨੂੰ ਬਖ਼ਸ਼ੀ ਹੈ। ਤੂੰ ਕਦੀ ਨਹੀਂ ਡੋਲਣਾਂ ਜਾਂ ਦੁਬਧਾ ਵਿਚ ਨਹੀਂ ਪੈਣਾ। ਜਿਹੜੇ ਡੇਰੇ ਨੂੰ ਤੂੰ ਛੱਡਕੇ ਆਇਆ ਏਂ ਇਹੋ ਜਿਹੇ ਸੈਂਕੜੇ ਡੇਰੇ ਤੇਰੇ ਦਰਸ਼ਨਾਂ ਲਈ ਤਰਸਣਗੇ। ਜੀਵਨ ਉਹ ਹੈ ਜਿਹੜਾ ਲੋਕਾਈ ਦੀ ਬੇਹਤਰੀ ਲਈ ਬਤੀਤ ਕੀਤਾ ਜਾਵੇ। ਤਾਂਤਰਿਕਾਂ ਦਾ ਜੀਵਨ ਇਕ ਖੇਲ ਤਮਾਸ਼ਾ ਸੀ ਪਰ ਜੀਵਨ ਵਿਚ, ਜਿਸ ਮਕਸਦ ਲਈ ਅਕਾਲ ਪੁਰਖ ਨੇ ਸਾਨੂੰ ਮਾਤ ਲੋਕ ਵਿਚ ਭੇਜਿਆ ਹੈ, ਉਸਨੂੰ ਪੂਰਾ ਤੇ ਮੁਕੰਮਲ ਕਰਨਾ ਹੈ। ਮੈਂ ਇਹ ਬਚਨ ਚੁਪਚਾਪ ਸੁਣਦਾ ਰਿਹਾ ਤੇ ਇਸ ਨਾਲ ਮੇਰੀ ਆਤਮਾਂ ਹੋਰ ਬਲਵਾਨ ਹੋ ਗਈ ਤੇ ਮੈਂ ਪਹਾੜਾਂ ਨਾਲ ਮਥਾ ਲਾਉਣ ਲਈ ਤਤਪਰ ਹੋ ਗਿਆ ਸੀ ਇਹ ਮੇਰਾ ਦੂਜਾ ਜਨਮ ਸੀ।

ਸਿੰਘਾਂ ਨੇ ਜਿਥੇ ਰੁਕਣਾ ਸੀ, ਉਥੇ ਘੋੜੇ ਖਲਾਰਨੇ ਸ਼ੁਰੂ ਕਰ ਦਿੱਤੇ। ਸਿੰਘਾਂ ਨੇ ਬੜੀ ਤੇਜ਼ੀ ਨਾਲ ਆਪਣੇ ਆਪਣੇ ਤੰਬੂ ਗਡੇ ਅਤੇ ਗਡਿਆਂ ਰੇੜਿਆਂ ਤੇ ਗਡੀਰੀਆਂ

ਤੋਂ ਸਮਾਨ ਉਤਾਰਨਾ ਸ਼ੁਰੂ ਕਰ ਦਿੱਤਾ। ਕੁਝ ਸਿੰਘ ਜਿੰਨਾਂ ਨੂੰ ਲੰਗਰ ਬਣਾਉਣ ਦੀ ਮੁਹਾਰਤ ਸੀ, ਉਹ ਫਟਾ ਫਟ ਲੰਗਰ ਤਿਆਰ ਕਰਨ ਲਗੇ। ਕਈ ਸਿੰਘ ਲਾਗੋਂ ਲਕੜੀਆਂ ਕਟਣ ਲਗੇ। ਜਦੋਂ ਗੁਰੂ ਜੀ ਵਾਸਤੇ ਇਕ ਵੱਡਾ ਤੰਬੂ ਗੱਡਕੇ ਤਿਆਰ ਹੋਇਆ ਤਾਂ ਗੁਰੂ ਜੀ ਨੂੰ ਸਿੰਘ ਉਸ ਤੰਬੂ ਵਿਚ ਲੈ ਗਏ। ਉਥੇ ਮੰਜੇ ਡਿਠੇ ਸਨ। ਇਕ ਸੰਗਤਾਂ ਵਾਸਤੇ ਤੇ ਇਕ ਗੁਰੂ ਜੀ ਵਾਸਤੇ। ਗੁਰੂ ਜੀ ਨਾਲ ਮੈਂ ਵੀ ਅੰਦਰ ਚਲਾ ਗਿਆ। ਗੁਰੂ ਜੀ ਨੇ ਮੈਨੂੰ ਵੀ ਸਾਹਮਣੇ ਡਿੱਠੇ ਮੰਜੇ ਉਪਰ ਬੈਠਕੇ ਅਰਾਮ ਕਰਨ ਲਈ ਕਿਹਾ। ਬਾਕੀ ਸਿੰਘ ਤਾਂ ਕੁਝ ਚਿਰ ਬੈਠਕੇ ਬਾਹਰ ਆਪੋ ਆਪਣੇ ਕੰਮਾਂ ਵਿਚ ਰੁੱਝ ਗਏ। ਮੈਂ ਤੇ ਗੁਰੂ ਜੀ ਉਥੇ ਬੈਠੇ ਰਹੇ। ਮੌਕਾ ਤਾੜਕੇ ਮੈਂ ਗੁਰੂ ਜੀ ਨਾਲ ਫਿਰ ਗੁਫ਼ਤਗੂ ਸ਼ੁਰੂ ਕਰ ਦਿੱਤੀ। ਗੁਰੂ ਜੀ ਵੀ ਸ਼ਾਇਦ ਮੈਨੂੰ ਸਿੱਖ ਪੰਥ ਬਾਰੇ ਸਭ ਕੁਝ ਦਸਣਾਂ ਚਾਹੁੰਦੇ ਸਨ। ਉਹ ਬੜੇ ਤਹੱਮਲ ਨਾਲ ਮੇਰੇ ਪ੍ਰਸ਼ਨਾਂ ਦੇ ਉੱਤਰ ਦੇ ਰਹੇ ਸਨ। ਕਈ ਵਾਰ ਉਹ ਪਹਿਲੇ ਗੁਰੂ ਸਾਹਿਬਨ ਦੀਆਂ ਕਥਾਵਾਂ ਤੇ ਪ੍ਰਾਪਤੀਆਂ ਸੁਣਾਉਣ ਲਗਦੇ ਤੇ ਕਈ ਵਾਰ ਆਪਣੇ ਵੇਲੇ ਲੜੇ ਯੁੱਧਾਂ ਦਾ ਹਾਲ ਸੁਣਾਉਣ ਲਗਦੇ। ਅਸੀਂ ਸਿੱਖ ਇਤਿਹਾਸ ਬਾਰੇ ਚਰਚਾ ਕਰ ਰਹੇ ਸੀ ਤਾਂ ਸਾਨੂੰ ਲੰਗਰ ਛੱਕਣ ਦਾ ਸੱਦਾ ਮਿਲਿਆ। ਭਾਵੇਂ ਮੈਂ ਸਵੇਰ ਦਾ ਹੀ ਨਾਸ਼ਤਾ ਕੀਤਾ ਸੀ ਤੇ ਹੁਣ ਬਾਅਦ ਦੁਪਹਿਰ ਸੀ। ਪਰ ਮੇਰੀ ਭੁੱਖ ਉੱਡ ਪੁੱਡ ਗਈ ਸੀ। ਗੁਰੂ ਜੀ ਵਲੋਂ ਸੁਣਾਈਆਂ ਸਾਖੀਆਂ ਸਰਵਨ ਕਰਕੇ ਮੇਰਾ ਮਨ ਹੌਲਾ ਹੋ ਰਿਹਾ ਸੀ। ਮੇਰੇ ਮਨ ਦੀ ਭਟਕਣ ਦੂਰ ਹੋ ਰਹੀ ਸੀ। ਲਗਦਾ ਸੀ ਕਿ ਮੈਂ ਆਪਣੀ ਮੰਜ਼ਿਲ ਵਲ ਵੱਧ ਰਿਹਾ ਹਾਂ। ਪਹਿਲਾਂ ਵਾਲੀ ਅਸਾਂਤੀ ਤੇ ਬੇਚੈਨੀ ਖ਼ਤਮ ਹੋ ਰਹੀ ਸੀ। ਜਿੰਨੀ ਤਵਜੋਂ ਗੁਰੂ ਜੀ ਨੇ ਮੇਰੇ ਵੱਲ ਦਿੱਤੀ ਤੇ ਜਿੰਨਾਂ ਸਮਾਂ ਮੇਰੇ ਸੰਗ ਬਿਤਾਇਆ, ਸ਼ਾਇਦ ਹੀ ਆਪਣੇ ਕਿਸੇ ਸੇਵਕ ਨਾਲ ਬਿਤਾਇਆ ਹੋਵੇ! ਮੇਰੇ ਸਾਰੇ ਭਰਮ ਭੁਲੇਖੇ ਦੂਰ ਹੋ ਗਏ ਸਨ।

ਕੁਝ ਦਿਨਾਂ ਬਾਅਦ ਗੁਰੂ ਜੀ ਨੇ ਮੈਨੂੰ ਖੰਡੇ ਬਾਟੇ ਦੀ ਪਾਹੁਲ ਛਕਾਉਣ ਲਈ ਆਪਣੇ ਕੋਲ ਬੁਲਾਇਆ। ਸਤਿਗੁਰਾਂ ਨੇ ਆਪਣੇ ਮੁਬਾਰਕ ਕਰ ਕੰਵਲਾਂ ਨਾਲ ਮੈਨੂੰ ਕੰਘਾ, ਕਿਰਪਾਨ, ਕੜਾ, ਕਛਹਿਰਾ ਭੇਂਟ ਕੀਤੇ। ਆਪਣੇ ਦਸਤ ਮੁਬਾਰਕਾਂ ਨਾਲ, ਰਸਮਾਂ ਨਾਲ ਮੈਨੂੰ ਅੰਮ੍ਰਿਤ ਪਾਨ ਕਰਵਾਇਆ। ਆਪਣੇ ਪਵਿੱਤਰ ਹਥਾਂ ਨਾਲ ਮੇਰੇ ਸਿਰ 'ਤੇ ਕੇਸਕੀ ਸਜਾਈ ਅਤੇ ਮੇਰਾ ਨਵਾਂ ਨਾਮ ਬੰਦਾ ਸਿੰਘ ਬਹਾਦਰ ਰਖਿਆ। ਸਿੰਘਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡਕੇ ਅਸਮਾਨ ਗੂੰਜਣਾਂ ਲਾ ਦਿੱਤਾ। ਮੈਂ ਮਹਿਸੂਸ ਕਰਦਾ ਸੀ ਕਿ ਦੁਨੀਆਂ ਦੀ ਇਕ ਅਜ਼ੀਮ ਸ਼ਕਤੀ ਮੇਰੇ ਸੰਗ ਆਣ ਖਲੋਤੀ ਹੈ। ਮੈਂ ਫੁਲਿਆਂ ਨਹੀਂ ਸੀ ਸਮਾ ਰਿਹਾ। ਸਭ ਸਿੰਘ ਮੇਰੇ ਵਲ ਹਸਰਤ ਤੇ ਪਿਆਰ ਭਰੀਆਂ ਅੱਖਾਂ ਨਾਲ ਵੇਖ ਰਹੇ ਸਨ। ਭਾਵੇਂ ਗੁਰੂ ਜੀ ਨਾਲ ਉਹਨਾਂ ਦੇ 'ਪਿਆਰੇ' ਵੀ ਸਨ ਤੇ ਕਈ ਹੋਰ ਸਿੰਘ ਜਿਹੜੇ ਵੀਹਾਂ ਸਾਲਾਂ ਤੋਂ ਗੁਰੂ ਜੀ ਦੇ ਅੰਗ ਸੰਗ ਰਹੇ ਸਨ ਤੇ ਜਿੰਨਾਂ ਨੇ ਗੁਰੂ ਜੀ ਨਾਲ ਭਿਆਨਕ ਯੁੱਧ ਲੜੇ ਸਨ। ਪਰ ਲਗਦਾ ਸੀ ਸਭਨਾਂ ਨੇ ਮੈਨੂੰ ਪੰਥ ਦਾ ਨੇਤਾ ਮੰਨ ਲਿਆ ਹੈ। ਮੇਰੇ ਤੋਂ ਉਹਲਾ ਰੱਖਕੇ ਜੇ ਕਿਸੇ ਨੇ ਮੇਰੀ

ਮੁਖਾਲਫਤ ਕੀਤੀ ਵੀ ਹੋਵੇ ਤਾਂ ਮੈਂ ਕਹਿ ਨਹੀਂ ਸਕਦਾ। ਪਰ ਉਸ ਵੇਲੇ ਗੁਰੂ ਜੀ ਦੀ ਸ਼ਖ਼ਸੀਅਤ ਇਤਨੀ ਅਜ਼ੀਮ ਅਤੇ ਪ੍ਰਭਾਵਸ਼ਾਲੀ ਸੀ ਕਿ ਕੋਈ ਵੀ ਉਹਨਾਂ ਦਾ ਸਿੰਘ ਉਹਨਾਂ ਦੇ ਲਏ ਫੈਸਲੇ ਨੂੰ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ ਸੀ। ਹੋ ਸਕਦਾ ਹੈ ਕਿ ਸਤਿਗੁਰੂ ਨੇ ਮੇਰੀ ਗੈਰ-ਹਾਜ਼ਰੀ ਵਿਚ ਆਪਣੇ ਚਹੇਤੇ ਸਿੰਘਾਂ ਤੇ ਪਿਆਰਿਆਂ ਨਾਲ ਮੇਰੇ ਬਾਰੇ ਸਲਾਹ ਮਸ਼ਵਰਾ ਕੀਤਾ ਹੋਵੇ ਪਰ ਉਹਨਾਂ ਦੇ ਵਿਹਾਰ ਤੋਂ ਮੈਨੂੰ ਕਦਾਚਿਤ ਨਹੀਂ ਲਗ ਰਿਹਾ ਸੀ ਕਿ ਕੋਈ ਮੈਨੂੰ ਨਫ਼ਰਤ ਕਰਦਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਜਾਣੀ ਜਾਣ ਗੁਰੂ ਸਾਹਿਬ ਨੇ ਉਹਨਾਂ ਵਿਚੋਂ ਕਿਸੇ ਇਕ ਨੂੰ ਇਸ ਕਰਤਵ ਦੇ ਯੋਗ ਸਮਝਿਆ ਹੋਵੇ। ਇਸ ਲਈ ਮੈਨੂੰ ਸਾਰੇ ਸਿੰਘ ਪੂਰਾ ਮਾਣ ਸਤਿਕਾਰ ਦੇਣ ਲਗੇ। ਉਨ੍ਹਾਂ ਨੂੰ ਵੀ ਇਹ ਭਲੀ ਭਾਂਤ ਪਤਾ ਸੀ ਕਿ ਮੈਂ ਇਕ ਵੱਡੇ ਡੇਰੇ ਦਾ ਮੁੱਖੀ ਰਿਹਾ ਸੀ ਤੇ ਲੱਖਾਂ ਦੀ ਗਿਣਤੀ ਵਿਚ, ਨੰਦੇੜ ਦੇ ਆਸ ਪਾਸ ਮੇਰੇ ਸ਼ਰਧਾਲੂ ਸਨ, ਜੋ ਮੇਰੀ ਤਾਬਿਆਂ ਵਿਚ ਸਨ। ਸਿੰਘਾਂ ਨੂੰ ਇਹ ਵੀ ਪਤਾ ਲਗ ਚੁੱਕਾ ਸੀ ਕਿ ਮੈਂ ਮਰਾਠਾ ਫੌਜ ਵਿਚ ਇਕ ਸਿਰਲੱਖ ਸਿਪਾਹੀ ਦੇ ਤੌਰ ਤੇ ਕਈ ਲੜਾਈਆਂ ਲੜ ਚੁੱਕਾ ਸੀ। ਮੈਨੂੰ ਲੜਾਈ ਦੇ ਦਾਓ ਪੇਚਾਂ ਤੇ ਗੁਰੀਲਾ ਲੜਾਈ ਲੜਨ ਦਾ ਕਾਫੀ ਤਜ਼ਰਬਾ ਸੀ।

ਉਸ ਵਕਤ ਗੁਰੂ ਜੀ ਦੇ ਕਈ ਸਿੰਘ ਸਨ, ਜਿੰਨਾਂ ਦੀ ਗੁਰੂ ਜੀ ਨਾਲ ਬਹੁਤ ਨੇੜਤਾ ਸੀ। ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ ਜੋ ਕਹਿੰਦੇ ਸਨ ਕਿ ਦੂਜੇ ਸਤਿਗੁਰੂ ਅੰਗਦ ਦੇਵ ਦੀ ਬਰਾਦਰੀ ਜਾਂ ਅੰਸ਼ ਵਿਚੋਂ ਸਨ। ਇਹ ਦੋਹਵੇਂ ਜਾਣੇ ਵੀ ਮੇਰੇ ਨਾਲ ਸਵਾਲ ਜਵਾਬ ਕਰਨ ਦੀ ਹਿੰਮਤ ਨਹੀਂ ਰੱਖਦੇ ਸਨ। ਇਹਨਾਂ ਦੋਹਵਾਂ ਨੂੰ ਆਪਣੀਆਂ ਕਮਜ਼ੋਰੀਆਂ ਤੇ ਸੀਮਾਵਾਂ ਦਾ ਪਤਾ ਹੋਵੇਗਾ। ਭਾਈ ਬਾਜ਼ ਸਿੰਘ ਤੇ ਰਾਮ ਸਿੰਘ ਵੀ ਸਿੰਘਾਂ ਵਿਚ ਅਸਰ ਰਸੂਖ ਵਾਲੇ ਸਿੰਘ ਸਨ। ਗੁਰੂ ਜੀ ਨਾਲ ਇਹ ਆਮ ਗਲ ਬਾਤ ਕਰਦੇ ਵੇਖੇ ਜਾਂਦੇ ਸਨ। ਕੋਈ ਵੀ ਗੁਰੂ ਦਾ ਸਿੰਘ ਮੇਰਾ ਸਿੰਘਾਂ ਦਾ ਨੇਤਾ ਚੁਣੇ ਜਾਣ ਤੇ ਨਿਰਾਸ਼ ਨਹੀਂ ਸੀ। ਲਗਦਾ ਸੀ ਕਿ ਗੁਰੂ ਜੀ ਨੇ ਇਹ ਅਹਿਮ ਫੈਸਲਾ ਆਪਣੇ ਸਿੰਘਾਂ ਨੂੰ ਪੂਰੇ ਭਰੋਸੇ ਵਿਚ ਲੈ ਕੇ ਕੀਤਾ ਸੀ। ਮੈਨੂੰ ਵੀ ਕਈ ਦਫਾ ਹੈਰਾਨੀ ਹੁੰਦੀ ਸੀ ਕਿ ਗੁਰੂ ਜੀ ਨੇ ਮੇਰੇ ਵਿਚ ਕਿਹੜੀ ਖ਼ੂਬੀ ਵੇਖੀ ਸੀ ਜਿਸ ਸਦਕਾ ਉਹਨਾਂ ਨੇ ਆਪਣੇ ਪੰਜ ਪਿਆਰਿਆਂ ਤੇ ਹੋਰ ਸਿਰਲੱਥ ਸੂਰਮਿਆਂ ਨੂੰ ਨਜ਼ਰ ਅੰਦਾਜ਼ ਕਰਕੇ, ਮੇਰੇ ਹੱਥ ਪੰਥ ਦੀ ਵਾਗ ਡੋਰ ਦਿੱਤੀ ਸੀ। ਗੁਰੂ ਸਾਹਿਬ ਦੇ ਇਹਨਾਂ ਸਿੰਘਾਂ ਨੇ ਪੰਜਾਬ ਤੇ ਨਾਹਨ ਵਿਖੇ ਲੜਾਈਆਂ ਦੌਰਾਨ ਆਪਣੀ ਸੂਰਮਗਤੀ ਦੇ ਜੌਹਰ ਵਿਖਾਏ ਸਨ ਤੇ ਮੈਦਾਨ ਮਾਰੇ ਸਨ। ਮੈਨੂੰ ਇਹ ਸੁਣ ਕੇ ਹੌਂਸਲਾ ਹੁੰਦਾ ਸੀ ਕਿ ਗੁਰੂ ਘਰ ਦੇ ਲਾਂਗਰੀ ਵੀ ਤੇਗਾ ਚਲਾਉਣ ਵਿਚ ਪਿੱਛੇ ਨਹੀਂ ਰਹੇ ਸਨ ਤੇ ਬਚਿੱਤਰ ਸਿੰਘ ਵਰਗਿਆਂ ਮਸਤ ਹਾਥੀਆਂ ਨਾਲ ਦਸਤ ਪੰਜਾ ਲੈਕੇ ਉਹਨਾਂ ਨੂੰ ਰਣ ਛੱਡਕੇ ਭਜਣ ਲਈ ਮਜ਼ਬੂਰ ਕਰ ਦਿੱਤਾ ਸੀ।

ਮੈਂ ਸਮਝਦਾ ਸੀ ਕਿ ਗੁਰੂ ਜੀ ਨੇ ਮੇਰੇ ਉਪਰ ਅਪਾਰ ਕਿਰਪਾ ਕਰਕੇ ਮੇਰੇ ਵਰਗੇ ਨਾਂਗੇ ਸਾਧਾਂ ਨੂੰ ਪੰਥ ਦੀ ਵਾਗਡੋਰ ਸੌਂਪੀ ਸੀ। ਪਹਿਲਾਂ ਪਹਿਲ ਮੈਂ ਅਜਿਹਾ ਬਿਖਮ

ਕਾਰਜ ਲੈ ਕੇ ਚਿੰਤਨ ਹੋਇਆ ਸੀ ਪਰ ਗੁਰੂ ਜੀ ਦਿਲ ਦੀਆਂ ਜਾਨਣ ਵਾਲੇ ਸਨ। ਉਹਨਾਂ ਨੇ ਮੈਨੂੰ ਅੰਮ੍ਰਿਤ ਛਕਾਕੇ ਸਚੀ ਮੁੱਚੀ ਬੱਬਰ ਸ਼ੇਰ ਬਣਾ ਦਿੱਤਾ ਸੀ। ਇਕ ਕਾਰਨ ਹੋਰ ਵੀ ਸੀ। ਮੇਰੇ ਦਿਲ ਵਿਚ ਗ਼ਰੀਬਾਂ ਤੇ ਦਲਿਆਂ ਮਲਿਆਂ ਲਈ ਬਹੁਤ ਹਮਦਰਦੀ ਸੀ। ਮੈਂ ਇਕ ਗ਼ਰੀਬ ਤੇ ਸਧਾਰਨ ਪਰਿਵਾਰ ਵਿਚੋਂ ਆਇਆ ਸੀ। ਮੈਂ ਅਮੀਰਾਂ ਤੇ ਜਗੀਰਦਾਰਾਂ ਨਾਲ ਦਿਲੋਂ ਨਫ਼ਰਤ ਕਰਦਾ ਸੀ। ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਕਿ ਮੇਰੇ ਗੁਰੂ ਜੀ ਵੀ ਗ਼ਰੀਬ ਨਿਵਾਜ਼ ਸਨ। ਉਹਨਾਂ ਨੇ ਮਲਿਕ ਭਾਗੋਆਂ ਨੂੰ ਅਖੋਂ ਪਰੋਖੇ ਕਰਕੇ ਭਾਈ ਲਾਲੋ ਵਰਗਿਆਂ ਨੂੰ ਗਲੇ ਲਗਾਇਆ ਸੀ। ਮੈਂ ਕਈਆਂ ਸਿੰਘਾਂ ਪਾਸੋਂ ਸੁਣਿਆ ਸੀ ਕਿ ਬਾਈ ਧਾਰ ਦੇ ਕਈ ਪਹਾੜੀ ਰਾਜੇ ਖ਼ਾਲਸਾ ਪੰਥ ਵਿਚ ਸ਼ਾਮਿਲ ਹੋਣ ਲਈ ਤਿਆਰ ਸਨ ਜੇਕਰ ਗੁਰੂ ਸਾਹਿਬ ਨੀਵੀਆਂ ਜਾਤਾਂ ਨੂੰ ਆਪਣੇ ਪੰਥ ਵਿਚ ਸ਼ਾਮਲ ਨਾ ਕਰਨ। ਪਰ ਮੇਰੇ ਸਤਿਗੁਰੂ ਨੂੰ ਇਹ ਸ਼ਰਤ ਕਬੂਲ ਨਹੀਂ ਸੀ। ਇਸ ਲਈ ਉਹ ਪਹਾੜੀ ਰਾਜੇ ਪੰਥ ਵਿਚ ਸ਼ਾਮਿਲ ਹੋਣ ਦੀ ਜਗ੍ਹਾ, ਪੰਥ ਨੂੰ ਤਬਾਹ ਕਰਨ ਲਈ ਤੁਲੇ ਹੋਏ ਸਨ। ਜਦੋਂ ਗੁਰੂ ਜੀ ਨੇ ਉਹਨਾਂ ਨੂੰ ਸ਼ਿਕਸਤ ਦਿੱਤੀ ਤਾਂ ਉਹ ਮੁਗ਼ਲ ਫੌਜਾਂ ਕੋਲ ਸਹਾਇਤਾ ਲਈ ਭਜੇ। ਇਸ ਤਰ੍ਹਾਂ ਉਹ ਗੁਰੂ ਜੀ ਨਾਲ ਹਮੇਸਾਂ ਖ਼ੂਨੀ ਟਕਰਾਂ ਲੈਂਦੇ ਰਹੇ ਸਨ। ਮੈਨੂੰ ਇਹ ਸੁਣਕੇ ਬਹੁਤ ਖ਼ੁਸ਼ੀ ਹੋਈ ਸੀ। ਮੈਂ ਵੀ ਹਿੰਦੂ ਜ਼ਿਮੀਦਾਰਾਂ ਤੇ ਫੌਜਦਾਰਾਂ ਤੋਂ ਖ਼ਫਾ ਸਾਂ। ਕਿਉਂਕਿ ਇਹ ਲੋਕ ਗ਼ਰੀਬ ਕਿਸਾਨਾਂ ਤੇ ਬਹੁਤ ਜ਼ੁਲਮ ਕਰਦੇ ਸਨ ਤੇ ਉਹਨਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਹੜੱਪਣਾਂ ਆਪਣਾ ਧਰਮ ਸਮਝਦੇ ਸਨ। ਮਜ਼ਾਰੇ ਤੇ ਗ਼ਰੀਬ ਕਿਸਾਨਾਂ ਦਾ ਇਹਨਾਂ ਟੋਡੀਆਂ ਨੇ ਖ਼ੂਨ ਪੀ ਰੱਖਿਆ ਸੀ।

ਮੈਂ ਸੋਚਣ ਲਗਾ ਕਿ ਗੁਰੂ ਜੀ ਦਾ ਰਸਤਾ ਹੀ ਮੇਰਾ ਰਸਤਾ ਹੈ। ਇਕ ਦਿਨ ਸਵੇਰ ਵੇਲੇ ਜਦੋਂ ਅਸੀਂ ਸ਼ਾਹਵੇਲਾ ਛਕਕੇ ਹਟੇ ਸੀ ਤਾਂ ਗੁਰੂ ਜੀ ਬੈਠੀ ਸੰਗਤ ਨਾਲ ਬਚਨ ਕਰਨ ਲਗੇ। ਸ਼ਾਇਦ ਉਹ ਮੇਰੀ ਜਾਣਕਾਰੀ ਵਿਚ ਇਹ ਗਲਾਂ ਲਿਆਂਉਣਾ ਚਾਹੁੰਦੇ ਸਨ। ਗੁਰੂ ਜੀ ਨੇ ਬੜੇ ਭਾਵਕ ਹੋਕੇ ਇਹ ਫੁਰਮਾਇਆ, ਜਿਹੜਾ ਤਾਕਤ ਦੇ ਹੁੰਦਿਆਂ ਸੁੰਦਿਆਂ ਤੇਰੇ (ਯਾਨੀ ਕਿ ਮੈਂ) ਵਾਂਗੂੰ ਦੁਨੀਆਂ ਛੱਡ ਬੈਠੇ, ਉਸਨੂੰ ਧਰਮਾਤਮਾਂ ਨਹੀਂ ਕਿਹਾਜਾ ਸਕਦਾ। ਤੇਰੇ (ਮੇਰੇ) ਮੁਲਕ ਵਾਸੀਆਂ ਦੀ ਜ਼ਿੰਦ ਜਾਨ, ਮਾਲ ਸਬਾਬ ਤੇ ਮਾਣ ਇੱਜ਼ਤ ਸੁਰੱਖਿਅਤ ਨਹੀਂ ਹੈ। ਭੋਲੀ ਭਾਲੀ ਜਨਤਾ ਨੂੰ ਨਿਰਦੋਸ਼ੇ ਹੀ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ। ਲੋਕਾਂ ਦਾ ਜ਼ਬਰਦਸਤੀ ਜੱਦੀ ਧਰਮ ਬਦਲਿਆ ਜਾ ਰਿਹਾ ਹੈ। ਲੋਕਾਂ ਨਾਲ ਆਏ ਦਿਨ ਧੱਕੇਸ਼ਾਹੀਆਂ ਹੋ ਰਹੀਆਂ ਹਨ। ਔਰਤਾਂ ਨਾਲ ਜ਼ਬਰਜਨਾਹ ਹੋ ਰਹੇ ਸਨ। ਮਾਸੂਮ ਬਚਿਆਂ ਨੂੰ, ਉਹਨਾਂ ਦੇ ਵੱਡਿਆਂ ਨਾਲ ਦੁਸ਼ਮਣੀ ਕਾਰਨ, ਅਕਾਰਨ ਹੀ ਫਾਹੇ ਲਾਇਆ ਜਾ ਰਿਹਾ ਹੈ। ਲੋਕਾਂ ਨੂੰ ਆਪਣੇ ਦੁੱਖੜੇ ਫੋਲਣ ਦੀ ਅਜ਼ਾਦੀ ਨਹੀਂ। ਮਰਾਠਿਆਂ ਦੇ ਦੇਸ਼ ਵਿਚ ਵੀ ਮੁਗ਼ਲ ਹਕੂਮਤ ਇਹੀ ਕੁਝ ਕਰ ਰਹੀ ਹੈ। ਜ਼ਾਲਿਮਾਂ ਨੂੰ ਕੋਈ ਪੁੱਛਣ ਵਾਲਾ ਨਹੀਂ। ਹਕੂਮਤ ਆਪਣੇ ਫੌਜਦਾਰਾਂ ਤੇ ਜਗੀਰਦਾਰਾਂ ਰਾਹੀਂ ਇਹ ਲੁੱਟ ਖਸੁੱਟ ਕਰ ਰਹੀ ਹੈ। ਸ਼ਿਵਾ ਜੀ ਦੇ

ਪਰਿਵਾਰ ਤੇ ਸਾਥੀਆਂ ਦਾ ਮੁਗ਼ਲ ਸਰਕਾਰ ਨੇ ਜਲੂਸ ਕੱਢਕੇ ਰੱਖ ਦਿੱਤਾ ਹੈ। ਉੱਤਰ ਵਿਚ ਰਾਜਪੂਤਾਂ ਆਪਣੀ ਅਣਖ ਤੇ ਆਬਰੂ ਤਿਆਗ ਕੇ ਮੁਗ਼ਲਾਂ ਦੇ ਹੱਥ ਠੋਕੇ ਬਣ ਕੇ ਰਹਿ ਗਏ ਹਨ। ਆਪਣੀਆਂ ਬੇਟੀਆਂ ਤੇ ਭੈਣਾਂ ਦੇ ਮੁਗ਼ਲਾਂ ਨਾਲ ਰਿਸ਼ਤੇ ਕਰਕੇ ਆਪਣੀਆਂ ਰਿਆਸਤਾਂ ਮਹਿਫੂਜ਼ ਕਰ ਰਹੇ ਹਨ। ਕਦੀ ਕਿਸੇ ਮੁਗ਼ਲ ਨੇ ਆਪਣੀ ਬੇਟੀ ਦਾ ਰਿਸ਼ਤਾ ਕਿਸੇ ਹਿੰਦੋਸਤਾਨੀ ਨਾਲ ਕੀਤਾ ਹੈ? ਇਸ ਦੀ ਕੋਈ ਮਿਸਾਲ ਨਹੀਂ ਮਿਲੇਗੀ। ਮਥੁਰਾ ਦੇ ਜੱਟਾਂ ਨੂੰ ਕੁੱਚਲ ਦਿੱਤਾ ਗਿਆ ਹੈ। ਨਾਰ ਨੌਲ ਦੇ ਸਤਿਨਾਮੀਆਂ ਦੀ ਹੋਂਦ ਮੂਲੋਂ ਹੀ ਖ਼ਤਮ ਕਰ ਦਿੱਤੀ ਗਈ ਹੈ। ਮੇਰੇ ਸਾਰੇ ਪਰਿਵਾਰ ਤੇ ਹਜ਼ਾਰਾਂ ਸਿੱਖਾਂ ਦਾ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਬੰਦਾ ਸਿੰਘ ਤੂੰ ਵੀ ਇਕ ਰਾਜਪੂਤ ਏਂ। ਤੂੰ ਤੰਦਰੁਸਤ, ਰਿਸ਼ਟ ਪੁਸ਼ਟ ਤੇ ਬਲਵਾਨ ਆਤਮਾ ਦਾ ਮਾਲਿਕ ਏਂ। ਜਦੋਂ ਕੌਮ ਚੀਕ-ਚੀਕ ਕੇ ਤੈਨੂੰ ਪੁਕਾਰ ਰਹੀ ਹੈ ਤਾਂ ਇਕ ਤਿਆਗੀ ਤੇ ਤਾਂਤਰਿਕ ਦੀ ਜ਼ਿੰਦਗੀ ਜੀਣਾ ਤੈਨੂੰ ਸੋਭਾ ਨਹੀਂ ਦਿੰਦਾ। ਇਕ ਸੂਰਬੀਰ ਰਾਜਪੂਤ ਦਾ ਲਹੂ ਤੇਰੀਆਂ ਰਗਾਂ ਵਿਚ ਹੈ। ਤੂੰ ਰਾਣੇ ਪ੍ਰਤਾਪ ਦੀ ਦੇਸ਼ ਭਗਤੀ ਦਾ ਜਾਨਸ਼ੀਨ ਏਂ। ਅਜ ਧਰਮ ਯੁੱਧ ਦਾ ਐਲਾਨ ਹੋ ਚੁੱਕਾ ਹੈ। ਨਗਾਰੇ ਤੇ ਚੋਟ ਵੱਜ ਚੁੱਕੀ ਹੈ। ਅਜਿਹੇ ਨਾਜ਼ੁਕ ਸਮੇਂ ਤੇਰੇ ਵਰਗੇ ਚੇਤੰਨ ਮਨੁੱਖਾਂ ਦਾ ਅਰਾਮ ਨਾਲ ਬੈਠਣਾਂ ਹਰਗਿਜ਼ ਜਾਇਜ਼ ਨਹੀਂ। ਮਰਨਾਂ ਤਾਂ ਬੰਦਾ ਸਿੰਘ ਹਰ ਇਕ ਨੇ ਹੈ। ਮੌਤ ਨੂੰ ਕੋਈ ਰਾਜਾ ਮਹਾਰਾਜਾ ਰੋਕ ਨਹੀਂ ਸਕਦਾ। ਮੌਤ ਤਾਂ ਹਰੇਕ ਲਈ ਨਿਸਚਤ ਹੈ। ਜੇਕਰ ਆਖ਼ਿਰ ਮਰਨਾ ਹੀ ਤਾਂ ਕਿਉਂ ਨਾ ਜੀਵਨ ਨੂੰ ਕਿਸੇ ਕੌਮੀ ਨਿਸ਼ਾਨੇ ਦੇ ਲੇਖੇ ਲਾਇਆ ਜਾਵੇ। ਜਿਹੜਾ ਧਰਮ ਤੇ ਕੌਮ ਦੀ ਖਾਤਿਰ ਬਲੀਦਾਨ ਦਿੰਦਾ ਹੈ, ਉਸਨੂੰ ਲੋਕ ਰਹਿੰਦੀ ਦੁਨੀਆਂ ਤੱਕ ਯਾਦ ਕਰਦੇ ਹਨ।

ਬੰਦਾ ਸਿੰਘ ਤੂੰ ਕੇਵਲ ਮੇਰਾ ਬੰਦਾ ਹੀ ਨਹੀਂ। ਨਾਲ ਸਿੰਘ ਵੀ ਹੈਂ। ਨਾਲ ਬਹਾਦਰ ਤੇ ਤੇਜਸਵੀਂ ਵੀ ਹੈਂ। ਰਾਜਪੂਤ ਇੰਝ ਜੰਗਲਾਂ ਵਿਚ ਨਹੀਂ ਲੁਕੇ ਫਿਰਦੇ। ਤੇਰੇ ਪਿੰਡੇ ਤੇ ਭਬੂਤੀ ਨਹੀਂ, ਸ਼ਸਤਰ ਸਜਦੇ ਹਨ। ਤੇਰੇ ਵਿਚ ਅਥਾਹ ਸ਼ਕਤੀ ਹੈ। ਇਸੇ ਲਈ ਤੇਰੇ ਹਜ਼ਾਰਾਂ ਸ਼ਰਧਾਲੂ ਨੇ। ਇਸ ਸ਼ਕਤੀ ਨੂੰ ਤੂੰ ਕੌਮ ਦੇ ਹਿੱਤ ਲਈ ਇਸਤੇਮਾਲ ਕਰ। ਤੈਨੂੰ ਜਨਮ ਦੇਣ ਵਾਲੀ ਧਰਤੀ ਹਜ਼ਾਰਾਂ ਜ਼ੰਜੀਰਾਂ ਤੇ ਹੱਥਕੜੀਆਂ ਵਿਚ ਜਕੜੀ ਹੋਈ ਹੈ। ਜਿਸ ਧਰਤੀ ਮਾਤਾ ਨੇ ਤੈਨੂੰ ਜਨਮ ਦਿੱਤਾ ਹੈ, ਉਸਦੀ ਲਾਜ ਰੱਖ, ਉਸਦੀਆਂ ਜੰਜ਼ੀਰਾਂ ਤੋੜ। ਇਸੇ ਵਿਚ ਹੀ ਤੇਰੀ, ਪੰਥ ਤੇ ਦੇਸ਼ ਦੀ ਭਲਾਈ ਹੈ। ਨਵਾਂ ਧਰਮ ਅਪਨਾਉਣ ਉਪਰੰਤ ਮੈਂ ਪਹਿਲੇ ਧਰਮ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜ ਲਿਆ ਸੀ। ਮੈਂ ਪਹਿਲਾਂ ਵਾਂਗ ਆਪਣਾ ਨਿਤਨੇਮ ਯੋਗਿਕ ਅਭਿਆਸ ਨਾਲ ਸ਼ੁਰੂ ਨਹੀਂ ਕਰਦਾ ਸੀ। ਮੈਂ ਹਰ ਰੋਜ਼ ਪਾਠ ਪੂਜਾ ਕਰਦਾ ਸੀ। ਮੇਰੇ ਸਿੰਘ ਹਰ ਰੋਜ਼ ਪੰਜਾਂ ਬਾਣੀਆਂ ਦਾ ਪਾਠ ਕਰਕੇ ਹੀ ਆਪਣਾ ਰੋਜ਼ਮਰਾ ਜੀਵਨ ਸ਼ੁਰੂ ਕਰਦੇ ਸਨ। ਮੈਨੂੰ ਹਾਲੇ ਇਹ ਪਾਠ ਜ਼ੁਬਾਨੀ ਯਾਦ ਨਹੀਂ ਸੀ। ਇਹ ਬਹੁਤਾ ਸਾਧ ਭਾਸ਼ਾ ਵਿਚ ਸੀ। ਸਾਧ ਭਾਸ਼ਾ ਮੈਂ ਚੰਗੀ ਤਰ੍ਹਾਂ ਸਮਝਦਾ ਸੀ। ਭਾਵੇਂ ਮੇਰੀ ਮਾਤ ਬੋਲੀ ਪੂਰੀ ਤਰ੍ਹਾਂ

ਪੰਜਾਬੀ ਨਹੀਂ ਸੀ ਪਰੰਤੂ ਇਹ ਪੰਜਾਬੀ ਨਾਲ ਬਹੁਤ ਮਿਲਦੀ ਜੁਲਦੀ ਸੀ। ਗੁਰੂ ਸਾਹਿਬ ਵੀ ਬਹੁਤਾ ਸਾਧ ਭਾਸ਼ਾ ਦਾ ਹੀ ਪ੍ਰਯੋਗ ਕਰਦੇ ਸਨ। ਪਰ ਉਹਨਾਂ ਨੇ ਪੰਜਾਬੀ ਬੋਲਣੀ ਵੀ ਲਗਭਗ ਸਿੱਖ ਲਈ ਸੀ। ਉਹ ਤਾਂ ਕਈਆਂ ਭਾਸ਼ਾਵਾਂ ਦੇ ਵਿਦਵਾਨ ਸਨ। ਉਹਨਾਂ ਨਾਲ ਗਲਾਂਬਾਤਾਂ ਕਰਕੇ ਮੈਂ ਵੀ ਕਾਫ਼ੀ ਹੱਦ ਤੱਕ ਪੰਜਾਬੀ ਬੋਲੀ ਬੋਲਣੀ ਸਿਖ ਲਈ ਸੀ। ਇਸ ਲਈ ਮੈਂ ਸ਼ਕਲ ਸੂਰਤ ਤੇ ਬੋਲਚਾਲ ਵਿਚ ਓਪਰਾ ਨਹੀਂ ਲਗਦਾ ਸੀ ਜਿਵੇਂ ਕਿ ਮੈਂ ਮਰਾਠਿਆਂ ਵਿਚ ਲਗਦਾ ਹੁੰਦਾ ਸੀ। ਹੌਲੀ-ਹੌਲੀ ਸਿੰਘਾਂ ਨੂੰ ਮੈਂ ਆਪਣੇ ਪਰਿਵਾਰ ਦਾ ਮੈਂਬਰ ਹੀ ਸਮਝਦਾ ਸੀ। ਆਖ਼ਿਰ ਅਸੀਂ ਗੁਰਭਾਈ ਸਾਂ। ਜੇਕਰ ਸਾਡਾ ਗੁਰੂ ਇਕ ਅਜ਼ੀਮ ਯੋਧਾ ਸੀ ਤਾਂ ਅਸੀਂ ਉਸਦੇ ਸਿੱਖ ਹੋ ਕੇ ਕਿਵੇਂ ਬੁਜ਼ਦਿਲ ਹੋ ਸਕਦੇ ਸੀ?

ਇਕ ਦਿਨ ਸਾਡੇ ਕੈਂਪ ਵਿਚ ਇਕ ਘਟਨਾ ਵਾਪਰੀ। ਗੁਰੂ ਜੀ ਆਪਣੇ ਤੰਬੂ ਵਿਚ ਅਰਾਮ ਫਰਮਾ ਰਹੇ ਸਨ। ਅੱਧੀ ਕੁ ਰਾਤ ਦਾ ਵੇਲਾ ਸੀ। ਸਾਰੇ ਸਿੰਘ ਵੀ ਸੌਂ ਰਹੇ ਸਨ। ਮੈਂ ਵੀ ਉਸ ਦਿਨ ਜਲਦੀ ਹੀ ਸੌਂ ਗਿਆ ਸੀ। ਗੁਰੂ ਜੀ ਦੇ ਤੰਬੂ ਦੁਆਲੇ ਦੋ ਸਿੰਘ ਪਹਿਰਾ ਦੇ ਰਹੇ ਸਨ। ਸ਼ਾਇਦ ਉਹਨਾਂ ਨੂੰ ਝਪਕੀ ਆ ਗਈ ਸੀ ਜਾਂ ਫਿਰ ਉਹਨਾਂ ਨੂੰ ਕੋਈ ਚੀਜ਼ ਖਵਾਕੇ ਸੁਲਾਇਆ ਗਿਆ ਸੀ। ਦੋ ਪਠਾਣ ਸਾਡੇ ਕੈਂਪ ਵਿਚ ਸਨ ਜੋ ਆਪਣੇ ਆਪ ਨੂੰ ਪੀਰ ਬੁੱਧੂ ਸ਼ਾਹ ਦੇ ਰਿਸ਼ਤੇਦਾਰ ਕਹਿਲਾਉਂਦੇ ਸਨ। ਪੀਰ ਬੁੱਧੂ ਸ਼ਾਹ ਦੀ ਗੁਰੂ ਜੀ ਬਹੁਤ ਕਦਰ ਕਰਦੇ ਸਨ। ਉਹਨਾਂ ਨੇ ਗੁਰੂ ਜੀ ਦੀ ਸੰਕਟ ਵੇਲੇ ਮਦਦ ਕੀਤੀ ਸੀ ਜਦੋਂ ਕਿ ਉਦਾਸੀ ਸਾਧ ਗੁਰੂ ਜੀ ਦਾ ਸਾਥ ਛੱਡ ਗਏ ਸਨ। ਇਸ ਕਰਕੇ ਕਿਸੇ ਨੇ ਇਹਨਾਂ ਪਠਾਣਾਂ ਤੇ ਸ਼ੱਕ ਨਾ ਕੀਤਾ ਤੇ ਉਹ ਅਕਸਰ ਗੁਰੂ ਜੀ ਦੀ ਤਾਬਿਆ 'ਤੇ ਬੈਠੇ ਰਹਿੰਦੇ ਸਨ। ਇਸ ਵਿਸ਼ਵਾਸ਼ ਨੂੰ ਘਾਤ ਕਰਦਿਆਂ ਹੋਇਆਂ ਇਕ ਅੱਧੀ ਰਾਤ ਨੂੰ ਗੁਰੂ ਜੀ ਜਦ ਕਮਰਕੱਸਾ ਉਤਾਰ ਕੇ ਆਰਾਮ ਕਰ ਰਹੇ ਸਨ ਤਾਂ ਇਕ ਜਾਣੇ ਨੇ ਮੌਕਾ ਤਾੜ ਕੇ, ਜਦੋਂ ਪਹਿਰੇਦਾਰ ਵੀ ਅਵੇਸਲੇ ਹੋ ਕੇ ਊਂਘ ਰਹੇ ਸਨ, ਉਸ ਵਕਤ ਇਕ ਖੰਜ਼ਰ ਨਾਲ ਗੁਰੂ ਜੀ ਉਪਰ ਕਾਤਲਾਨਾ ਹਮਲਾ ਕਰ ਦਿੱਤਾ। ਗੁਰੂ ਜੀ ਉੱਠੇ ਤੇ ਉਹਨਾਂ ਨੇ ਆਪਣੀ ਕਿਰਪਾਨ ਨਾਲ ਵਾਰ ਕਰਕੇ ਉਸ ਪਠਾਣ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਦੂਜਾ ਪਠਾਣ ਭੱਜਣ ਲਗਾ ਸੀ ਪਰ ਪਹਿਰੇਦਾਰਾਂ ਨੇ ਉਸਨੂੰ ਘੇਰ ਕੇ ਉਸ ਉਪਰ ਵਾਰ ਕੀਤਾ। ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਡਿੱਗ ਪਿਆ। ਅਸੀਂ ਰੌਲਾ ਰੱਪਾ ਸੁਣਕੇ ਆਏ ਤਾਂ ਵੇਖਿਆ ਕਿ ਗੁਰੂ ਜੀ ਲਹੂ ਲੁਹਾਣ ਹੋਏ ਪਏ ਸਨ। ਸਿੰਘਾਂ ਉਹਨਾਂ ਦੇ ਜ਼ਖ਼ਮ ਉਪਰ ਮਲਮ ਪਟੀ ਕੀਤੀ ਤੇ ਜ਼ਖ਼ਮ ਨੂੰ ਬੰਨ੍ਹ ਦਿੱਤਾ ਗਿਆ। ਪਰ ਖ਼ੂਨ ਬਹੁਤ ਵਗ ਚੁੱਕਾ ਸੀ। ਪਰ ਫਿਰ ਵੀ ਸਤਿਗੁਰੂ ਚੜ੍ਹਦੀ ਕਲਾ ਵਿਚ ਸਨ। ਉਹਨਾਂ ਨੂੰ ਜਦ ਦਸਿਆ ਕਿ ਦੂਜਾ ਪਠਾਣ ਸਿੰਘਾਂ ਦੇ ਕਾਬੂ ਆ ਗਿਆ ਹੈ। ਉਸਨੇ ਮਰਨ ਤੋਂ ਪਹਿਲਾਂ ਇਹ ਦਸਿਆ ਕਿ ਉਸਨੂੰ ਵਜ਼ੀਰ ਖਾਨ ਨੇ ਸਰਹੰਦ ਤੋਂ ਭੇਜਿਆ ਹੈ। ਗੁਰੂ ਜੀ ਨੇ ਮੈਨੂੰ ਆਖਿਆ, ਬੰਦਾ ਸਿੰਘ ਇਸ ਦੁਸ਼ਟ ਨੂੰ ਕਿਸੇ ਹਾਲਤ ਵਿਚ ਨਹੀਂ ਬਖਸ਼ਣਾ। ਇਸਨੇ ਸਾਡੇ ਨਾਲ ਵਹਿਸ਼ੀਆਂ

ਵਾਲਾ ਵਿਹਾਰ ਕੀਤਾ ਏ। ਸਾਰੇ ਮੁਸਲਮਾਨ ਜ਼ਾਲਿਮ ਨਹੀਂ ਹਨ। ਸਾਡੇ ਲਈ ਤਾਂ ਉਹ ਲੋਕ ਜੋ ਨਿਰਦੋਸ਼ਾਂ ਉਪਰ ਜ਼ੁਲਮ ਕਰਦੇ ਹਨ, ਉਹ ਦਰਿੰਦੇ ਤੇ ਵਹਿਸ਼ੀ ਹਨ। ਉਹ ਭਾਵੇਂ ਮੁਸਲਮਾਨ ਹੋਣ ਚਾਹੇ ਹਿੰਦੂ। ਸਾਡੀ ਲੜਾਈ ਵਜ਼ੀਰ ਖ਼ਾਨ ਵਰਗੇ ਜ਼ਾਲਿਮਾਂ ਤੇ ਉਸਦੇ ਜ਼ਾਲਿਮ ਫੌਜਦਾਰਾਂ ਤੇ ਜ਼ਗੀਰਦਾਰਾਂ ਨਾਲ ਹੈ। ਆਮ ਹਿੰਦੂ ਤੇ ਮੁਸਲਮਾਨ ਵਿਚ ਕੋਈ ਫਰਕ ਨਹੀਂ। ਅਸਾਂ ਗੁਰੂ ਜੀ ਨੂੰ ਦੁੱਧ ਗਰਮ ਕਰਕੇ ਪਿਲਾਇਆ ਤੇ ਉਹਨਾਂ ਨੂੰ ਅਰਾਮ ਕਰਨ ਲਈ ਆਖਿਆ। ਉਹ ਲੰਮੇ ਪੈ ਗਏ ਤੇ ਪਹਿਰੇਦਾਰਾਂ ਨੂੰ ਚੌਕਸ ਕਰਕੇ, ਆਪੋ ਆਪਣੇ ਟਿਕਾਣਿਆਂ ਵਿਚ ਜਾ ਕੇ ਸੌਂ ਗਏ।

ਗੁਰੂ ਜੀ ਉਪਰ ਕਾਤਲਨਾ ਹਮਲੇ ਦੀ ਖ਼ਬਰ ਬਹਾਦਰ ਸ਼ਾਹ ਕੋਲ ਪੁੱਜੀ। ਉਸਨੇ ਹਮਦਰਦੀ ਵਜੋਂ ਆਪਣੇ ਹਕੀਮ ਗੁਰੂ ਜੀ ਪਾਸ ਭੇਜੇ। ਇਹਨਾਂ ਜ਼ਿਰਾਹਾਂ ਨੇ ਗੁਰੂ ਜੀ ਦੇ ਜ਼ਖ਼ਮ ਨੂੰ ਦਵਾਈ ਲਗਾਕੇ ਬੰਨ੍ਹ ਦਿੱਤਾ। ਗੁਰੂ ਜੀ ਨੂੰ ਮੁਕੰਮਲ ਅਰਾਮ ਕਰਨ ਦੀ ਸਲਾਹ ਦਿੱਤੀ ਗਈ। ਪਰ ਅਰਾਮ ਨਾਲ ਬੈਠਣਾ ਗੁਰੂ ਜੀ ਦੇ ਸੁਭਾਅ ਦਾ ਹਿੱਸਾ ਨਹੀਂ ਸੀ। ਇਹਨਾਂ ਦਿਨਾਂ ਵਿਚੋਂ ਆਲੇ ਦੁਆਲੇ ਇਲਾਕਿਆਂ ਤੋਂ ਜੋ ਵੀ ਸੇਵਕ ਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ, ਅਸੀਂ ਉਹਨਾਂ ਨੂੰ ਵਾਪਿਸ ਜਾਣ ਲਈ ਆਖਦੇ। ਜਦੋਂ ਅਸੀਂ ਉਹਨਾਂ ਨੂੰ ਗੁਰੂ ਜੀ ਦੀ ਤਬੀਅਤ ਖ਼ਰਾਬ ਹੋਣ ਬਾਰੇ ਦੱਸਦੇ ਤਾਂ ਉਹ ਸਗੋਂ ਗੁਰੂ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕਰਦੇ। ਡੇਰੇ ਵਾਲੇ ਸਿੰਘ ਤਾਂ ਇਸ ਮਜ਼ਬੂਰੀ ਨੂੰ ਸਮਝ ਸਕਦੇ ਸਨ ਪਰੰਤੂ ਬਾਹਰੋਂ ਆਇਆਂ ਨੂੰ ਰੋਕਣਾ ਬੜਾ ਮੁਸ਼ਕਿਲ ਸੀ। ਜਦੋਂ ਗੁਰੂ ਜੀ ਨੂੰ ਪਤਾ ਲਗਦਾ ਕਿ ਕੋਈ ਉਹਨਾਂ ਨੂੰ ਮਿਲਣ ਆਇਆ ਹੈ ਤਾਂ ਉਹ ਫੌਰਨ ਉਸਨੂੰ ਉਹਨਾਂ ਕੋਲ ਭੇਜਣ ਲਈ ਆਖਦੇ। ਇਸ ਕਲਿਆਣਕਾਰੀ ਸੁਭਾਅ ਕਾਰਨ, ਉਹਨਾਂ ਨੂੰ ਵਾਜ਼ਿਬ ਅਰਾਮ ਨਹੀਂ ਸੀ ਮਿਲ ਰਿਹਾ। ਭਾਵੇਂ ਸ਼ਾਹੀ ਹਕੀਮ ਜ਼ਖ਼ਮ ਨੂੰ ਸਾਫ ਕਰਕੇ ਪੱਟੀ ਕਰ ਗਏ ਸਨ ਤੇ ਇਕ ਦਿਨ ਛੱਡਕੇ ਪੱਟੀਆਂ ਕਰਨ ਲਈ ਕਹਿ ਗਏ ਸਨ। ਹਲਦੀ ਤੇ ਹੋਰ ਖਾਣ ਵਾਲੀਆਂ ਦਵਾਈਆਂ ਵੀ ਦੇ ਗਏ ਸਨ ਪਰ ਜ਼ਖ਼ਮ ਸਹੀ ਨਹੀਂ ਸੀ ਹੋ ਰਿਹਾ। ਦਰਦ ਦਿਨੋ ਦਿਨ ਵਧ ਰਹੀ ਸੀ। ਇਹਨਾਂ ਹੀ ਦਿਨਾਂ ਵਿਚ ਜਦੋਂ ਗੁਰੂ ਜੀ ਨੇ ਰਾਤ ਅੰਗੜਾਈ ਲਈ ਤਾਂ ਜ਼ਖ਼ਮ ਦੇ ਤੋਪੇ ਢਿਲੇ ਹੋ ਗਏ। ਜ਼ਖ਼ਮਾਂ ਵਿਚੋਂ ਫਿਰ ਖ਼ੂਨ ਸਿੰਮਣ ਲਗ ਪਿਆ।

ਇਸ ਮੌਕੇ ਤੇ ਅਸਾਂ ਫੈਸਲਾ ਕੀਤਾ ਕਿ ਬਹਾਦਰ ਸ਼ਾਹ ਪਾਸ ਜਿਹੜੀ ਫੌਜ ਭੇਜੀ ਹੋਈ ਸੀ, ਉਸਨੂੰ ਵਾਪਿਸ ਬੁਲਾ ਲਿਆ ਜਾਵੇ। ਗੁਰੂ ਜੀ ਨੇ ਵੀ ਹਾਂ ਕਰ ਦਿੱਤੀ। ਬਹਾਦਰ ਸ਼ਾਹ ਦੀ ਅਸਲੀਅਤ ਦਾ ਹੁਣ ਤੱਕ ਪਤਾ ਲੱਗ ਚੁੱਕਾ ਸੀ। ਹੁਣ ਸਿੰਘਾਂ ਦੀ ਫੌਜ ਬਾਦਸ਼ਾਹ ਕੋਲ ਰੱਖਣ ਦੀ ਕੋਈ ਤੁਕ ਨਹੀਂ ਸੀ ਰਹੀ। ਜਦੋਂ ਬਹਾਦਰ ਸ਼ਾਹ ਦੇ ਹਕੀਮਾਂ ਨੂੰ ਇਹ ਦੱਸਿਆ ਗਿਆ ਕਿ ਇਹ ਕਾਰਾ ਵਜ਼ੀਰ ਖਾਨ ਵਲੋਂ ਭੇਜੇ ਹੋਏ ਕਾਤਿਲਾਂ ਦਾ ਹੈ ਤਾਂ ਕਈ ਸਤਵਾਰੇ ਗੁਜ਼ਰਨ ਬਾਅਦ ਵੀ ਬਾਦਸ਼ਾਹ ਨੇ ਆਪਣੇ ਸੂਬੇਦਾਰ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਇਸ ਵੇਲੇ ਕੁਝ ਸਿੰਘਾਂ ਦਾ ਇਹ ਵਿਚਾਰ ਵੀ ਸੀ ਕਿ ਇਹ ਕਾਰਾ ਬਾਦਸ਼ਾਹ ਦੀ ਮਿਲੀ ਭੁਗਤ ਨਾਲ ਹੀ ਵਜ਼ੀਰ ਖ਼ਾਨ

ਨੇ ਕਰਵਾਇਆ ਹੈ। ਇਸ ਨਾਲ ਮੈਂ ਵੀ ਸਹਿਮਤ ਸੀ। ਪਰ ਗੁਰੂ ਜੀ ਨੂੰ ਬਹਾਦਰ ਸ਼ਾਹ ਉਪਰ ਸ਼ੱਕ ਨਹੀਂ ਸੀ। ਉਹ ਕਹਿੰਦੇ ਸਨ ਕਿ ਬਹਾਦਰ ਸ਼ਾਹ ਆਪਣੇ ਦੁਸ਼ਮਣਾਂ ਨਾਲ ਘਿਰ ਗਿਆ ਹੈ। ਉਸਦੀਆਂ ਮੁਸੀਬਤਾਂ ਨੇ ਉਸਦੀ ਮੱਤ ਮਾਰ ਰੱਖੀ ਹੈ। ਇਸ ਵੇਲੇ ਉਹਨੂੰ ਆਪਣੇ ਹਰ ਸੂਬੇਦਾਰ ਦੀ ਲੋੜ ਸੀ। ਇਸ ਲਈ ਉਹ ਸਿੱਖਾਂ ਦੀ ਖ਼ਾਤਿਰ ਆਪਣੇ ਹੁਕਮਰਾਨਾਂ ਨਾਲ ਸੰਬੰਧ ਖ਼ਰਾਬ ਨਹੀਂ ਸੀ ਕਰਨਾ ਚਾਹੁੰਦਾ। ਗਲ ਕੀ, ਇਸ ਘੜੀ ਵੇਲੇ ਸਾਡਾ ਆਪਣੀ ਫੌਜ ਨੂੰ ਵਾਪਿਸ ਬੁਲਾਣਾ ਜਾਇਜ਼ ਸੀ।

ਗੁਰੂ ਜੀ ਨੇ ਵੈਸੇ ਤਾਂ ਸਾਡੇ ਨਾਲ ਪੰਜਾਬ ਜਾਣਾ ਸੀ ਪਰ ਉਹਨਾਂ ਦੀ ਤਬੀਅਤ ਕਾਰਨ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਮੌਜੂਦਾ ਹਾਲਾਤ ਸਿਖਾਂ ਲਈ ਮੁਆਫਿਕ ਹਨ, ਇਸ ਲਈ ਲੋਹਾ ਜਦੋਂ ਗਰਮ ਹੋਵੇ ਉਸ ਉਪਰ ਸੱਟ ਮਾਰਨੀ ਜਾਇਜ਼ ਹੈ। ਗੁਰੂ ਜੀ ਨੇ ਆਪਣੇ ਸਿੰਘਾਂ ਦੀ ਇਕ ਹੰਗਾਮੀ ਸਭਾ ਬੁਲਾਈ ਜਿਸ ਵਿਚ ਭਵਿੱਖ ਬਾਰੇ ਪ੍ਰੋਗਰਾਮ ਤਹਿ ਕਰਨਾ ਸੀ। ਭਾਵੇਂ ਪੰਜ ਹਜ਼ਾਰ ਫੌਜ ਦੇ ਆਉਣ ਨਾਲ, ਉਸਦਾ ਪ੍ਰਬੰਧ ਕਰਨਾ ਕਠਿਨ ਹੋ ਰਿਹਾ ਸੀ ਪਰ ਮੈਂ ਕੁਝ ਮਾਇਆ ਜੋ ਨਾਲ ਲੈ ਕੇ ਆਇਆ ਸੀ, ਉਹ ਇਸ ਵਕਤ ਸਾਡੇ ਕੰਮ ਆ ਰਹੀ ਸੀ। ਮੀਟਿੰਗ ਵਿਚ ਗੁਰੂ ਜੀ ਨੇ ਸਾਡੇ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ, ਸਭਾ ਨੂੰ ਫਰਮਾਇਆ, ਖ਼ਾਲਸਾ ਜੀ! ਹੁਣ ਤੁਹਾਡਾ ਪੰਜਾਬ ਵਲ ਕੂਚ ਕਰਨ ਦਾ ਵਕਤ ਆਗਿਆ ਹੈ। ਮੈਂ ਵੀ ਆਪਦੇ ਨਾਲ ਜਾਣਾ ਸੀ ਪਰ ਮੈਂ ਇਸ ਹਾਲਤ ਵਿਚ ਇੰਨਾ ਲੰਮਾ ਸਫ਼ਰ ਨਹੀਂ ਕਰ ਸਕਦਾ। ਮੈਂ ਬੰਦਾ ਸਿੰਘ ਬਹਾਦਰ ਨੂੰ ਸਿੰਘਾਂ ਦੀ ਫੌਜ ਦਾ ਜਰਨੈਲ ਨਿਯੁਕਤ ਕਰਦਾ ਹਾਂ। ਉਸਦੇ ਸਲਾਹ ਮਸ਼ਵਰੇ ਲਈ ਪੰਜ ਮੈਂਬਰੀ ਪੰਚਾਇਤ ਕਾਇਮ ਕੀਤੀ ਗਈ ਹੈ। ਇਹ ਮੈਂਬਰ ਭਾਈ ਬਿਨੋਦ ਸਿੰਘ, ਭਾਈ ਰਣ ਸਿੰਘ, ਭਾਈ ਬਾਜ ਸਿੰਘ, ਭਾਈ ਕਾਹਨ ਸਿੰਘ ਤੇ ਭਾਈ ਰਾਮ ਸਿੰਘ ਹੋਣਗੇ। ਬੰਦਾ ਸਿੰਘ ਇਸ ਪੰਚਾਇਤ ਦੀ ਸਲਾਹ ਮਸ਼ਵਰੇ ਨਾਲ ਪੰਥ ਲਈ ਸਾਰੇ ਫੈਸਲੇ ਕਰੇਗਾ। ਪੰਜਾਬ ਦੇ ਮਾਲਵੇ ਤੇ ਮਾਝੇ ਵਿਚ ਮੇਰੀ ਬੜੀ ਸਿੱਖੀ ਸੇਵਕੀ ਹੈ। ਉਹ ਲੋਕ ਵੀ ਸਾਡੇ ਵਾਂਗ ਮੁਗ਼ਲ ਹਾਕਮਾਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਤੋਂ ਪਰੇਸ਼ਾਨ ਹਨ। ਉਹਨਾਂ ਦੇ ਨਾਮ ਮੈਂ ਪੰਜ ਹੁਕਮਨਾਮੇ ਲਿਖ ਦਿੱਤੇ ਹਨ। ਤੁਸਾਂ ਪੰਜਾਬ ਪਹੁੰਚਕੇ ਇਹਨਾਂ ਹੁਕਮਨਾਮਿਆਂ ਨਾਲ ਉਥੋਂ ਦੀ ਸਿੱਖ ਸੰਗਤ ਨੂੰ ਆਪਣੇ ਕੋਲ ਬੁਲਾਉਣਾ ਹੈ। ਸਿੰਘ ਮੇਰੇ ਹੁਕਮਨਾਮਿਆਂ ਦੀ ਬੜੇ ਚਿਰ ਤੋਂ ਇੰਤਜ਼ਾਰ ਕਰ ਰਹੇ ਸਨ ਪਰ ਮੈਂ ਹੀ ਬਹਾਦਰ ਸ਼ਾਹ ਦੇ ਮਗਰ ਲਗਕੇ, ਇਸ ਕੰਮ ਨੂੰ ਲਮਕਾਇਆ ਸੀ। ਖ਼ਾਲਸਾ ਜੀ, ਅਜ ਤੋਂ ਪੰਥ ਦੀ ਵਾਗਡੋਰ ਮੈਂ ਆਪਣੇ ਪ੍ਰੇਮ ਸੇਵਕ ਬੰਦਾ ਸਿੰਘ ਬਹਾਦਰ ਦੇ ਹੱਥ ਸੌਂਪਦਾ ਹਾਂ। ਇਹ ਪੰਥ ਦਾ ਜਰਨੈਲ ਆਪਣੀ ਪੰਜ ਮੈਂਬਰੀ ਪੰਚਾਇਤ ਨਾਲ ਸਲਾਹ ਮਸ਼ਵਰਾ ਕਰਕੇ ਅਹਿਮ ਫੈਸਲੇ ਲਵੇਗਾ। ਮੈਂ ਜਦ ਤੰਦਰੁਸਤ ਹੋਵਾਂਗਾ, ਪੰਜਾਬ ਪਹੁੰਚ ਜਾਵਾਂਗ। ਉਥੇ ਮੇਰੇ ਸਿੰਘ ਮੇਰੀ ਬੜੀ ਤੀਬਰਤਾ ਨਾਲ ਇੰਤਜ਼ਾਰ ਕਰ ਰਹੇ ਹਨ। ਮੈਨੂੰ ਪੂਰੀ ਉਮੀਦ ਤੇ ਵਿਸ਼ਵਾਸ ਹੈ ਕਿ ਮੇਰੇ ਸਿੰਘ ਆਪਣੇ ਧਰਮ ਤੇ ਕੌਮ ਦੀ ਲਾਜ਼ ਰੱਖਣਗੇ ਤੇ ਪੰਜਾਬ ਦੀ ਧਰਤੀ ਤੋਂ

ਜ਼ੁਲਮ ਤੇ ਜ਼ਾਲਿਮਾਂ ਦਾ ਨਾਸ਼ ਕਰਨਗੇ। ਇਸ ਮੌਕੇ ਗੁਰੂ ਜੀ ਨੇ ਇਹ ਵੀ ਐਲਾਨ ਕੀਤਾ ਕਿ ਉਹਨਾਂ ਤੋਂ ਬਾਅਦ, ਉਹਨਾਂ ਦਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੋਵੇਗਾ। ਪਵਿੱਤਰ ਬੀੜ ਨੂੰ ਬੰਦਾ ਸਿੰਘ ਤੇ ਪੰਜ ਮੈਂਬਰੀ ਪੰਚਾਇਤ ਦੇ ਹਵਾਲੇ ਕੀਤੀ ਗਈ। ਗੁਰੂ ਜੀ ਨੇ ਇਹ ਫੁਰਮਾਇਆ, "ਜਦੋਂ ਵੀ ਮੇਰੇ ਪਿਆਰੇ ਸਿੱਖ ਇਸ ਪਵਿੱਤਰ ਗ੍ਰੰਥ ਨੂੰ ਪੜ੍ਹਨਗੇ, ਗੁਰੂ ਉਹਨਾਂ ਦੇ ਸਨਮੁਖ ਹੋਵੇਗਾ। ਮੇਰੇ ਤੋਂ ਬਾਅਦ ਸਿੱਖਾਂ ਦਾ ਗੁਰੂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੋਵੇਗਾ। ਕੋਈ ਦੇਹਧਾਰੀ ਸਿੱਖਾਂ ਦਾ ਮੇਰੇ ਬਾਅਦ ਗੁਰੂ ਨਹੀਂ ਅਖਵਾਏਗਾ। ਮੇਰੇ ਸਿੱਖਾਂ ਨੂੰ ਸਾਰੀ ਅਗਵਾਈ ਇਸੇ ਤੋਂ ਮਿਲੇਗੀ। ਜਿਹੜੇ ਵੀ ਇਸ ਉਪਰ ਸ਼ਰਧਾ ਰੱਖਣਗੇ, ਮਨ ਲਗਾਕੇ ਪੜ੍ਹਨਗੇ ਅਤੇ ਇਸ ਵਿਚ ਦਰਸਾਈ ਜੀਵਨ ਜਾਂਚ ਨਾਲ ਜੀਵਨ ਬਤੀਤ ਕਰਨਗੇ, ਉਹਨਾਂ ਦੇ ਹੀ ਮੈਂ ਅੰਗ ਸੰਗ ਰਹਾਂਗਾ।"

ਗੁਰੂ ਜੀ ਨੇ ਉਸੇ ਵਕਤ ਮੈਨੂੰ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ, ਇਕ ਨਗਾਰਾ ਤੇ ਪੰਜ ਤੀਰ ਪੇਸ਼ ਕੀਤੇ। ਮੈਂ ਸੀਸ ਝੁਕਾ ਕੇ ਇਹਨਾਂ ਨੂੰ ਪ੍ਰਾਪਤ ਕੀਤਾ। ਜੋ ਪੰਜ ਹੁਕਮਨਾਮੇ ਦਿੱਤੇ ਸਨ ਉਹਨਾਂ ਵਿਚ ਗੁਰੂ ਜੀ ਨੇ ਆਪਣੇ ਪ੍ਰੇਮ ਸੇਵਕਾਂ ਨੂੰ ਤਨੋਂ ਮਨੋ ਬੰਦੇ ਦਾ ਸਾਥ ਦੇਣ ਲਈ ਹੁਕਮ ਦਿੱਤਾ ਸੀ। ਇਸ ਤੋਂ ਬਾਅਦ ਗੁਰੂ ਜੀ ਨੇ ਰੇਸ਼ਮੀ ਕਮਰ ਕੱਸਾ ਬੰਨਿਆ। ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਲਈ ਕਿਹਾ। ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਅਗੇ, ਪੰਜ ਪੈਸੇ ਤੇ ਨਾਰੀਅਲ ਭੇਂਟ ਕੀਤਾ ਅਤੇ ਮੱਥਾ ਟੇਕਿਆ ਅਤੇ ਸਿੰਘਾਂ ਨੂੰ ਬੜੀ ਬੁਲੰਦ ਅਵਾਜ਼ ਵਿਚ ਆਖਿਆ, "ਮੇਰੇ ਪਿਆਰੇ ਖ਼ਾਲਸਾ ਜੀ। ਅੱਜ ਤੋਂ ਬਾਅਦ ਇਹ ਸ਼ਬਦ ਗੁਰੂ ਹੀ ਆਪ ਸਭਨਾਂ ਦਾ ਗੁਰੂ ਹੋਵੇਗਾ।" ਇਸ ਬਾਅਦ ਗੁਰੂ ਜੀ ਨੇ ਇਸ ਸ਼ਬਦ ਗੁਰੂ ਦੁਆਲੇ ਪ੍ਰਕਰਮਾਂ ਕੀਤੀ। ਏਸੇ ਤਰ੍ਹਾਂ ਹੀ ਪੰਜ ਪਿਆਰਿਆਂ ਨੇ ਜਿੰਨਾਂ ਮੇਰੇ ਨਾਲ ਖ਼ਾਲਸਾ ਪੰਚਾਇਤ ਬਣਾਉਣੀ ਸੀ, ਉਹਨਾਂ ਵੀ ਵਾਰੀ ਸਿਰ 'ਨਵੇਂ ਗੁਰੂ' ਅੱਗੇ ਮੱਥਾ ਟੇਕਿਆ ਤੇ ਗੁਰੂ ਸਾਹਿਬ ਵਾਂਗ ਇਸ ਦੀ ਪ੍ਰਕਰਮਾਂ ਕੀਤੀ। ਇਸ ਤੋਂ ਬਾਅਦ ਉਥੇ ਹਾਜ਼ਿਰ ਬਹੁਤ ਸਿੰਘਾਂ ਨੇ ਇਸ ਤਰ੍ਹਾਂ ਹੀ ਮੱਥੇ ਟੇਕ ਕੇ ਆਪਣੇ ਨਵੇਂ ਗੁਰੂ ਜੀ ਦਾ ਸਤਿਕਾਰ ਕੀਤਾ। ਜਦੋਂ ਮੈਨੂੰ ਪੰਥ ਦੀ ਵਾਗਡੋਰ ਸੌਂਪਣ ਦਾ ਐਲਾਨ ਹੋਇਆ ਸੀ ਤਾਂ ਕਿਸੇ ਸਿੰਘ ਨੇ ਇਸਦਾ ਵਿਰੋਧ ਨਹੀਂ ਸੀ ਕੀਤਾ। ਇਸੇ ਤਰ੍ਹਾਂ ਅੱਜ ਵੀ ਯਾਰਵੇਂ ਗੁਰੂ ਦਾ ਐਲਾਨ ਕਰਨ ਵੇਲੇ ਵੀ ਕਿਸੇ ਸਿੰਘ ਨੇ ਕੋਈ ਮਤਭੇਦ ਜ਼ਾਹਿਰ ਨਾ ਕੀਤਾ। ਸਾਰੇ ਸਿੰਘ ਸਗੋਂ ਗੰਭੀਰ ਹੋਕੇ ਸਾਰੀ ਕਾਰਵਾਈ ਵੇਖ ਰਹੇ ਸਨ।

ਅਗਲੇ ਦਿਨ ਅਸਾਂ ਪੰਜਾਬ ਵਲ ਕੂਚ ਕਰਨਾ ਸੀ। ਮੇਰੇ ਤਿੰਨ ਹਜ਼ਾਰ ਦੇ ਲਗਭਗ ਸ਼ਸਤਰਧਾਰੀ ਸਿੰਘਾਂ ਦੀ ਫੌਜ ਸੀ। ਇਸ ਤੋਂ ਇਲਾਵਾ ਪੰਜੀ ਕੁ ਤਿਆਰ-ਬਰ-ਤਿਆਰ ਸਿੱਖ ਸਨ। ਇਹਨਾਂ ਦਿਨਾਂ ਵਿਚ ਵਪਾਰੀਆਂ ਦਾ ਇਕ ਵੱਡਾ ਕਾਰਵਾਂ ਨੰਦੇੜ ਲਾਗੋਂ ਗੁਜ਼ਰ ਰਿਹਾ ਸੀ। ਭਗਵੰਤ ਸਿੰਘ ਬੰਗੇਸ਼ਰੀ ਆਪਣਾ ਇਹ ਕਾਫਲਾ ਲੈ ਕੇ ਗੁਰੂ ਜੀ ਨੂੰ ਮਿਲਣ ਆਇਆ। ਉਹ ਆਸ਼ਰੀਵਾਦ ਲੈਣ ਆਇਆ ਸੀ ਕਿ

ਉਸਦਾ ਸੈਂਕੜੇ ਗਡਿਆਂ ਵਾਲਾ ਕਾਫਲਾ ਨਿਰਵਿਘਨ ਸਹੀ ਸਲਾਮਤ ਪੰਜਾਬ ਪੁੱਜ ਜਾਵੇ। ਗੁਰੂ ਜੀ ਨੇ ਉਸਨੂੰ ਆਸ਼ੀਰਵਾਦ ਦਿੱਤਾ ਤੇ ਬੰਦਾ ਸਿੰਘ ਤੇ ਉਸਦੀ ਫੌਜ ਨੂੰ ਉਸਦੇ ਨਾਲ ਹੀ ਪੰਜਾਬ ਵਲ ਤੋਰ ਦਿੱਤਾ। ਕਾਫਲੇ ਨੂੰ ਸਿੰਘਾਂ ਦੀ ਹਿਫਾਜ਼ਿਤ ਚਾਹੀਦੀ ਸੀ ਤੇ ਸਿੰਘ ਨੂੰ ਵਪਾਰੀਆਂ ਦੇ ਕਾਫਲੇ ਦੇ ਅੰਗ ਸੰਗ ਭੇਜਿਆ ਗਿਆ। ਮੈਂ ਤੁਰਨ ਤੋਂ ਪਹਿਲਾਂ ਆਪਣੀ ਪੰਚਾਇਤ ਨਾਲ ਗੁਰੂ ਜੀ ਨੂੰ ਆਖ਼ਰੀ ਵਾਰ ਮਿਲਿਆ। ਉਹਨਾਂ ਦੀ ਸਿਹਤ ਠੀਕ ਨਹੀਂ ਸੀ। ਉਹਨਾਂ ਦਾ ਜ਼ਖ਼ਮ ਰਿਸ ਰਿਹਾ ਸੀ ਤੇ ਅਸਹਿ ਦਰਦ ਹੋ ਰਹੀ ਸੀ। ਪਰ ਗੁਰੂ ਜੀ ਨੇ ਪੂਰੀ ਚੜ੍ਹਦੀ ਕਲਾ ਨਾਲ ਸਾਨੂੰ ਆਪਣੇ ਮੁਬਾਰਕ ਕਰ ਕੰਵਲਾਂ ਨਾਲ ਥਾਪਣਾ ਦਿੱਤਾ ਤੇ ਕਿਹਾ, ਜਾਓ ਮੇਰੇ ਸਿੰਘੋ ! ਗੁਰੂ ਹਮੇਸ਼ਾਂ ਤੁਹਾਡੇ ਅੰਗ ਸੰਗ ਰਹੇਗਾ। ਭਾਵੇਂ ਅਸੀਂ ਉਥੋਂ ਰਵਾਨਾ ਹੋ ਗਏ ਪਰ ਮੇਰਾ ਧਿਆਨ ਗੁਰੂ ਜੀ ਦੀ ਸਿਹਤ ਵਲ ਸੀ। ਪਰ ਦਿਲ ਤਗੜਾ ਕਰਕੇ ਮੈਂ ਜੱਥੇ ਨਾਲ ਤੁਰ ਪਿਆ। ਸਾਰੇ ਸਿੰਘ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡ ਰਹੇ ਸਨ। ਪਰ ਮੇਰੇ ਵਾਂਗ ਹਰੇਕ ਦੀਆਂ ਅੱਖੀਆਂ ਨਮ ਸਨ। ਕਿਉਂਕਿ ਅਸੀਂ ਇਕ ਮਹਾਨ ਕਾਰਜ ਲਈ ਜਾ ਰਹੇ ਸਾਂ, ਇਸ ਲਈ ਦੋਬਾਰਾ ਪਿੱਛੇ ਤੱਕ ਕੇ ਨਾ ਵੇਖਿਆ।

ਤੁਰਨ ਵੇਲੇ ਸਾਡੇ ਨਾਲ ਭਗਵੰਤ ਸਿੰਘ ਬੰਗੇਸਰੀ (ਜੋ ਗੁਰੂ ਜੀ ਦਾ ਸੇਵਕ ਸੀ) ਦਾ ਵਣਜਾਰਿਆਂ ਦਾ ਵੱਡਾ ਕਾਰਵਾ ਸੀ। ਰਸਤੇ ਵਿਚ ਕਈ ਜਗ੍ਹਾ ਸਾਡੀ ਪੁੱਛਗਿੱਛ ਹੋਈ। ਸਿੰਘਾ ਨੇ ਕਿਹਾ ਕਿ ਵਣਜਾਰਿਆਂ ਦਾ ਕਾਫਲਾ ਜਾ ਰਿਹਾ ਹੈ ਤੇ ਅਸੀਂ ਉਸਦੀ ਹਿਫਾਜਿਤ ਲਈ ਉਸਦੇ ਨਾਲ ਨਾਲ ਜਾ ਰਹੇ ਹਾਂ। ਪਹਿਲਾਂ ਕਾਫਲਿਆਂ ਨਾਲ ਇਤਨੀ ਗਿਣਤੀ ਵਿਚ ਰਖਵਾਲੇ ਨਹੀਂ ਸਨ ਹੁੰਦੇ। ਇਸ ਲਈ ਰਸਤੇ ਵਿਚ ਕਾਫਲੇ ਨੂੰ ਰੋਕਣਾ ਵੀ ਪਿਆ ਸੀ। ਜੇਕਰ ਕੋਈ ਸਾਡੇ ਨਾਲ ਅੜਨ ਦੀ ਕੋਸ਼ਿਸ਼ ਕਰਦਾ ਤਾਂ ਅਸੀਂ ਉਸ ਨਾਲ ਟੱਕਰ ਲੈਣ ਲਈ ਤਿਆਰ-ਬਰ-ਤਿਆਰ ਸੀ। ਜਿਥੇ ਵੀ ਮੇਰੇ ਸਿੰਘ ਕਾਫਲੇ ਨਾਲ ਰਾਤ ਨੂੰ ਅਰਾਮ ਕਰਨ ਲਈ ਠਹਿਰਦੇ ਤਾਂ ਅਸੀਂ ਆਪਣਾ ਨਿਤਨੇਮ ਜ਼ਰੂਰ ਕਰਦੇ। ਇਸ ਤਰ੍ਹਾਂ ਕਰਨ ਨਾਲ ਸਾਨੂੰ ਅੱਗੇ ਵੱਧਣ ਦਾ ਬਲ ਮਿਲਦਾ। ਇਕ ਦਿਨ ਅਸੀਂ ਜਦੋਂ ਚੱਲ ਰਹੇ ਸੀ ਤਾਂ ਇਕ ਸਿੰਘ ਮੈਨੂੰ ਆਕੇ ਮਿਲਿਆ। ਉਹ ਨੰਦੇੜ ਤੋਂ ਆਇਆ ਸੀ। ਉਸਨੇ ਭਿੱਜੀਆਂ ਹੋਈਆਂ ਅਖੀਆਂ ਨਾਲ ਮੈਨੂੰ ਦੱਸਿਆ ਕਿ ਗੁਰੂ ਜੀ ਅਕਾਲ ਚਲਾਣਾ ਕਰ ਗਏ ਹਨ। ਉਸਨੇ ਕਿਹਾ ਕਿ ਉਹਨਾਂ ਦਾ ਮਰਿਆਦਾ ਅਨੁਸਾਰ ਸਸਕਾਰ ਕਰ ਦਿੱਤਾ ਗਿਆ ਹੈ। ਮੈਂ ਭਾਵੇਂ ਆਪਣੇ ਦਿਲ ਨੂੰ ਬਥੇਰਾ ਤਗੜਾ ਕੀਤਾ ਪਰੰਤੂ ਮੇਰਾ ਵੀ ਗਚ ਭਰ ਗਿਆ ਤੇ ਮੈਂ ਵੀ ਉਸ ਵਾਂਗ ਹੰਝੂ ਕੇਰਨ ਲਗ ਪਿਆ। ਇਹ ਗਲ ਪਲਾਂ ਵਿਚ ਸਾਰੇ ਕਾਫਲੇ ਵਿਚ ਫੈਲ ਗਈ। ਕਾਫਲੇ ਨੂੰ ਰੋਕਿਆ ਗਿਆ। ਮੈਂ ਆਪਣੇ ਸਾਥੀਆਂ ਨਾਲ ਇਹ ਭਾਣਾ ਵਰਤਣ ਬਾਰੇ ਸਲਾਹ ਮਸ਼ਵਰਾ ਕਰਨ ਲਈ ਇਕ ਇਕੱਤਰਤਾ ਬੁਲਾਈ। ਅਸਾਂ ਨੇ ਪੰਜਾਬ ਵੱਲ ਜਾਣਾ ਜਾਰੀ ਰੱਖਣਾ ਹੈ ਜਾਂ ਫਿਰ ਨੰਦੇੜ ਵਾਪਿਸ ਮੁੜਨਾ ਹੈ, ਇਸ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ। ਬਹੁਤਿਆਂ ਨੇ ਇਹੀ ਮਸ਼ਵਰਾ ਦਿੱਤਾ ਕਿ

ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ ਤੇ ਸਾਨੂੰ ਗੁਰੂ ਨੇ ਖ਼ੁਦ ਥਾਪਣਾ ਦੇ ਕੇ ਪੰਜਾਬ ਵਲ ਤੋਰਿਆ ਹੈ, ਇਸ ਲਈ ਪਿਛੇ ਮੁੜਨਾ ਠੀਕ ਨਹੀਂ। ਅਕਾਲ ਪੁਰਖ ਦੇ ਭਾਣੇ ਵਿਚ ਸਭ ਕੁਝ ਵਾਪਰਿਆ ਹੈ। ਇਸ ਲਈ ਸਾਨੂੰ ਉਹਦੇ ਭਾਣੇ ਨੂੰ ਮਿੱਠਾ ਮੰਨ ਕੇ ਅਗੇ ਵੱਧਣਾ ਚਾਹੀਦਾ ਹੈ। ਇਹੀ ਅੰਤਿਮ ਫੈਸਲਾ ਹੋਇਆ ਤੇ ਅਸੀਂ ਰੋਂਦੇ ਕੁਰਲਾਉਂਦੇ ਫਿਰ ਪੰਜਾਬ ਵਲ ਤੁਰ ਪਏ।

ਇਸ ਦੁਰਘਟਨਾ ਦਾ ਸਾਡੇ ਉਪਰ ਇਹ ਅਸਰ ਹੋਇਆ ਕਿ ਸਾਡੇ ਡੌਲੇ ਫਰਕਣ ਲਗੇ ਤੇ ਸਾਡੀਆਂ ਭਿੱਜੀਆਂ ਅਖੀਆਂ ਵਿਚ ਖ਼ੂਨ ਖੌਲਣ ਲਗਾ। ਅਸੀਂ ਦੁਸ਼ਟ ਵਜ਼ੀਰ ਖਾਨ ਨੂੰ ਸੋਧਣ ਲਈ ਤੇਜ਼ੀ ਨਾਲ ਕਦਮ ਚੁਕਣ ਲਗੇ। ਇਹ ਹਜ਼ਾਰ ਮੀਲ ਤੋਂ ਵਧਦਾ ਰਸਤਾ ਅਸਾਂ ਪੌਣੇ ਚਾਰ ਮਹੀਨਿਆਂ ਵਿਚ ਪੂਰਾ ਕੀਤਾ। ਗੁਰੂ ਦੀ ਕਿਰਪਾ ਨਾਲ ਸਾਰੇ ਸਿੰਘ ਸਹੀ ਸਲਾਮਤ ਪੰਜਾਬ ਦੀ ਸੀਮਾਂ ਤੇ ਪੁੱਜ ਗਏ। ਸਾਡਾ ਕਾਫਲਾ ਜਦੋਂ ਰੋਹਤਕ ਲਾਗੇ ਸਿਹਰੀ ਖਾਂਡਾ ਵਿਖੇ ਪੁਜਿਆ ਤਾਂ ਵਣਜਾਰਿਆਂ ਨੂੰ ਅਸਾਂ ਆਪਣੀ ਮੰਜ਼ਿਲ ਵਲ ਤੋਰ ਦਿੱਤਾ। ਅਸਾਂ ਉਹਨਾਂ ਦਾ ਧੰਨਵਾਦ ਕੀਤਾ ਤੇ ਉਹਨਾਂ ਨੇ ਸਾਡਾ ਪਹਿਲੇ ਦਿਨ ਅਸੀਂ ਥੱਕੇ ਟੁੱਟੇ ਹੋਏ ਸੀ। ਇਸ ਲਈ ਅਰਾਮ ਕਰਨਾ ਹੀ ਬਿਹਤਰ ਸਮਝਿਆ। ਅਗਲੇ ਦਿਨ ਸੂਬੇਦਾਰ ਵਜ਼ੀਰ ਖ਼ਾਨ ਦੀ ਫੌਜ ਵਿਚ ਭਰਤੀ ਦੋ ਸੂਰਮੇ ਸਿੰਘ, ਜਿੰਨਾਂ ਦਾ ਨਾਮ ਆਲੀ ਸਿੰਘ ਤੇ ਮਾਲੀ ਸਿੰਘ ਸੀ, ਉਹ ਸਾਡੇ ਕਾਫਲੇ ਦੇ ਆਉਣ ਦੀ ਜਾਣਕਾਰੀ ਰੱਖਦੇ ਸਨ, ਉਹ ਮੌਕਾ ਪਾ ਕੇ ਸਾਡੀ ਫੌਜ ਵਿਚ ਆ ਰਲੇ। ਮੇਰੇ ਪਿਆਰਿਆਂ ਨੇ ਜੋ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਉਹਨਾਂ ਦਾ ਹਾਰਦਿਕ ਸਵਾਗਤ ਕੀਤਾ ਉਹਨਾਂ ਨੂੰ ਅਸਾਂ ਗੁਰੂ ਸਾਹਿਬ ਦੇ ਅਕਾਲ ਚਲਾਣੇ ਦੀ ਮਾੜੀ ਖ਼ਬਰ ਸੁਣਾਈ ਤਾਂ ਉਹ ਵੀ ਜ਼ਾਰ-ਜ਼ਾਰ ਰੋਣ ਲਗੇ। ਅਸਾਂ ਉਹਨਾਂ ਨੂੰ ਹੌਂਸਲਾ ਦਿੱਤਾ ਤੇ ਉਹ ਹੌਲੀ-ਹੌਲੀ ਕਾਇਮ ਹੋ ਗਏ। ਜਦੋਂ ਮੇਰੇ ਪਿਆਰਿਆਂ ਕੋਲੋਂ ਆਲੀ ਸਿੰਘ ਤੇ ਮਾਲੀ ਸਿੰਘ ਨੂੰ ਮੇਰੇ ਬਾਰੇ ਪਤਾ ਲਗਾ ਤਾਂ ਉਹ ਦੋਹਵੇਂ ਜਾਣੇ ਮੇਰੇ ਪੈਰੀਂ ਪੈ ਗਏ। ਉਹਨਾਂ ਨੇ ਆਪਣੀਆਂ ਫੌਜੀ ਟੁਕੜੀਆਂ ਸਮੇਤ ਮੇਰੇ ਅੰਗ ਸੰਗ ਰਹਿਕੇ ਗੁਰੂ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਭਰੋਸਾ ਦਿਵਾਇਆ ਮੇਰਾ ਬਹੁਤ ਦਿਲ ਵਧਿਆ।

ਹੁਣ ਅਸਾਂ, ਗੁਰੂ ਸਾਹਿਬ ਦੇ ਹੁਕਮਨਾਮੇ ਸੌਂਪ ਕੇ ਦਸ ਬਾਰਾਂ ਸਿੰਘਾਂ ਨੂੰ ਮਾਝੇ ਤੇ ਮਾਲਵੇ ਦੇ ਵੱਖ-ਵੱਖ ਟਿਕਾਣਿਆਂ ਵਲ ਤੌਰ ਦਿੱਤਾ। ਸਿਹਰੀ ਖਾਂਡਾ ਪਿੰਡ ਉਜਾੜ ਵਿਚ ਵਸਿਆ ਹੋਇਆ ਸੀ। ਇਸ ਇਲਾਕੇ ਵਿਚ ਚੋਰ ਤੇ ਡਾਕੂ ਬਹੁਤ ਸਰਗਰਮ ਸਨ। ਇਹ ਲੋਕ ਰਾਤ ਬਰਾਤੇ ਲਾਗਲੇ ਪਿੰਡਾਂ ਕਸਬਿਆਂ ਨੂੰ ਲੁਟਦੇ ਤੇ ਦਿਨ ਨੂੰ ਸਿਹਰੀ ਖਾਂਡਾ ਦੇ ਇਰਦ-ਗਿਰਦ ਜੰਗਲ ਵਿਚ ਜਾ ਲੁਕਦੇ ਸਨ। ਮੁਕਾਮੀ ਲੋਕਾਂ ਨੇ ਮੇਰੇ ਕੋਲ ਇਹਨਾਂ ਲੁਟਾਂ ਖੋਹਾਂ ਦੀ ਸ਼ਿਕਾਇਤਾ ਕੀਤੀਆਂ। ਮੈਂ ਆਪਣੇ ਸਿੰਘਾਂ ਨੂੰ ਇਹਨਾਂ ਲੁਟੇਰਿਆਂ ਨੂੰ ਪਕੜਨ ਲਈ ਭੇਜਿਆ। ਸਾਡੀਆਂ ਫੌਜਾਂ ਦੀ ਇਲਾਕੇ ਵਿਚ ਇਤਨੀ ਦਹਿਸ਼ਤ ਫੈਲ ਗਈ। ਇਹ ਚੋਰ ਲੁਟੇਰੇ ਸਾਡੇ ਸਿੰਘਾਂ ਤੋਂ ਡਰਦੇ ਹੀ ਉਸ

ਇਲਾਕੇ ਦੀਆਂ ਜੂਹਾਂ ਛੱਡ ਗਏ। ਸਾਡੇ ਆਉਣ ਦੀ ਖ਼ਬਰ ਦੋ ਚਾਰ ਦਿਨਾਂ ਵਿਚ ਹੀ ਸਾਰੇ ਪੰਜਾਬ ਵਿਚ ਫੈਲ ਗਈ ਸੀ। ਸ਼ਾਇਦ ਉਹ ਪਹਿਲਾਂ ਹੀ ਕ੍ਰੜੀ ਬੇਤਾਬੀ ਨਾਲ ਸਾਡਾ ਇੰਤਜ਼ਾਰ ਕਰ ਰਹੇ ਸਨ। ਜਿਸਨੂੰ ਵੀ ਪਤਾ ਲਗਾ, ਉਹ ਸਾਡੇ ਕੋਲ ਆਪਣੇ ਹਥਿਆਰਾਂ ਸਮੇਤ ਭੱਜਾ ਆਇਆ। ਉਹਨਾਂ ਨੂੰ ਸਾਡੇ ਕੋਲੋਂ ਹੀ ਪਤਾ ਲਗਾ ਸੀ ਕਿ ਗੁਰੂ ਜੀ ਅਕਾਲ ਚਲਾਣਾ ਕਰ ਗਏ ਹਨ ਤੇ ਪੰਥ ਦੀ ਵਾਗਡੋਰ ਮੈਨੂੰ ਸੌਂਪ ਗਏ ਹਨ। ਵੇਖਣ ਵਾਲੇ ਦਸਦੇ ਹਨ ਕਿ ਗੁਰੂ ਜੀ ਦਾ ਵੀ ਚੇਹਰਾ ਮੋਹਰਾ ਮੇਰੇ ਚਿਹਰੇ ਨਾਲ ਰਲਦਾ ਮਿਲਦਾ ਸੀ। ਉਹ ਮੇਰੇ ਵਿਚੋਂ ਹੀ ਆਪਣੇ ਗੁਰੂ ਦੇ ਦਰਸ਼ਨ ਕਰ ਰਹੇ ਸਨ। ਉਹਨਾਂ ਦਾ ਮੇਰੇ ਵਿਚ ਅਟੁੱਟ ਵਿਸ਼ਵਾਸ਼ ਸੀ। ਕਿਸੇ ਨੇ ਵੀ ਮੇਰੀ ਜਰਨੈਲੀ ਨੂੰ ਵੰਗਾਰਿਆ ਨਹੀਂ ਸੀ।

ਮਾਲਵੇ ਦੇ ਸਿੰਘ ਸਰਦਾਰ ਜੋ ਸਰਹਿੰਦ ਸੂਬੇ ਦੇ ਮਾਲਗੁਜ਼ਰ ਵੀ ਸਨ, ਉਹ ਆਪੋ ਆਪਣੀਆਂ ਜਗੀਰਦਾਰੀ ਫੌਜਾਂ ਲੈ ਕੇ ਮੇਰੇ ਪਾਸ ਆ ਪਹੁੰਚੇ ਸਨ। ਆਏ ਦਿਨ ਸਿੱਖ ਫੌਜਾਂ ਦੀ ਗਿਣਤੀ ਲਗਾਤਾਰ ਤੇਜ਼ੀ ਨਾਲ ਵਧਦੀ ਜਾ ਰਹੀ ਸੀ। ਲਗਦਾ ਸੀ ਜਿਵੇਂ ਮਾਲਵੇ ਦਾ ਹਰ ਸਿੱਖ ਪਰਿਵਾਰ ਉੱਠ ਖੜਾ ਹੋਇਆ ਸੀ। ਕਈਆਂ ਕੋਲੋਂ ਮੈਂ ਸੁਣਿਆ ਕਿ ਉਹ ਉਸ ਬੰਦੇ ਦੇ ਦਰਸ਼ਨ ਕਰਨ ਵੀ ਆਏ ਹਨ, ਜਿਸਨੂੰ ਦਸਵੇਂ ਗੁਰੂ ਜੀ ਨੇ ਆਪਣੇ ਮੁਬਾਰਕ ਹੱਥਾਂ ਨਾਲ ਥਾਪਣਾ ਦੇ ਕੇ ਪੰਜਾਬ ਵਲ ਭੇਜਿਆ ਸੀ। ਲਗਦਾ ਸੀ ਕਿ ਹੁਕਮਨਾਮੇ ਵੀ ਸੰਬੰਧਤ ਸਿੰਘਾਂ ਨੂੰ ਮਿਲ ਗਏ ਸਨ। ਉਹ ਮਿਲਦਿਆਂ ਹੀ ਸਿਹਰੀ ਖਾਡਾਂ ਵਲ ਦੌੜੇ ਆ ਰਹੇ ਸਨ। ਸਤਾਂ ਅੱਠਾਂ ਦਿਨਾਂ ਵਿਚ ਹੀ ਸਾਡੀ ਫੌਜ ਦੀ ਗਿਣਤੀ ਪੰਦਰਾ ਹਜ਼ਾਰ ਤੱਕ ਪੁੱਜ ਗਈ ਸੀ। ਮੇਰੇ ਸਿੰਘ ਭਾਵੇਂ ਕੂਚ ਕਰਨ ਲਈ ਤਿਆਰ ਸਨ ਪਰ ਮੈਂ ਚਾਹੁੰਦਾ ਸੀ ਕਿ ਮੇਰੇ ਕੋਲ ਘੱਟ ਤੋਂ ਘੱਟ 30 ਹਜ਼ਾਰ ਫੌਜ ਹੋਵੇ। ਮੈਂ ਜਾਣਦਾ ਸੀ ਕਿ ਬਾਦਸ਼ਾਹੀ ਫੌਜਾਂ ਦੀ ਗਿਣਤੀ ਲੱਖਾਂ ਵਿਚ ਸੀ। ਮੈਨੂੰ ਖਦਸ਼ਾ ਸੀ ਕਿ ਮੁਗ਼ਲ ਫੌਜ ਇਕੱਠੀ ਹੋਕੇ ਸਾਨੂੰ ਭਾਂਜ ਨਾ ਦੇ ਦੇਵੇ। ਮੈਂ ਮਹਾਂਰਾਸ਼ਟਰ ਵਿਚ ਕਦੀ ਹਾਰ ਦਾ ਮੂੰਹ ਨਹੀਂ ਸੀ ਵੇਖਿਆ। ਮਾਲਵੇ ਵਲੋਂ ਅਗਲੇ ਹਫ਼ਤੇ ਕਈ ਜੱਥੇ ਸਾਡੇ ਕੋਲ ਆ ਪਹੁੰਚੇ। ਜਦ ਸਾਡੀ ਫੌਜ ਦੀ ਗਿਣਤੀ 30 ਹਜ਼ਾਰ ਦੇ ਲਗਭਗ ਹੋ ਗਈ। ਤਾਂ ਉਸ ਦਿਨ ਅਸੀਂ ਵਿਉਂਤ ਬਣਾ ਕੇ ਕੂਚ ਕਰਨ ਦਾ ਫੈਸਲਾ ਕੀਤਾ।

ਲਗਦਾ ਸੀ ਲੋਕ ਗੁਰੂ ਸਾਹਿਬ ਦੇ ਪੰਜਾਬ ਤੋਂ ਬਾਹਰ ਜਾਣ ਤੋਂ ਬਹੁਤ ਉਦਾਸ ਸਨ। ਉਹਨਾਂ ਦੇ ਭੇਜੇ ਹੋਏ ਪੰਥ ਦੇ ਦੂਤ ਨੂੰ ਵੇਖਣ ਲਈ ਉਹ ਉਤਾਵਲੇ ਸਨ। ਸਮੁੱਚੇ ਪੰਜਾਬ ਨੂੰ ਉਹਨਾਂ ਦੇ ਹੁਕਮਾਂ ਦੀ ਉਡੀਕ ਸਨ। ਲੋਕ ਸਰਹੰਦ ਵਿਚ ਵਜ਼ੀਰ ਖ਼ਾਨ ਨੇ ਜੋ ਛੋਟੇ ਸਾਹਿਬਜ਼ਾਦਿਆਂ ਅਤੇ ਗੁਰੂ ਜੀ ਦੀ ਮਾਤਾ ਨਾਲ ਜੋ ਸਲੂਕ ਕੀਤਾ ਸੀ। ਉਸ ਨਾਲ ਉਹ ਸਾਰੇ ਖ਼ਫ਼ਾ ਸਨ ਤੇ ਸਰਹੰਦ ਦੇ ਸੂਬੇਦਾਰ ਕੋਲੋਂ ਬਦਲਾ ਲੈਣ ਲਈ ਬੇਤਾਬ ਸਨ। ਇਹਨਾਂ ਹੀ ਲੋਕਾਂ ਨੇ ਸਾਨੂੰ ਜਲਦੀ ਕੂਚ ਕਰਨ ਲਈ ਪ੍ਰੇਰਿਆ ਸੀ। ਅਸੀਂ ਇਕ ਦਿਨ ਸਵੇਰੇ ਸਾਰੇ ਸਿੰਘਾਂ ਨੂੰ ਇਕੱਠੇ ਕੀਤਾ। ਆਪਣੇ ਗੁਰੂ ਅੱਗੇ

ਅਰਦਾਸ ਕੀਤੀ ਕਿ ਸਾਨੂੰ ਆਪਣੇ ਵਿੱਢੇ ਕਾਰਜ ਵਿਚ ਬਲ ਤੇ ਦ੍ਰਿੜ੍ਹਤਾ ਬਖ਼ਸ਼ੇ ਤਾਂ ਕਿ ਅਸੀਂ ਜ਼ੁਲਮ ਦਾ ਬੇੜਾ ਡੋਬ ਸਕੀਏ। ਸਾਨੂੰ ਪੂਰਨ ਭਰੋਸਾ ਸੀ ਕਿ ਗੁਰੂ ਸਾਡੇ ਅੰਗ-ਸੰਗ ਰਹੇਗਾ। ਸਾਡਾ ਪਹਿਲਾ ਹੱਲਾ ਸੋਨੀਪਤ ਉਪਰ ਸੀ। ਭਾਵੇਂ ਸਿੱਖਾਂ ਕੋਲ ਕਿਰਪਾਨਾਂ ਤੇ ਭਾਲਿਆਂ ਤੋਂ ਬਗੈਰ ਕੋਈ ਹਥਿਆਰ ਨਹੀਂ ਸੀ। ਉਥੋਂ ਦਾ ਫੌਜਦਾਰ ਸਾਡਾ ਟਾਕਰਾ ਕਰਨ ਦੀ ਜਗਾ ਮੈਦਾਨ ਛੱਡਕੇ ਦੌੜ ਗਿਆ। ਮੇਰੇ ਸਿੱਖਾਂ ਨੇ ਸ਼ਾਹੀ ਖ਼ਜ਼ਾਨਾ ਲੁਟਿਆ, ਘੋੜੇ ਤੇ ਹਥਿਆਰ ਲੁਟੇ। ਇਸ ਮੁਹਿੰਮ ਵਿਚ ਮੇਰੀ ਖ਼ਾਸ ਹਦਾਇਤ ਸੀ ਕਿ ਕਿਸੇ ਗ਼ਰੀਬ ਤੇ ਆਮ ਆਦਮੀ ਨੂੰ ਕੁਝ ਨਹੀਂ ਕਹਿਣਾ। ਬੇਦੋਸ਼ਿਆਂ ਬੱਚਿਆਂ, ਔਰਤਾਂ ਤੇ ਬ੍ਰਿਧਾਂ ਨੂੰ ਕੁਝ ਨਹੀਂ ਕਹਿਣਾ। ਮੇਰੀ ਫੌਜ ਨੇ ਅਜਿਹਾ ਹੀ ਕੀਤਾ। ਸਿੰਘਾਂ ਦੇ ਵਿਹਾਰ ਨਾਲ ਇਲਾਕੇ ਦੇ ਆਮ ਲੋਕ ਬਹੁਤ ਖ਼ੁਸ਼ ਹੋਏ। ਉਹ ਜ਼ਗੀਰਦਾਰਾਂ ਤੇ ਵੱਡੇ ਜਿਮੀਦਾਰਾਂ ਦੇ ਵਿਰੁੱਧ ਸਨ ਕਿਉਂਕਿ ਇਹ ਲੋਕ ਮਾਮੂਲੀ ਕਾਰਨਾਂ ਕਰਕੇ ਗ਼ਰੀਬ ਤੇ ਦਲੇ ਮਲੇ ਲੋਕਾਂ ਨੂੰ ਤੰਗ ਕਰਿਆ ਕਰਦੇ ਸਨ।

ਇਸ ਜਿੱਤ ਬਾਅਦ ਭਾਈ ਰੂਪਾ, ਭਾਈ ਬਹਿਲੋ ਅਤੇ ਮਾਲਵਾ ਦੇ ਬਹੁਤ ਸਾਰੇ ਸਿੱਖ ਸਰਦਾਰ ਆਪਣੇ ਘੋੜਿਆਂ ਤੇ ਹਥਿਆਰਾਂ ਸਣੇ ਸਾਡੇ ਕੈਂਪ ਵਿਚ ਪੁੱਜ ਗਏ ਸਨ। ਮੈਂ ਆਪਣੇ ਸਿੰਘਾਂ ਨੂੰ ਇਕੱਠਿਆਂ ਕੀਤਾ ਤੇ ਸਮਝਾਇਆ, "ਖ਼ਾਲਸਾ ਜੀਓ ਸਾਡੀ ਸਭ ਤੋਂ ਵੱਡੀ ਲੜਾਈ ਸਰਹੰਦ ਵਿਚ ਹੋਵੇਗੀ। ਪਰ ਇਸ ਵਾਸਤੇ ਸਾਨੂੰ ਇਕ ਵੱਡੀ ਫੌਜ ਅਤੇ ਚੌਖੀ ਗਿਣਤੀ ਵਿਚ ਹਥਿਆਰਾਂ ਦੀ ਲੋੜ ਹੈ। ਇਸ ਕਾਰਜ ਵਾਸਤੇ ਸਾਨੂੰ ਪਹਿਲਾਂ ਕੁਝ ਸ਼ਾਹੀ ਅਸਲਾ ਖਾਨਿਆਂ, ਘੋੜਿਆਂ, ਹਾਥੀਆਂ ਤੇ ਸ਼ਾਹੀ ਖਜ਼ਾਨਿਆਂ ਤੇ ਕਬਜ਼ਾ ਕਰਨਾ ਪਵੇਗਾ। ਖ਼ਜਾਨੇ ਦੀ ਮਾਇਆ ਨਾਲ ਅਸੀਂ ਹਥਿਆਰ ਖ੍ਰੀਦਾਂਗੇ ਤਾਂ ਕਿ ਅਸੀਂ ਬਾਦਸ਼ਾਹ ਦੀ ਤਜ਼ਰਬੇਕਾਰ ਤੇ ਸਿਖਿਆ ਪ੍ਰਾਪਤ ਫੌਜ ਨਾਲ ਯੋਗ ਤੇ ਫਸਵਾਂ ਟਾਕਰਾ ਕਰ ਸਕੀਏ। ਇਸ ਮਕਸਦ ਲਈ ਅਸਾਂ ਨਾਰਨੌਲ, ਭਿਵਾਨੀ, ਹਿਸਾਰ ਤੇ ਹੋਰ ਲਾਗਲੇ ਕਸਬਿਆਂ ਤੇ ਹਮਲੇ ਕੀਤੇ। ਇਹਨਾਂ ਨਗਰਾਂ ਤੇ ਅਸਾਂ ਥੋਹੜੀ ਲੜਾਈ ਬਾਅਦ ਅਸਲਾ ਤੇ ਖਜਾਨੇ ਕਬਜੇ ਵਿਚ ਲੈ ਲਏ। ਦਿਨੋ ਦਿਨ ਸਾਡੀ ਫੌਜ ਵਿਚ ਮਾਲਵੇ ਤੇ ਹੋਰ ਨੀਮ ਪਹਾੜੀ ਇਲਾਕਿਆਂ ਤੋਂ ਸਿੰਘ ਸਾਡੀ ਫੌਜ ਵਿਚ ਸ਼ਾਮਿਲ ਹੋ ਗਏ। ਜਿਸ ਕੋਲ ਵਾਜਿਬ ਹਥਿਆਰ ਨਹੀਂ ਸੀ, ਅਸਾਂ ਉਹਨਾਂ ਨੂੰ ਹਥਿਆਰ ਵੰਡੇ ਅਤੇ ਉਹਨਾਂ ਦੀ ਯੋਗਤਾ ਅਨੁਸਾਰ ਉਹਨਾਂ ਦੀ ਡਿਊਟੀ ਲਗਾਈ।

ਹੁਣ ਸਾਡੇ ਪਾਸ ਕਾਫੀ ਗਿਣਤੀ ਹੋ ਗਈ ਸੀ। ਮੇਰੀ ਜਾਣਕਾਰੀ ਵਿਚ ਲਿਆਂਦਾ ਗਿਆ ਕਿ ਸਾਡੇ ਵਿਚ ਕਈ ਚੋਰ ਤੇ ਲੁਟੇਰੇ ਵੀ ਸ਼ਾਮਲ ਹੋ ਗਏ ਹਨ। ਭਾਵੇਂ ਮੈਨੂੰ ਇਸ ਗਲ ਦਾ ਪਹਿਲਾਂ ਪਤਾ ਲਗ ਚੁੱਕਾ ਸੀ ਪਰ ਮੈਂ ਇਹਨਾਂ ਪ੍ਰਤੀ ਨਰਮ ਰਵੱਈਆ ਧਾਰਿਆ ਹੋਇਆ ਸੀ। ਪਰ ਜਦੋਂ ਅਜਿਹੇ ਅੰਸਰਾਂ ਉਪਰ ਗੰਭੀਰ ਦੋਸ਼ ਲਗਣ ਲਗੇ ਤਾਂ ਮੈਂ ਸਮਾਣੇ ਤੇ ਹਮਲੇ ਤੋਂ ਪਹਿਲਾਂ ਆਪਣੀ ਸਮੁੱਚੀ ਫੌਜ ਨੂੰ ਇਕੱਤਰ ਕੀਤਾ ਤੇ ਸਖ਼ਤ ਸ਼ਬਦਾਂ ਵਿਚ ਆਖਿਆ, ਪਿਆਰੇ ਸਿੰਘ ਜੀ, ਮੈਨੂੰ ਪਤਾ ਲਗਾ ਹੈ ਕਿ ਕੁਝ ਗੈਰ ਸਿੱਖ ਸਾਡੇ ਵਿਚ ਪਗੜੀਆਂ ਬੰਨਕੇ ਆ ਰਲੇ ਹਨ ਤੇ ਉਹ ਲੜਨ ਦੀ ਜਗ੍ਹਾ

ਲੁੱਟ ਖਸੁੱਟ ਕਰਨ ਲਈ ਸਾਡੀ ਮੁਹਿੰਮ ਵਿਚ ਸ਼ਾਮਿਲ ਹੋਏ ਹਨ। ਮੈਂ ਅਜਿਹੇ ਵੀਰਾਂ ਨੂੰ ਹਦਾਇਤ ਕਰਾਂਗਾ ਕਿ ਉਹ ਅਜਿਹੇ ਕੰਮ ਛੱਡਕੇ ਸਿੱਖੀ ਦੀ ਸ਼ਰਧਾ ਨਾਲ ਲੜਾਈ ਦੇ ਮੈਦਾਨ ਵਿਚ ਆਉਣ। ਮੈਨੂੰ ਜੇਕਰ ਕੋਈ ਸ਼ਿਕਾਇਤ ਆਈ ਕਿ ਇਹਨਾਂ ਨੇ ਕਿਸੇ ਨਿਰਦੋਸ਼ ਤੇ ਆਮ ਆਦਮੀ ਜਾਂ ਪਰਿਵਾਰ ਨੂੰ ਨਜਾਇਜ਼ ਪਰੇਸ਼ਾਨ ਕੀਤਾ ਹੈ ਤਾਂ ਮੇਰੇ ਸਿੰਘ ਖ਼ੁਦ ਉਸ ਦੁਸ਼ਟ ਨੂੰ ਸੋਧਣਗੇ। ਸਾਰੇ ਜਾਣੇ ਕੰਨ ਖੋਹਲ ਕੇ ਸੁਣ ਲਉ ਕਿ ਸਾਡੀ ਲੜਾਈ ਕੇਵਲ ਜ਼ੁਲਮ ਤੇ ਜ਼ਾਲਿਮਾਂ ਵਿਰੁੱਧ ਹੈ। ਇਹ ਲੋਕ ਸਧਾਰਨ ਲੋਕਾਂ ਨਾਲ ਹਰ.ਰੋਜ਼ ਧਕੇਸ਼ਾਹੀਆਂ ਤੇ ਜ਼ੁਲਮ ਕਰਦੇ ਹਨ। ਬਹੁਤੇ ਅਮੀਰ ਲੋਕ, ਜਗੀਰਦਾਰ ਤੇ ਜ਼ਿਮੀਦਾਰ ਤੇ ਚੌਧਰੀ ਇਸੇ ਕਿਸਮ ਦੇ ਲੋਕ ਹਨ। ਇਹਨਾਂ ਲੋਕਾਂ ਨੂੰ ਸੋਧਣ ਤੇ ਇਹਨਾਂ ਦੀਆਂ ਮਹਿਲ ਮਾੜੀਆਂ ਮਿੱਟੀ ਵਿਚ ਮਿਲਾਉਣ ਆਏ ਹਾਂ। ਇਹਨਾਂ ਲੋਕਾਂ ਨੂੰ ਲੁਟਣਾਂ ਕੋਈ ਜ਼ੁਰਮ ਨਹੀਂ। ਇਹਨਾਂ ਨੇ ਆਮ ਲੋਕਾਂ ਦਾ ਖ਼ੂਨ ਪੀਕੇ ਹੀ ਇਹ ਮਹਿਲ ਤੇ ਹਵੇਲੀਆਂ ਉਸਾਰੀਆਂ ਹਨ। ਇਹਨਾਂ ਪਰਿਵਾਰਾਂ ਤੇ ਟੋਲਿਆਂ ਨੂੰ ਖਦੇੜਨ ਲਈ ਮੇਰੇ ਸਤਿਗੁਰੂ ਨੇ ਮੈਨੂੰ ਭੇਜਿਆ। ਇਸ ਕੰਮ ਵਿਚ ਸਾਡਾ ਸਾਥ ਦਿਓ। ਕਿਸੇ ਸਧਾਰਨ ਪਰਿਵਾਰ ਨੂੰ ਕਿਸੇ ਤਰ੍ਹਾਂ ਤੰਗ ਨਹੀਂ ਕਰਨਾ। ਇਹਨਾਂ ਲੋਕਾਂ ਦੀਆਂ ਜੰਜ਼ੀਰਾਂ ਤਾ ਕੱਟਣ ਲਈ ਅਸੀਂ ਆਏ ਹਾਂ। ਇਹ ਲੋਕ ਸਗੋਂ ਤੁਹਾਡੇ ਮਦਦਗਾਰ ਹੋਣਗੇ ਕਿਉਂਕਿ ਇਹਨਾਂ ਲੋਕਾਂ ਦਾ ਜੀਣਾਂ, ਸੂਬੇਦਾਰ ਤੇ ਇਨ੍ਹਾਂ ਟੋਡੀਆਂ ਤੇ ਹਮਾਇਤੀਆਂ ਨੇ ਹਰਾਮ ਕਰ ਰਖਿਆ ਹੈ।

ਸਾਨੂੰ ਦਸਿਆ ਗਿਆ ਕਿ ਸਮਾਣਾਂ ਨਗਰ ਬਹੁਤਾ ਮੁਗ਼ਲਾਂ ਦੇ ਫੌਜੀ ਅਫ਼ਸਰਾਂ, ਅਮੀਰ ਸੁਦਾਗਰਾਂ ਤੇ ਖ਼ੂਨਖਾਰ ਚੌਧਰੀਆਂ ਤੇ ਫੌਜਦਾਰਾਂ ਦਾ ਗੜ੍ਹ ਹੈ। ਇਹ ਸ਼ਹਿਰ ਅਮੀਰ ਸ਼ਹਿਰਾਂ ਵਿਚ ਗਿਣਿਆ ਜਾਂਦਾ ਸੀ। ਇਸ ਨਗਰ ਉਪਰ ਹਮਲਾ ਕਰਨ ਦਾ ਇਕ ਮੁੱਖ ਕਾਰਨ ਇਹ ਵੀ ਸੀ ਕਿ ਇਸੇ ਸ਼ਹਿਰ ਦੇ ਜਲਾਦ ਸਯੱਦ ਜਲਾਲੁਦੀਨ ਨੇ ਨੌਵੇਂ ਪਾਤਸ਼ਾਹ ਦਾ ਸੀਸ ਕਲਮ ਕੀਤਾ ਸੀ। ਇਹ ਜਲਾਦ ਬੜਾ ਹੰਕਾਰਿਆ ਤੇ ਤੁਅੱਸਬ ਦੀ ਨਫ਼ਰਤ ਨਾਲ ਭਰਿਆ ਹੋਇਆ ਸੀ। ਇਸੇ ਸ਼ਹਿਰ ਦੇ ਹੀ ਦੋ ਜਲਾਦ ਭਰਾ ਸਾਸ਼ਨ ਬੇਗ਼ ਤੇ ਬਾਸ਼ਲ ਬੇਗ ਸਨ। ਇਹਨਾਂ ਜਰਵਾਣਿਆਂ ਨੇ ਮੇਰੇ ਸਤਿਗੁਰੂ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜੀਊਂਦੇ ਜੀਅ ਨੀਹਾਂ ਵਿਚ ਚਿਣ ਦਿੱਤਾ ਸੀ। ਮੈਂ ਸੁਣਿਆ ਸੀ ਕਿ ਜਦੋਂ ਛੋਟੇ ਸਾਹਿਬਜ਼ਾਦੇ ਨੀਹਾਂ ਵਿਚ ਚਿਣੇ ਜਾ ਰਹੇ ਸਨ ਤਾਂ ਇਹ ਜਲਾਦ ਮੁਸਕਰਾ ਰਹੇ ਸਨ, ਜਦੋਂ ਕਿ ਵੇਖਣ ਵਾਲਿਆਂ ਵਿਚੋਂ ਬਹੁਤਿਆਂ ਦੀਆਂ ਅੱਖੀਆਂ ਨਮ ਸਨ। ਮੈਂ ਇਹ ਵੀ ਸੁਣਿਆ ਸੀ ਕਿ ਸ੍ਰੀ ਆਨੰਦਪੁਰ ਸਾਹਿਬ ਦੀਆਂ ਲੜਾਈਆਂ ਦੌਰਾਨ ਬਾਦਸ਼ਾਹ ਦੀ ਨਕਲੀ ਚਿੱਠੀ ਗੁਰੂ ਸਾਹਿਬ ਪੁਚਾਣ ਵਾਲਾ ਸਯੱਦ ਅਲੀ ਹੁਸੈਨ ਵੀ ਇਸੇ ਦੁਸ਼ਟ ਨਗਰ ਦਾ ਵਾਸੀ ਸੀ। ਇਸ ਨਗਰ ਦੇ ਚੌਧਰੀਆਂ ਨੇ ਸਿੱਖਾਂ ਨੂੰ ਮਾਰ ਮੁਕਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਇਲਾਕੇ ਦੇ ਲੋਕ ਇਸ ਨਗਰ ਨੂੰ ਜਲਾਦਾਂ ਦਾ ਨਗਰ ਕਹਿਕੇ ਪੁਕਾਰਦੇ ਹਨ। ਇਸੇ ਲਈ ਸਭ ਤੋਂ ਪਹਿਲਾਂ ਇਸ ਸ਼ਹਿਰ ਨੂੰ ਮਲੀਆ ਮੇਟ ਕਰਨ ਲਈ ਸਾਡੇ ਸਿੰਘ ਉਤਾਵਲੇ ਸਨ।

ਅਸਾਂ ਇਕ ਰੋਜ਼ ਤੜਕੇ ਹੀ ਚਾਣਚੱਕ ਇਸ ਨਗਰ ਨੂੰ ਘੇਰਾ ਪਾ ਲਿਆ। ਸਭ ਤੋਂ ਪਹਿਲਾਂ ਸ਼ਹਿਰ ਦਾ ਮੁੱਖ ਗੇਟ ਤੋੜ ਦਿੱਤਾ ਗਿਆ। ਮੁਗ਼ਲ ਫੌਜ ਨੇ ਸਾਡਾ ਡਟਕੇ ਮੁਕਾਬਲਾ ਕੀਤਾ। ਪਰ ਸਾਡੇ ਸਿੰਘਾਂ ਦੇ ਹੌਂਸਲੇ ਬੁਲੰਦ ਸਨ। ਭਾਵੇਂ ਹਮਲੇ ਕਾਰਨ ਸਾਡੇ ਵੀ ਕਈ ਸਿੰਘ ਸ਼ਹੀਦ ਹੋ ਗਏ ਪਰੰਤੂ ਕੁਝ ਹੀ ਘੰਟਿਆਂ ਵਿਚ ਅਸਾਂ ਸ਼ਹਿਰ ਦੇ ਕਿਲੇ ਤੇ ਕਬਜ਼ਾ ਕਰ ਲਿਆ। ਏਥੇ ਇਕ ਹੋਰ ਘਟਨਾ ਮੇਰੀ ਜਾਣਕਾਰੀ ਵਿਚ ਆਈ। ਸ਼ਹਿਰ ਦੇ ਗ਼ਰੀਬ ਕਿਸਾਨ, ਮਜ਼ਾਰੇ ਤੇ ਮਿਹਨਤ ਕਸ ਗ਼ਰੀਬ ਲੋਕ ਸਾਡੀ ਫੌਜ ਨਾਲ ਰਲ ਗਏ। ਜਦੋਂ ਮੇਰੇ ਸਿੰਘ ਸ਼ਹਿਰ ਦੀਆਂ ਹਵੇਲੀਆਂ ਤੇ ਮਹਿਲ ਨੁਮਾਂ ਮਾੜੀਆਂ ਨੂੰ ਢਾਹ ਢੇਰੀ ਕਰ ਰਹੇ ਸਨ ਤਾਂ ਇਹ ਲੋਕ ਵੀ ਉਹਨਾਂ ਦੀਆਂ ਜਾਇਦਾਦਾਂ ਲੁੱਟਣ ਵਿਚ ਸਾਡੀ ਮਦਦ ਕਰ ਰਹੇ ਸਨ। ਉਹਨਾਂ ਨੇ ਸਾਨੂੰ ਜ਼ਾਲਿਮ ਚੌਧਰੀਆਂ ਤੇ ਫੌਜੀ ਅਫ਼ਸਰਾਂ ਦੇ ਪਤੇ ਸਾਡੇ ਸਿੰਘਾਂ ਨੂੰ ਦਸੇ। ਉਹਨਾਂ ਦੀ ਨਿਸ਼ਾਨਦੇਈ ਤੇ ਹੀ ਅਸਾਂ ਇਹਨਾਂ ਹਵੇਲੀਆਂ ਨੂੰ ਚਾਰ ਚੁਫੇਰਿਉਂ ਘੇਰ ਲਿਆ। ਉਹਨਾਂ ਨੇ ਹਵੇਲੀਆਂ ਵਿਚੋਂ ਸਾਡੇ ਤੇ ਗੋਲੀਬਾਰੀ ਕੀਤੀ ਪਰ ਅਸੀਂ ਲਗਾਤਾਰ ਅਗੇ ਵਧਦੇ ਰਹੇ ਤੇ ਉਹਨਾਂ ਦੇ ਦਰਵਾਜੇ ਢਾਹ ਕੇ ਉਹਨਾਂ ਦੀਆਂ ਰਿਹਾਇਸ਼ਾਂ ਵਿਚ ਦਾਖ਼ਿਲ ਹੋ ਗਏ। ਅਸਾਂ ਇਹਨਾਂ ਹਵੇਲੀਆਂ ਨੂੰ ਲੁੱਟ ਕੇ ਅੱਗ ਲਗਾ ਦਿੱਤੀ ਤੇ ਰਹਿਣ ਵਾਲਿਆਂ ਨੂੰ ਵਿਚੇ ਹੀ ਫੂਕ ਦਿੱਤਾ। ਇਹ ਹਵੇਲੀਆਂ ਕਿਲ੍ਹਿਆਂ ਵਾਂਗ ਉਸਾਰੀਆਂ ਗਈਆਂ ਸਨ। ਇਹਨਾਂ ਨੂੰ ਢਾਹ ਢੇਰੀ ਤੇ ਫੂਕਣ ਵਿਚ ਸਾਨੂੰ ਕਾਫੀ ਮਿਹਨਤ ਕਰਨੀ ਪਈ। ਇਹ ਲੜਾਈ ਸਾਰਾ ਦਿਨ ਚਲਦੀ ਰਹੀ। ਸ਼ਾਮ ਤੱਕ ਤਕਰੀਬਨ ਸਾਰੇ ਕਿਲਾ ਨੁਮਾ ਮਹਿਲ ਮਲਬੇ ਵਿਚ ਬਦਲ ਦਿੱਤੇ ਗਏ ਅਤੇ ਇਹਨਾਂ ਵਿਚ ਰਹਿਣ ਵਾਲੇ ਨਹਿਸ਼ੀ ਤੇ ਵਹਿਸ਼ੀ ਲੋਕਾਂ ਨੂੰ ਮਾਰ ਮੁਕਾਇਆ ਗਿਆ। ਇਸ ਲੜਾਈ ਵਿਚ ਸਾਡੇ ਸੌ ਕੁ ਸਿੰਘ ਸ਼ਹੀਦ ਹੋਏ ਜਦੋਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਸਯੱਦ ਤੇ ਹੋਰ ਜਰਵਾਣੇ ਮੁਸਲਮਾਨ ਸਾਡੀਆਂ ਸ਼ਮਸ਼ੀਰਾਂ ਦਾ ਖਾਜਾ ਬਣੇ। ਇਸ ਸ਼ਹਿਰ ਵਿਚੋਂ ਲਖਾਂ ਰੁਪੈ ਦਾ ਮਾਲ ਅਸਬਾਬ, ਘੋੜੇ, ਤੋਪਾਂ, ਬੰਦੂਕਾਂ ਤੇ ਹੀਰੇ ਜਵਾਹਰਾਤ ਤੇ ਸੋਨਾ ਸਾਡੇ ਕਬਜੇ ਵਿਚ ਆਇਆ।

ਇਸ ਨਗਰ ਵਿਚ ਜਿਸ ਕਿਸੇ ਨੇ ਸਿੰਘਾਂ ਦਾ ਮੁਕਾਬਲਾ ਨਹੀਂ ਸੀ ਕੀਤਾ, ਉਸਦਾ ਕੋਈ ਨੁਕਸਾਨ ਨਾ ਕੀਤਾ ਗਿਆ। ਕਿਸੇ ਬਾਲਕ, ਬ੍ਰਿਧ ਜਾਂ ਔਰਤ ਉਪਰ ਹਮਲਾ ਨਾ ਕੀਤਾ ਗਿਆ। ਇਹਨਾਂ ਨਾਲ ਸਾਡੀ ਕੋਈ ਦੁਸ਼ਮਣੀ ਜਾਂ ਈਰਖਾ ਨਹੀਂ ਸੀ। ਕਿਸੇ ਮਸਜ਼ਿਦ ਜਾਂ ਮਕਬਰੇ ਦਾ ਕੋਈ ਨੁਕਸਾਨ ਨਾ ਕੀਤਾ। ਮੇਰੇ ਲਈ ਮੁਸਲਮਾਨ ਵੀਰ ਵੀ ਅਜੀਜ਼ ਸਨ। ਜੇਕਰ ਇਸ ਸ਼ਹਿਰ ਵਿਚ ਹਿੰਦੂ ਫੌਜਦਾਰ ਜਾਂ ਸੂਬੇ ਸਰਹੰਦਾ ਦਾ ਮੁਲਾਜ਼ਿਮ ਜਾਂ ਹਮਾਇਤੀ ਸੀ, ਉਸ ਨਾਲ ਵੀ ਸਯੱਦਾਂ ਵਾਲਾ ਸਲੂਕ ਕੀਤਾ ਗਿਆ। ਮੇਰੇ ਦਿਲ ਵਿਚ ਇਸਲਾਮ ਲਈ ਪੂਰੀ ਕਦਰ ਤੇ ਹਮਦਰਦੀ ਸੀ। ਸਤਿਗੁਰੂ ਜੀ ਨੇ ਮੈਨੂੰ ਇਹ ਕਈ ਵਾਰ ਦਸਿਆ ਸੀ ਕਿ ਕਈ ਮੁਸਲਮਾਨ ਪਰਿਵਾਰਾਂ ਨੇ ਮੇਰੀ ਸੰਕਟ ਵੇਲੇ ਬੜੀ ਦਲੇਰੀ ਨਾਲ ਮਦਦ ਕੀਤੀ ਸੀ। ਖ਼ਾਸ ਕਰਕੇ ਪੀਰ ਬੁਧੂ ਸ਼ਾਹ ਨੇ

ਤਾਂ ਆਪਣੇ ਸਾਰੇ ਪੁੱਤਰ, ਤੇ ਪੰਜ ਸੌ ਪਠਾਣਾਂ ਦੀ ਫੌਜ ਮੇਰੇ ਹਵਾਲੇ ਕਰ ਰਖੇ ਸਨ। ਦਰ ਅਸਲ, ਜ਼ਾਲਿਮ ਦਾ ਕੋਈ ਧਰਮ ਨਹੀਂ ਹੁੰਦਾ। ਕੋਈ ਜਾਤ ਨਸਲ ਨਹੀਂ ਹੁੰਦੀ। ਜ਼ੁਲਮ ਵਿਰੁੱਧ ਲੜਾਈ ਦੌਰਾਨ ਮੇਰੀ ਪੂਰੀ ਤੇ ਸਪੱਸ਼ਟ ਕੋਸ਼ਿਸ਼ ਹੁੰਦੀ ਸੀ ਕਿ ਕਿਸੇ ਨਿਰਦੋਸ਼ ਦਾ ਕੋਈ ਨੁਕਸਾਨ ਨਾ ਹੋਵੇ। ਸਮਾਣੇ ਦੀ ਜਿੱਤ ਬਾਅਦ, ਸਾਨੂੰ ਖਦਸ਼ਾ ਸੀ ਕਿ ਇਸ ਸ਼ਹਿਰ ਦੀ ਬਰਬਾਦੀ ਸੁਣਕੇ, ਵਜ਼ੀਰ ਖ਼ਾਨ ਆਪਣੇ ਪਰਗੰਨਿਆਂ ਦੀ ਹਿਫਾਜ਼ਤ ਤੇ ਮਦਦ ਲਈ ਫੌਜ ਭੇਜੇਗਾ ਜਾਂ ਆਪ ਆਵੇਗਾ। ਪਰ ਉਹ ਨਹੀਂ ਆਇਆ। ਸਾਡੇ ਹੋਰ ਹੌਂਸਲੇ ਵੱਧ ਗਏ। ਇਸ ਸ਼ਹਿਰ ਦੀ ਜਿੱਤ ਬਾਅਦ ਸਾਡੇ ਕਬਜੇ ਵਿਚ ਬਹੁਤ ਅਸਲਾ ਤੇ ਬਰੂਦ ਵੀ ਆਇਆ। ਇਸ ਸ਼ਹਿਰ ਦਾ ਪ੍ਰਬੰਧ ਮੈਂ ਭਾਈ ਫਤਹਿ ਸਿੰਘ ਦੇ ਹਵਾਲੇ ਕਰ ਦਿੱਤਾ। ਇਸ ਸਿੰਘ ਨੇ ਸਮਾਣੇ ਦੀ ਲੜਾਈ ਵਿਚ ਬਹੁਤ ਜੌਹਰ ਵਿਖਾਏ ਸਨ। ਭਾਈ ਫਤਹਿ ਸਿੰਘ ਪਾਸ ਪੰਜ ਸੌ ਸਿੰਘ ਜੋ ਕਿ ਲੜਾਈ ਵਿਚ ਪ੍ਰਬੀਨ ਸਨ ਤੇ ਉਮਰ ਵਿਚ ਵਡੇਰੇ ਸਨ, ਰੱਖੇ ਗਏ।

ਅਗਲੀ ਮੰਜ਼ਿਲ ਵਲ ਵਧਣ ਤੋਂ ਪਹਿਲਾਂ ਮੈਂ ਸ਼ਹਿਰ ਦੇ ਕੇਂਦਰ ਵਿਚ ਇਕ ਜਨ ਸਭਾ ਕੀਤੀ। ਇਸ ਵਿਚ ਸਾਰੇ ਸ਼ਹਿਰੀਆਂ ਨੂੰ ਬੇਖੌਫ ਹੋ ਕੇ ਆਉਣ ਦੀ ਤਕੀਦ ਕੀਤੀ। ਅਸਲ ਵਿਚ ਭਾਰੀ ਤਬਾਹੀ ਵੇਖਕੇ ਲੋਕ ਡਹਿਲ ਗਏ ਸਨ। ਉਹ ਭਾਵੇਂ ਡਰਦੇ ਡਰਦੇ ਆਏ ਪਰ ਆਕੇ ਉਹਨਾਂ ਦੇ ਸਾਰੇ ਭਰਮ ਭੁਲੇਖੇ ਦੂਰ ਕੀਤੇ ਗਏ। ਮੈਂ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਆਖਿਆ, ਮੇਰੇ ਪਿਆਰੇ ਸਮਾਣਾ ਨਿਵਾਸੀਓ ! ਪਿਛਲੇ ਦਿਨਾਂ ਵਿਚ ਜੋ ਕੁਝ ਤੁਹਾਡੇ ਸ਼ਹਿਰ ਵਿਚ ਵਾਪਰਿਆ ਹੈ ਇਹ ਕੋਈ ਅਣਹੋਣੀ ਨਹੀਂ ਹੋਈ। ਇਹ ਕੁਦਰਤ ਦੇ ਭਾਣੇ ਅਨੁਸਾਰ ਹੋਇਆ ਹੈ। ਸਿਆਣੇ ਆਖਦੇ ਨੇ ਅੱਤ ਤੇ ਖ਼ੁਦਾ ਦਾ ਆਪਸ ਵਿਚ ਵੈਰ ਹੁੰਦਾ ਹੈ। ਕਿਹੜਾ ਪਾਪ ਤੇ ਜ਼ੁਲਮ ਹੈ, ਜਿਹੜਾ ਇਸ ਸ਼ਹਿਰ ਦੇ ਹਾਕਮਾਂ ਨੇ ਤੁਹਾਡੇ ਉਪਰ ਨਹੀਂ ਕੀਤਾ। ਇਹ ਮਹਿਲ ਮਾੜੀਆਂ, ਹਵੇਲੀਆਂ ਤੇ ਬੈਠਕਾਂ ਤੁਹਾਡਾ ਹੀ ਲਹੂ ਚੂਸ ਕੇ ਇਹਨਾਂ ਹਤਿਆਰਿਆਂ ਨੇ ਉਸਾਰੀਆਂ ਹਨ। ਤੁਹਾਡੇ ਸ਼ਹਿਰ ਨੂੰ ਇਹਨਾਂ ਦੁਸ਼ਟਾਂ ਨੇ ਜ਼ਲਾਦਾਂ ਦਾ ਸ਼ਹਿਰ ਬਣਾ ਦਿੱਤਾ ਹੈ। ਇਥੋਂ ਦੇ ਜ਼ਮੀਰ ਰਹਿਤ ਹਾਕਮਾਂ ਨੇ ਅਕਹਿ ਤੇ ਅਸਹਿ ਜ਼ੁਲਮ ਕੀਤੇ ਹਨ, ਜਿੰਨਾਂ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਏਸੇ ਲਈ ਸਾਨੂੰ ਦਸਵੇਂ ਪਾਤਸ਼ਾਹ ਨੇ ਏਨਾਂ ਜ਼ਾਲਿਮਾਂ ਨੂੰ ਸੋਧਣ ਲਈ ਭੇਜਿਆ ਹੈ। ਅਸਾਂ ਇਹਨਾਂ ਲੋਕਾਂ ਨੂੰ ਬਣ ਦੀ ਸਜ਼ਾ ਦਿੱਤੀ ਹੈ। ਇਹ ਮਨੁੱਖਤਾ ਦੇ ਵੈਰੀ ਇਨਸਾਨ ਜੀਣ ਦਾ ਕੋਈ ਹੱਕ ਨਹੀਂ ਰੱਖਦੇ। ਇਹਨਾਂ ਨੇ ਚੰਗੇ ਭਲੇ ਹੱਸਦੇ ਵੱਸਦੇ ਘਰਾਂ ਨੂੰ ਉਜਾੜ ਕੇ ਆਪਣੇ ਮਹਿਲ ਉਸਾਰੇ ਹਨ। ਤੁਹਾਡੇ ਹੀ ਸ਼ਹਿਰ ਦੇ ਲੋਕਾਂ ਨੇ ਇਹਨਾਂ ਦੀਆਂ ਵਹਿਸ਼ੀ ਕਰਤੂਤਾਂ ਬਾਰੇ ਸਾਨੂੰ ਸਭ ਕੁਝ ਦਸਿਆ ਹੈ। ਇਸੇ ਸ਼ਹਿਰ ਦੇ ਹੀ ਕਈ ਲੋਕਾਂ ਨੇ ਸ਼ਹਿਰ ਦੇ ਨਾਮੀ ਗੁੰਡਿਆਂ ਤੇ ਬਦਮਾਸ਼ਾਂ ਬਾਰੇ ਸਾਨੂੰ ਇਤਲਾਹ ਦਿੱਤੀ ਹੈ। ਇਹਨਾਂ ਦੀ ਹੀ ਨਿਸ਼ਾਨ ਦੇਈ ਤਾਂ ਅਸਾਂ ਇਨ੍ਹਾਂ ਦਰਿੰਦਿਆਂ ਨੂੰ ਚੁਣ-ਚੁਣ ਕੇ ਮਾਰਿਆ ਹੈ। ਜੇ ਕੋਈ ਐਸਾ ਵੈਸਾ ਜਾਨਵਰ ਅਜੇ ਵੀ ਜਿਊਂਦਾ ਹੈ ਤਾਂ ਸਾਨੂੰ ਦਸੋ ਅਸੀਂ ਉਸਦਾ

ਵੀ ਫਸਤਾ ਵੱਢਣ ਲਈ ਤਿਆਰ ਹਾਂ। ਇਸ ਸ਼ਹਿਰ ਵਿਚ ਹੁਣ ਕੋਈ ਜਲਾਦ ਨਹੀਂ ਰਹੇਗਾ। ਜਲਾਦਾਂ ਦੀ ਜਗ੍ਹਾ, ਇਸਨੂੰ ਅੱਲਾ ਦਾ ਸ਼ਹਿਰ ਬਣਾਉਣ ਲਈ ਅਸੀਂ ਤੁਹਾਡੇ ਨਗਰ ਆਏ ਹਾਂ।

ਸਾਡੀ ਖ਼ਾਲਸਾ ਪੰਚਾਇਤ ਨੇ ਇਹ ਮਤਾ ਪਾਸ ਕੀਤਾ ਹੈ ਕਿ ਅਗੇ ਤੋਂ ਜ਼ਮੀਨਾਂ ਦੇ ਵਾਹਕ ਹੀ ਜ਼ਮੀਨਾਂ ਦੇ ਮਾਲਿਕ ਹੋਣਗੇ। ਜਿਹੜਾ ਵੀ ਜਿੰਨੀ ਜ਼ਮੀਨ ਅੱਜ ਵਾਹ ਰਿਹਾ ਹੈ, ਉਸਦੇ ਮਾਲਕੀ ਹੱਕ ਉਹ ਸਾਡੇ ਕੋਲੋਂ ਲੈਣ ਆਵੇ। ਅਸੀਂ ਉਸਨੂੰ ਮੁਜ਼ਾਰੇ ਤੋਂ ਮਾਲਿਕ ਬਣਾਕੇ ਵਾਪਿਸ ਭੇਜਾਂਗੇ। ਤੁਸੀਂ ਜੋ ਬੀਜੋਗੇ, ਤੇ ਜਿੰਨੀ ਤੁਹਾਡੀ ਫਸਲ ਹੋਵੇਗੀ, ਉਸ ਵਿਚ ਕਿਸੇ ਜ਼ਿਮੀਦਾਰ ਦਾ ਹਿੱਸਾ ਪੱਤੀ ਨਹੀਂ ਹੋਵੇਗੀ। ਸਰਦਾਰ ਫਤਹਿ ਸਿੰਘ, ਜੋ ਕਿ ਇਕ ਯੋਗ ਸ਼ਾਸਕ ਤੇ ਗ਼ਰੀਬਾਂ ਦੇ ਕਦਰਦਾਨ ਹਨ, ਉਹੀ ਤੁਹਾਡੇ ਸ਼ਹਿਰ ਦਾ ਪ੍ਰਬੰਧ ਕਰਨਗੇ। ਸਮਾਣਾ ਪ੍ਰਗੰਨੇ ਦਾ ਅਜ ਤੋਂ ਪ੍ਰਬੰਧ ਇਹਨਾਂ ਦੇ ਹੱਥ ਹੋਵੇਗਾ। ਆਪ ਨੂੰ ਜੋ ਵੀ ਤਕਲੀਫ ਜਾਂ ਸ਼ਿਕਾਇਤ ਹੋਵੇ, ਤੁਸਾਂ ਇਹਨਾਂ ਕੋਲ ਨਿੱਝਕ ਹੋ ਕੇ ਆਉਣਾ ਹੈ। ਇਹ ਤੁਹਾਡੇ ਸਭੇ ਦੁੱਖ ਦੂਰ ਕਰਨਗੇ। ਜੇਕਰ ਅੱਜ ਵੀ ਕੋਈ ਸ਼ਖ਼ਸ ਜਾਂ ਸਭਾ ਤੁਹਾਡੇ ਹੱਕਾਂ ਉਪਰ ਛਾਪਾ ਮਾਰਦਾ ਹੈ ਤਾਂ ਜਾਂ ਤੁਹਾਨੂੰ ਨਜ਼ਾਇਜ਼ ਤੰਗ ਕਰਦਾ ਹੈ, ਉਸਦੀ ਸ਼ਿਕਾਇਤ ਤੁਸਾਂ ਨਵੇਂ ਸੂਬੇਦਾਰ ਸਰਦਾਰ ਫਤਹਿ ਸਿੰਘ ਨੂੰ ਕਰਨੀ ਹੈ। ਮੈਂ ਅਜੇ ਬੋਲ ਕੇ ਹਟਿਆ ਹੀ ਸੀ ਕਿ ਲੋਕਾਂ ਨੇ ਮੇਰੇ ਹੱਕ ਵਿਚ ਨਾਹਰ ਲਾਉਣੇ ਸ਼ੁਰੂ ਕਰ ਦਿੱਤੇ। "ਬੰਦਾ ਸਿੰਘ ਬਹਾਦਰ ਜ਼ਿੰਦਾਬਾਦ" ਦੇ ਨਾਹਿਰਿਆਂ ਨਾਲ ਸਾਰਾ ਸ਼ਹਿਰ ਗੂੰਜ ਉਠਿਆ। ਲੋਕਾਂ ਦੇ ਚਿਹਰਿਆਂ ਤੋਂ ਮੈਂ ਵੇਖ ਰਿਹਾ ਸੀ ਕਿ ਜੀਵਨ ਵਿਚ ਪਹਿਲੀ ਵਾਰ ਕਿਸੇ ਨੇ ਇਹਨਾਂ ਇਨਸਾਨ ਨੂੰ ਸਮਝਿਆ ਹੈ। ਇਹਨਾਂ ਨਾਲ ਇਨਸਾਨਾਂ ਵਾਲਾ ਵਿਹਾਰ ਕੀਤਾ ਹੈ। ਇਹ ਲੋਕ ਸਦੀਆਂ ਤੋਂ ਜ਼ਿਮੀਦਾਰਾਂ ਤੇ ਚੌਧਰੀਆਂ ਅਗੇ ਸਿਜਦੇ ਕਰ ਰਹੇ ਹਨ। ਲੇਲੜੀਆਂ ਕੱਢ ਰਹੇ ਹਨ ਜਾਂ ਸਿਰ ਝੁਕਾ ਕੇ ਹੱਥ ਜੋੜਦੇ ਰਹੇ ਹਨ। ਇਸੇ ਲਈ ਇਹ ਖ਼ੁਸ਼ੀ ਨਾਲ ਮੇਰੀ ਜਿੰਦਾਬਾਦ ਕਰ ਰਹੇ ਹਨ।

ਸਮਾਣੇ ਤੋਂ ਬਾਅਦ ਸਾਡੀ ਪੰਚਾਇਤ ਨੇ ਘੁੜਾਮ ਉਪਰ ਹਮਲਾ ਕਰਨ ਦਾ ਫੈਸਲਾ ਕੀਤਾ। ਸਮਾਣੇ ਦੀ ਜਿੱਤ ਬਾਅਦ ਸਾਡੇ ਹੌਂਸਲੇ ਬੁਲੰਦ ਸਨ। ਸਾਨੂੰ ਮੁਕਾਮੀ ਲੋਕਾਂ ਦਾ ਸਾਥ ਵੀ ਮਿਲ ਰਿਹਾ ਸੀ। ਅਸੀਂ ਸਵੇਰੇ ਸਵੱਖਤੇ ਆਪਣੇ ਨਾਲ ਅਸਲਾ ਤੇ ਦੌਲਤ ਵਗੈਰਾ ਨਾਲ ਲੈ ਕੇ ਦਸ ਹਜ਼ਾਰ ਘੋੜ ਸਵਾਰਾਂ ਤੇ ਤੀਹ ਹਜ਼ਾਰ ਦੇ ਕਰੀਬ ਪੈਦਲ ਫੌਜ ਲੈ ਕੇ ਪ੍ਰਾਚੀਨ ਸ਼ਹਿਰ ਘੁੜਾਮ ਵਲ ਵਧੇ। ਇਸ ਦੇ ਕਿਲੇ ਵਿਚ ਸੁਣਿਆ ਸੀ ਕਿ ਹਜ਼ਾਰਾਂ ਦੀ ਨਫਰੀ ਵਿਚ ਹਥਿਆਰਬੰਦ ਫੌਜ ਹੈ। ਇਹਨਾਂ ਕੋਲ ਤੋਪਾਂ ਵੀ ਸਨ। ਅਸੀਂ ਦੁਪਹਿਰ ਨੂੰ ਉੱਥੇ ਪਹੁੰਚ ਗਏ ਤੇ ਸਿੰਘਾਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਗਜਾਕੇ ਕਿਲੇ ਨੂੰ ਘੇਰਾ ਪਾ ਲਿਆ। ਅੰਦਰੋਂ ਅੰਧਾ ਧੁੰਦ ਗੋਲੀ ਬਾਰੀ ਹੋਣ ਲਗੀ। ਅਸੀਂ ਬਚ ਬਚਾਕੇ ਘੇਰਾ ਪਾਈ ਰਖਿਆ। ਸਾਡੇ ਕਈ ਸਿੰਘ ਸ਼ਹੀਦ ਹੋ ਗਏ। ਅੰਦਰੋਂ ਲਗਾਤਾਰ ਗੋਲੀ ਬਰੂਦ ਬਾਹਰ ਆ ਰਿਹਾ ਸੀ। ਸਾਡੇ ਸਿੰਘ ਡਟੇ ਹੋਏ ਸਨ। ਉਹਨਾਂ

ਨੇ ਤੈਸ਼ ਵਿਚ ਆਕੇ ਕਿਲੇ ਦੀ ਇਕ ਕੰਧ ਢਾਹ ਦਿੱਤੀ। ਭਾਵੇਂ ਇਸ ਜਗ੍ਹਾਂ ਤੇ ਸਾਡੇ ਕਈ ਸਿੰਘ ਸ਼ਹੀਦ ਹੋਏ ਪਰ ਅਸਾਂ ਕਿਲ੍ਹੇ ਅੰਦਰ ਪ੍ਰਵੇਸ਼ ਕਰਕੇ, ਉਥੇ ਮੌਜੂਦ ਫੌਜਾਂ ਨਾਲ ਹਥੋ ਹਥੀ ਜੂਝਣ ਲਗੇ। ਕਿਲੇ ਵਿਚਲੇ ਅਸਾਂ ਸਾਰੇ ਮੁਗ਼ਲ ਸਿਪਾਹੀ ਤੇ ਅਫ਼ਸਰ ਮਾਰ ਮੁਕਾਏ। ਆਖ਼ਿਰ ਸਾਡੀ ਫਤਹਿ ਹੋਈ। ਫਿਰ ਅਸਾਂ ਸ਼ਹਿਰ ਦੇ ਮੁਖ ਸਥਾਨਾਂ ਤੇ ਹਮਲੇ ਕਰਕੇ ਹਵੇਲੀਆਂ ਤੇ ਮਾੜੀਆਂ ਨੂੰ ਲੁਟਿਆ। ਕਿਲੇ ਵਿਚੋਂ ਤੇ ਸ਼ਹਿਰ ਵਿਚੋਂ ਸਾਡੇ ਹੱਥ ਬੇਸ਼ਮਾਰ ਮਾਇਆ, ਗਹਿਣੇ ਤੇ ਅਸਲਾ ਹੱਥ ਆਇਆ। ਤਕਰੀਬਨ ਡੇਢ ਸੌ ਘੋੜੇ ਸਾਡੇ ਕਾਬੂ ਆਏ।

ਅਗਲੇ ਦਿਨ ਅਸਾਂ ਇਕ ਹੋਰ ਕਸਬੇ ਠਸਕੇ ਤੇ ਧਾਵਾ ਬੋਲਿਆ। ਇਹ ਨਗਰ ਮੁਸਲਮਾਨ ਮਜ਼ੌਰਾਂ ਤੇ ਪੀਰਾਂ ਦਾ ਸ਼ਹਿਰ ਸੀ। ਇਥੋਂ ਦੇ ਪੀਰਾਂ ਬਾਰੇ ਅਸਾਂ ਸੁਣਿਆ ਸੀ ਕਿ ਇਹ ਅਜਿਹਾ ਇਲਮ ਜਾਣਦੇ ਸਨ, ਜਿਸ ਨਾਲ ਗੈਬੀ ਤਾਕਤਾਂ ਦੁਆਰਾ ਇਹ ਨਾਮੁਮਕਿਨ ਕੰਮਾਂ ਨੂੰ ਮੁੰਮਕਿਨ ਵਿਚ ਬਦਲਣ ਦਾ ਦਾਹਵਾ ਕਰਦੇ ਸਨ। ਸਿੱਖ ਧਰਮ ਵਿਚ ਅਜਿਹੇ ਵਹਿਮਾਂ ਭਰਮਾਂ ਜਾਂ ਕਰਾਮਾਤਾਂ ਲਈ ਕੋਈ ਜਗ੍ਹਾ ਨਹੀਂ। ਇਸ ਲਈ ਅਸਾਂ ਲੋਕਾਂ ਨੂੰ ਇਹਨਾਂ ਦੀ ਅਖੌਤੀ ਅਜ਼ਾਰੇਦਾਰੀ ਤੋਂ ਮੁਕਤ ਕਰਨ ਲਈ ਠਸਕੇ ਉਪਰ ਹੱਲਾ ਬੋਲਿਆ। ਕਿਸੇ ਨੇ ਮੁਜ਼ਾਮਤ ਨਾ ਕੀਤੀ। ਸ਼ਾਇਦ ਲੋਕਾਂ ਨੇ ਸਮਾਣੇ ਦੀ ਤਬਾਹੀ ਬਾਰੇ ਸੁਣ ਰੱਖਿਆ ਸੀ। ਅਸਾਂ ਜਾਂਦਿਆਂ ਹੀ ਕਾਲੇ ਇਲਮ ਦੇ ਪੀਰ ਜਾਫਰ ਅਲੀ ਨੂੰ ਜਾ ਘੇਰਿਆ। ਉਹ ਪਹਿਲਾਂ ਹੀ ਸਾਡੇ ਸਾਹਮਣੇ ਮੂੰਹ ਵਿਚ ਘਾਹ ਲੈ ਕੇ ਸਾਡੇ ਸਾਹਮਣੇ ਹੱਥ ਜੋੜ ਕੇ ਖੜਾ ਸੀ। ਅਸਾਂ ਉਸਦੇ ਮਾਫ਼ੀ ਮੰਗਣ ਤੇ ਅਗੇ ਤੋਂ ਪਖੰਡ ਕਰਨ ਦੀ ਤੋਬਾ ਕਰਨ ਤੋਂ ਬਾਅਦ ਉਸਨੂੰ ਬਖ਼ਸ਼ ਦਿੱਤਾ ਤੇ ਸ਼ਹਿਰ ਵਿਚ ਕਿਸੇ ਨੂੰ ਕੁਝ ਨਾ ਕਿਹਾ ਪਰ ਉਸ ਵਕਤ ਸ਼ਹਿਰ ਦੇ ਅਮੀਰ ਖ਼ਾਨਦਾਨਾਂ ਨੇ ਸਾਨੂੰ ਨਜ਼ਰਾਨੇ ਭੇਟ ਕੀਤੇ। ਇਕ ਦੋ ਜ਼ਾਲਿਮ ਲੋਕਾਂ ਦੀ ਸ਼ਿਕਾਇਤਾਂ ਵੀ ਮਿਲੀਆਂ। ਅਸਾਂ ਉਹਨਾਂ ਨੂੰ ਕਸੂਰਵਾਰ ਸਮਝਕੇ ਉਹਨਾਂ ਦੀਆਂ ਜ਼ਾਇਦਾਦਾਂ ਜ਼ਬਤ ਕਰ ਲਈਆਂ ਤੇ ਉਹਨਾਂ ਨੂੰ ਸ਼ਹਿਰ ਛੱਡਣ ਦਾ ਹੁਕਮ ਕੀਤਾ। ਅਸੀਂ ਉਥੋਂ ਅਗੇ ਨਿਕਲ ਗਏ। ਸਾਡੀ ਅਗਲੀ ਮੰਜ਼ਿਲ ਥਾਨੇਸਰ ਤੇ ਸ਼ਾਹਬਾਦ ਸੀ। ਇਹਨਾਂ ਨਗਰਾਂ ਦੇ ਹਾਕਮ ਸਾਡੀ ਆਮਦ ਸੁਣਕੇ ਸ਼ਹਿਰ ਛੱਡਕੇ ਦੌੜ ਗਏ। ਇਹਨਾਂ ਸ਼ਹਿਰਾਂ ਵਿਚੋਂ ਸੈਂਕੜੇ ਘੋੜੇ ਧੰਨ ਦੌਲਤ ਤੇ ਹਥਿਆਰ ਸਾਡੇ ਕਬਜ਼ੇ ਵਿਚ ਆਏ। ਸ਼ਹਿਰਾਂ ਦੇ ਹੁਕਮਰਾਨਾਂ ਨੇ ਸਾਡੀ ਈਨ ਮੰਨ ਲਈ ਤੇ ਸਾਨੂੰ ਖ਼ੁਸ਼ ਕਰਨ ਲਈ ਕੀਮਤੀ ਨਜ਼ਰਾਨੇ ਭੇਂਟ ਕੀਤੇ। ਅਗਲੇ ਦਿਨ ਅਸੀਂ ਵਜ਼ੀਰ ਖਾਨ ਦੇ ਜੱਦੀ ਪਿੰਡ ਕੁੰਜਪੁਰੇ ਪਹੁੰਚ ਗਏ। ਸਾਡਾ ਟਾਕਰਾ ਕਰਨ ਲਈ ਵਜ਼ੀਰ ਖਾਨ ਨੇ ਦੋ ਹਜ਼ਾਰ ਘੋੜ ਸਵਾਰ ਤੇ ਪੰਜ ਹਜ਼ਾਰ ਪੈਦਲ ਫੌਜੀ ਭੇਜੇ। ਪਰ ਇਨ੍ਹਾਂ ਫੌਜਾਂ ਕੁੰਜਪੁਰ ਪਹੁੰਚਣ ਤੋਂ ਪਹਿਲਾਂ ਹੀ ਅਸਾਂ ਕੁੰਜਪੁਰ ਤੇ ਕਬਜ਼ਾ ਕਰ ਲਿਆ ਸੀ ਜਦੋਂ ਵਜ਼ੀਰ ਖਾਨ ਦੀ ਹਿਫਾਜ਼ਤੀ ਫੌਜ ਕੁੰਜਪੁਰ ਪਹੁੰਚੀ ਤਾਂ ਇਸ ਫੌਜ ਨੂੰ ਦੋ ਕੁ ਘੰਟਿਆਂ ਵਿਚ ਹੀ ਭਜਾ ਦਿੱਤਾ ਤੇ ਉਸ ਕੋਲੋਂ ਅਸਲਾ, ਘੋੜੇ ਤੇ ਦੋ ਤੋਪਾਂ ਖੋਹ ਲਏ ਤੇ ਨਾਲੇ ਵਜ਼ੀਰ ਖ਼ਾਨ ਨੂੰ ਉਸਦੇ ਹੀ ਫੌਜੀਆਂ ਹਥ ਜੋ ਕਿ ਕੈਦ

ਕਰ ਲਏ ਗਏ ਸਨ, ਮੈਂ ਸਿੰਘਾਂ ਦਾ ਇਕ ਪੈਗਾਮ ਭੇਜਿਆ। ਇਸ ਵਿਚ ਲਿਖਿਆ ਸੀ, ਅਸਾਂ ਖ਼ਾਲਸਾ ਫੌਜ ਨੇ ਹੁਣ ਸਰਹੰਦ ਤੇ ਹਮਲਾ ਕਰਨਾ ਹੈ। ਉਸਨੂੰ ਕਹੋ ਤਿਆਰੀਆਂ ਕੱਸ ਲਵੇ ਤੇ ਜਿਹੜੀਆਂ ਤੋਪਾਂ ਬੀੜਨੀਆਂ ਨੇ ਬੀੜ ਲਵੇ, ਅਸੀਂ ਆ ਰਹੇ ਹਾਂ। ਮੁੜਕੇ ਨਾ ਕਹੀਂ ਕਿ ਐਵੇਂ ਵਸਾਹ ਕੇ ਸਿੰਘ ਪੈ ਗਏ ਨੇ।" ਇਹ ਪੈਗਾਮ ਇਸ ਲਈ ਭੇਜਿਆ ਗਿਆ ਸੀ ਕਿ ਅਸੀਂ ਸਰਹੰਦ ਦੇ ਇਸੇ ਸੂਬੇਦਾਰ ਵਜ਼ੀਰ ਖਾਨ ਨੂੰ ਸੋਧਣ ਲਈ ਤਾਂ ਬੜੀ ਬੇਤਾਬੀ ਨਾਲ ਕਈ ਸਾਲਾਂ ਤੋਂ ਉਡੀਕ ਰਹੇ ਸਾਂ। ਭਾਵੇਂ ਮੇਰੇ ਕਈ ਸਲਾਹਕਾਰ ਸਰਹੰਦ ਤੇ ਹਮਲਾ ਕਰਨ ਲਈ ਅਜੇ ਹੋਰ ਸਮਾਂ ਲੈਣਾ ਚਾਹੁੰਦੇ ਸਨ ਪਰੰਤੂ ਮੈਨੂੰ ਪਿਛਲੀਆਂ ਜਿੱਤਾਂ ਅਤੇ ਸਿੰਘਾਂ ਦੇ ਜੋਸ਼ ਤੋਂ ਭਲੀ ਭਾਂਤ ਪਤਾ ਲਗ ਗਿਆ ਸੀ ਕਿ ਅਸੀਂ ਵਜ਼ੀਰ ਖਾਨ ਨੂੰ ਹੁਣ ਬਹੁਤਾ ਸਮਾਂ ਜੀਣ ਨਹੀਂ ਦੇਣਾ। ਅਸੀਂ ਉਸ ਸੁਲੱਖਣੀ ਘੜੀ ਦੀ ਉਡੀਕ ਵਿਚ ਸਾਂ।

ਸਾਡੇ ਸਿੰਘਾਂ ਨੇ ਹੁਣ ਕਪੂਰੀ ਵਲ ਰੁੱਖ ਕੀਤਾ। ਏਥੇ ਇਕ ਅਯਾਸ਼ ਕਿਸਮ ਦਾ ਜ਼ਾਲਮ, ਜਿਸਦਾ ਨਾਮ ਕਦਮ-ਉਦ-ਦੀਨ ਸੀ, ਲੋਕਾਂ ਉਪਰ ਅਤਿਆਚਾਰ ਕਰ ਰਿਹਾ ਸੀ। ਉਸਦੇ ਬੰਦੇ ਕਪੂਰੀ ਦੇ ਇਰਦ ਗਿਰਦ ਘੁੰਮਦੇ ਰਹਿੰਦੇ ਸਨ ਤੇ ਜਿਹੜੀ ਵੀ ਕਿਸੇ ਹਿੰਦੂ ਦੀ ਨੂੰਹ ਧੀ, ਜੋ ਮੂੰਹ ਮੱਥੇ ਲਗਦੀ ਹੋਵੇ, ਉਸਨੂੰ ਜ਼ਬਰਦਸਤੀ ਉੱਠਾ ਕੇ ਲੈ ਜਾਂਦੇ ਸਨ। ਇਸ ਤਰ੍ਹਾਂ ਉਸਨੇ ਆਪਣੇ ਇਲਾਕੇ ਵਿਚੋਂ ਦਰਜਨਾਂ ਹਿੰਦੂ ਇਸਤਰੀਆਂ ਚੁੱਕੀਆਂ ਸਨ ਤੇ ਉਹਨਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਸੀ। ਹਵਸ ਪੂਰੀ ਕਰਨ ਉਪਰੰਤ ਉਹ ਉਹਨਾਂ ਨੂੰ ਛੱਡ ਦਿੰਦਾ ਸੀ। ਉਹ ਕਦੀ ਕਪੂਰੀ ਤੋਂ ਬਾਹਰ ਦੂਜੇ ਪਰਗਨਿਆਂ ਤੋਂ ਵੀ ਆਪਣੇ ਮਤਲਬ ਦੀਆਂ ਕੁੜੀਆਂ ਨੂੰ ਚੁੱਕ ਲੈਂਦਾ ਸੀ। ਉਸਦਾ ਪਿਤਾ ਗੁਜਰਾਤ ਦਾ ਫੌਜਦਾਰ ਸੀ, ਇਸ ਲਈ ਉਸਨੇ ਕਾਫੀ ਦੌਲਤ ਇਕੱਠੀ ਕਰ ਲਈ ਸੀ। ਸਾਨੂੰ ਸਾਡੇ ਮੁੱਖਬਰਾਂ ਨੇ ਕਪੂਰੀ ਦੇ ਇਸ ਦੁਸ਼ਟ ਦੀ ਖ਼ਬਰ ਦਿੱਤੀ ਤਾਂ ਅਸੀਂ ਯਕਦੰਮ ਇਸ ਦੁਸ਼ਟ ਨੂੰ ਸੋਧਣ ਲਈ ਕੁੰਜਪੁਰੇ ਤੋਂ ਚਲ ਪਏ। ਅਸਾਂ ਦੁਪਹਿਰ ਤੋਂ ਪਹਿਲਾਂ ਹੀ ਕਪੂਰੀ ਨੂੰ ਘੇਰਾ ਪਾ ਲਿਆ। ਕਦਮ-ਉਦ-ਦੀਨ ਦੀ ਫੌਜ ਨੇ ਕੁਝ ਸਮਾਂ ਤਾਂ ਸਾਡਾ ਟਾਕਰਾ ਕੀਤਾ ਪਰ ਜਦੋਂ ਸਾਡੀ ਘੋੜ ਸਵਾਰ ਫੌਜ ਨੇ ਚਾਣ ਚੱਕ ਉਹਨਾਂ ਨਾਲ ਹਥੋ ਹਥੀ ਲੜਾਈ ਲਈ ਅਗੇ ਵਧੇ ਤਾਂ ਉਸਦੀ ਦੁਧ ਪੀਣੇ ਮਜਨੂੰਆਂ ਦੀ ਫੌਜ਼ ਦੁੰਮ ਦਬਾਕੇ ਦੌੜ ਗਈ। ਮੇਰੇ ਸਿੰਘਾਂ ਨੇ ਇਸ ਤੋਂ ਬਾਅਦ ਕਦਮ-ਉਦ-ਦੀਨ ਨੂੰ ਉਸਦੀ ਹਵੇਲੀ ਵਿਚ ਹੀ ਘੇਰ ਲਿਆ ਉਸਨੂੰ ਇਕ ਕਮਰੇ ਵਿਚ ਬੰਦ ਕਰਕੇ ਉਸ ਕਮਰੇ ਨੂੰ ਅੱਗ ਲਗਾ ਦਿੱਤੀ ਗਈ। ਉਹ ਉਥੇ ਹੀ ਸੜਕੇ ਮਰ ਗਿਆ। ਕਿਸੇ ਮੁਸਲਮਾਨ ਨੂੰ ਸਾੜ ਕੇ ਮਾਰਨਾਂ, ਉਸ ਲਈ ਸਭ ਤੋਂ ਸਖ਼ਤ ਸਜ਼ਾ ਹੁੰਦੀ ਹੈ। ਉਸਦੀ ਹਵੇਲੀ ਨੂੰ ਅਗ ਲਾਉਣ ਤੋਂ ਪਹਿਲਾਂ ਅਸਾਂ ਉਸਦੀ ਸਾਰੀ ਦੌਲਤ ਆਪਣੇ ਕਬਜ਼ੇ ਵਿਚ ਲੈ ਲਈ ਸੀ। ਇਸ ਨਗਰ ਵਿਚੋਂ ਸਾਨੂੰ ਕੁਝ ਘੋੜੇ ਵੀ ਮਿਲੇ ਜੋ ਸਾਡੇ ਲਈ ਬੜੇ ਮਦਦਗਰ ਸਾਬਤ ਹੋਏ।

ਇਸ ਨਗਰ ਦੇ ਨਜ਼ਦੀਕ ਹੀ ਸਢੌਰਾ ਨਗਰ ਸੀ। ਇਸ ਨਗਰ ਦਾ ਇਕ ਫੌਜਦਾਰ

ਉਸਮਾਨ ਖਾਂ ਵੀ ਸਾਡੇ ਨਿਸ਼ਾਨੇ ਤੇ ਸੀ। ਇਸ ਪਾਪੀ ਨੇ ਗੁਰੂ ਜੀ ਦੇ ਇਕ ਸੇਵਕ ਪੀਰ ਬੁੱਧੂ ਸ਼ਾਹ ਉਪਰ ਬੜੇ ਜ਼ੁਲਮ ਢਾਏ ਸਨ। ਉਸਨੂੰ ਸਿੱਖਾਂ ਦਾ ਯਾਰ ਕਹਿਕੇ ਸ਼ਹੀਦ ਕੀਤਾ ਗਿਆ ਸੀ। ਉਸਮਾਨ ਖਾਨ ਇਕ ਕਟੜ ਸੁੰਨੀ ਮੁਸਲਮਾਨ ਸੀ। ਉਹ ਹਿੰਦੂਆਂ ਨੂੰ ਨਫ਼ਰਤ ਭਰੀਆਂ ਅੱਖਾਂ ਨਾਲ ਵੇਖਦਾ ਸੀ। ਇਹ ਸ਼ਕਸ ਵੀ ਕਪੂਰੀ ਦੇ ਕਦਮ-ਉਦ-ਦੀਨ ਵਾਂਗ, ਹਿੰਦੂਆਂ ਦੀਆਂ ਧੀਆਂ ਭੈਣਾ ਦੀ ਅਜ਼ਮਤ ਲੁੱਟਣ ਦਾ ਅਥਾਹ ਸ਼ੌਂਕ ਰੱਖਦਾ ਸੀ। ਇਸ ਕਰਕੇ ਅਸਾਂ ਕਪੂਰੀ ਤੋਂ ਬਾਅਦ ਸਢੌਰੇ ਵਲ ਰੁੱਖ ਕੀਤਾ। ਸਾਡੇ ਆਉਣ ਦਾ ਉਸਨੂੰ ਆਪਣੇ ਸੂਹੀਆਂ ਰਾਹੀਂ ਪਤਾ ਲਗ ਚੁੱਕਾ ਸੀ। ਸਾਡੀ ਫੌਜ ਵਿਚ ਪੀਰ ਬੁੱਧੂ ਸ਼ਾਹ ਦੇ ਪਰਿਵਾਰਾਂ ਵਿਚੋਂ ਕਈ ਸਾਡੀ ਫੌਜ ਵਲੋਂ ਲੜਨ ਲਈ ਸਾਡੇ ਨਾਲ ਤੁਰ ਪਏ ਸਨ। ਉਸ ਵਕਤ ਸਾਡੀ ਫੌਜ ਤਕਰੀਬਨ ਪੰਜਾਹ ਹਜ਼ਾਰ ਦੇ ਕਰੀਬ ਪਹੁੰਚ ਚੁੱਕੀ ਸੀ। ਇਸ ਫੌਜ ਨਾਲ ਉਸਮਾਨ ਖਾਨ ਵਰਗੇ ਫੌਜ਼ਦਾਰ ਲੜਨ ਦੀ ਹਿਮਾਕਤ ਨਹੀਂ ਕਰ ਸਕਦੇ ਸਨ। ਉਹਨਾਂ ਨੇ ਚਿੱਟਾ ਝੰਡਾ ਲੈ ਕੇ, ਮੂੰਹਾਂ ਵਿਚ ਘਾਹ ਪਾ ਕੇ, ਸਾਡੇ ਅਗੇ ਪੇਸ਼ ਹੋਣ ਦੀ ਤਿਆਰੀ ਕਸ ਲਈ। ਮੈਂ ਜਾਂ ਮੇਰੇ ਸਲਾਹਕਾਰ ਸਿੰਘ ਅਜਿਹੇ ਮੌਕੇ ਤੇ ਹਮਦਰਦੀ ਨਾਲ ਪੇਸ਼ ਆਉਂਦੇ ਸਾਂ। ਪਰ ਜਿਸ ਬੰਦੇ ਨੂੰ ਅਸੀਂ ਸੋਧਣ ਲਈ ਆਏ ਸਾਂ, ਉਹ ਤਾਂ ਕਿਧਰੇ ਲੁਕਿਆ ਬੈਠਾ ਸੀ। ਸਾਨੂੰ ਪਤਾ ਲਗਾ ਕੇ ਉਹ ਸਢੌਰੇ ਦੇ ਕਿਲ੍ਹੇ ਵਿਚ ਲੁਕਿਆ ਬੈਠਾ ਹੈ। ਅਸੀਂ ਆਪਣੀ ਸ਼ਕਤੀ ਅਜਾਈਂ ਨਹੀਂ ਸੀ ਗਵਾਉਣਾ ਚਾਹੁੰਦੇ। ਅਸਾਂ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਵਾਲਿਆਂ ਨੂੰ ਵਿਚ ਸਾਲਸ ਪਾ ਕੇ, ਕਿਲ੍ਹੇ ਦਾ ਦਰਵਾਜਾ ਖੁਲ੍ਹਾ ਲਿਆ। ਅਸੀਂ ਉਸਮਾਨ ਖਾਨ ਨੂੰ ਜ਼ਿੰਦਾ ਫੜਨ ਵਿਚ ਕਾਮਯਾਬ ਹੋਏ। ਸਾਡੇ ਸਿੰਘਾਂ ਨੇ ਸਾਡੇ ਕਹਿਣ ਤੇ ਉਸਨੂੰ ਮਾਰ ਮੁਕਾਇਆ। ਉਸਦੀ ਨਕਦੀ ਤੇ ਜ਼ੇਵਰਾਤ ਜਿਹੜੀ ਕਿ ਲਖਾਂ ਰੁਪਿਆਂ ਵਿਚ ਸੀ, ਸਾਡੇ ਹੱਥ ਲਗੀ। ਸਾਡੇ ਨਾਲ ਸ਼ਹਿਰ ਦੇ ਅਮੀਰ ਲੋਕਾਂ ਨੇ ਸਾਡੀ ਈਨ ਮੰਨ ਲਈ ਤੇ ਸਾਨੂੰ ਨਜ਼ਰਾਨ ਭੇਂਟ ਕਰਨ ਉਪਰੰਤ ਇਹ ਵਾਅਦਾ ਕੀਤਾ ਸੀ ਕਿ ਉਹ ਖ਼ਾਲਸਾ ਫੌਜਾਂ ਦੇ ਤਾਬਿਆਦਾਰ ਰਹਿਣਗੇ।

ਅਸੀਂ ਸਢੌਰਾ ਵਿਖੇ ਹੀ ਹਫਤੇ ਤੋਂ ਵੱਧ ਠਹਿਰ ਗਏ ਤੇ ਸਰਹੰਦ ਉਪਰ ਹਮਲਾ ਕਰਨ ਦੀਆਂ ਵਿਉਂਤਾਂ ਬਣਾਉਣ ਲਗੇ। ਸਾਡੇ ਕੋਲ ਕਾਫ਼ੀ ਮਾਤਰਾ ਵਿਚ ਧੰਨ ਦੌਲਤ, ਅਸਲਾ, ਤੋੜੇਦਾਰ ਬੰਦੂਕਾਂ, ਦਸ ਹਜ਼ਾਰ ਘੋੜ ਸਵਾਰ ਤੇ ਚਾਲੀ ਕੁ ਹਜ਼ਾਰ ਪੈਦਲ ਸੈਨਾ ਸੀ। ਸਾਡੀ ਇਸ ਮਸਰੂਫੀਅਤ ਦਾ ਲਾਹਾ ਲੈਂਦੇ ਹੋਏ ਸ਼ਹਿਰ ਦੇ ਕੁਝ ਅਮੀਰ ਲੋਕ, ਚੋਰੀ ਛਿਪੇ ਵਜ਼ੀਰ ਖਾਨ ਨੂੰ ਜਾ ਮਿਲੇ। ਉਸਨੇ ਸਾਜਿਸ਼ ਇਹ ਬਣਾਈ ਕਿ ਸਢੋਰੇ ਦੇ ਚੌਧਰੀ, ਸਿੱਖ ਫੌਜ ਨਾਲ ਮੇਲ ਮਿਲਾਪ ਦੀਆਂ ਗਲਾਂ ਕਰਕੇ ਉਹਨਾਂ ਨੂੰ ਰੁਝਾਈ ਰੱਖਣਗੇ ਤੇ ਵਜ਼ੀਰ ਖਾਨ ਦੀ ਫੌਜ ਰਾਤੋ ਰਾਤ ਆਕੇ ਸਿੱਖਾਂ ਨੂੰ ਨਪ ਲਵੇਗੀ। ਇਸ ਸਾਜਿਸ਼ ਵਾਲੀ ਚਿੱਠੀ ਕਿਸੇ ਅਮੀਰ ਨੇ ਆਪਣੇ ਇਕ ਏਲਚੀ ਦੇ ਹੱਥੀਂ, ਬਾਂਸ ਦੀ ਖਾਲੀ ਪੋਰੀ ਵਿਚ ਪਾਕੇ ਭੇਜੀ ਤਾਂ ਕਿ ਇਹ ਵੀਜ਼ਰ ਖ਼ਾਨ ਤੱਕ ਪਹੁੰਚ ਜਾਵੇ। ਹੋਇਆ ਇਸ ਤਰ੍ਹਾਂ ਕਿ ਇਕ ਜਗਾ ਸਿੰਘ ਘੋੜੇ ਚਾਰ ਰਹੇ ਸਨ ਕਿ ਇਕ ਊਠ

ਉਹਨਾਂ ਖੇਤਾਂ ਵਿਚ ਆ ਵੜਿਆ। ਸਿੰਘਾਂ ਨੇ ਊਠ ਨੂੰ ਭਜਾਉਣ ਲਈ, ਕੋਲ ਜਾਂਦੇ ਇਕ ਰਾਹਗੀਰ ਕੋਲੋਂ ਬਾਂਸ ਖੋਹ ਕੇ ਊਠ ਦੇ ਮਾਰਿਆ। ਬਾਂਸ ਪੋਲਾ ਹੋਣ ਕਾਰਨ ਟੁੱਟ ਗਿਆ ਤੇ ਉਸ ਵਿਚੋਂ ਇਕ ਚਿੱਠੀ ਸਿੰਘਾਂ ਦੇ ਹੱਥ ਆਈ। ਇਹ ਚਿੱਠੀ ਸਢੌਰੇ ਦੇ ਉਸੇ ਅਮੀਰ ਦੀ ਸੀ।

ਇਹ ਚਿੱਠੀ ਮੇਰੇ ਕੋਲ ਲਿਆਂਦੀ ਗਈ ਤੇ ਮੈਂ ਇਸਨੂੰ ਪੜ੍ਹਕੇ ਸ਼ਹਿਰ ਵਾਸੀਆਂ ਦਾ ਇਕ ਇਕੱਠ ਬੁਲਾਇਆ। ਉਹਨਾਂ ਲੋਕਾਂ ਨੂੰ ਬੁਲਾਇਆ ਗਿਆ ਜਿੰਨਾਂ ਨੇ ਮੂੰਹ ਵਿਚ ਘਾਹ ਪਾਕੇ ਸਾਡੀ ਖ਼ਾਲਸਾ ਫੌਜ ਦੇ ਤਾਬਿਆਦਾਰ ਰਹਿਣ ਦੀਆਂ ਸੁਗੰਧਾਂ ਖਾਧੀਆਂ ਸਨ। ਮੈਂ ਉਹਨਾਂ ਵਲ ਮੂੰਹ ਕਰਕੇ ਆਖਿਆ, ਜਿਹੜੇ ਲੋਕ ਝੂਠੀਆਂ ਕਸਮਾਂ ਖਾਣ ਉਹਨਾਂ ਨੂੰ ਕੀ ਸਜ਼ਾ ਮਿਲਣੀ ਚਾਹੀਦੀ ਹੈ? ਮੇਰੇ ਹਥ ਵਿਚ ਆਪਣੀ ਚਿੱਠੀ ਵੇਖਕੇ ਉਹ ਕੰਬ ਉੱਠੇ ਤੇ ਮੇਰੇ ਕੋਲੋਂ ਮਾਫ਼ੀਆ ਮੰਗਣ ਲਗੇ। ਕਈ ਉਹਨਾਂ ਵਿਚੋਂ ਡਰ ਕਾਰਨ ਉੱਚੀ ਉੱਚੀ ਰੋਣ ਲਗੇ। ਮੈਂ ਇਹਨਾਂ ਦੀ ਇਸ ਚਾਲ ਨੂੰ ਸਮਝ ਗਿਆ। ਮੈਂ ਆਪਣਾ ਲਹਿਜ਼ਾ ਨਰਮ ਕਰਦੇ ਹੋਏ ਆਖਿਆ, ਤੁਹਾਡੇ ਵਿਚੋਂ ਜਿਹੜਾ ਵੀ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿਚ ਵੜ ਜਾਵੇਗਾ ਉਸਨੂੰ ਅਸੀਂ ਮਾਫ਼ ਕਰ ਦਿਆਂਗੇ। ਉਹਨਾਂ ਨੇ ਪੈਂਤੜਾ ਬਦਲਦੇ ਹੋਏ ਝਟ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਲ ਜਾਣਾ ਸ਼ੁਰੂ ਕਰ ਦਿੱਤਾ। ਇਹ ਉਹੀ ਲੋਕ ਸਨ ਜਿੰਨਾਂ ਨੇ ਦੋ ਦਿਨ ਪਹਿਲਾਂ ਮੇਰੇ ਅਗੇ ਆਕੇ ਵਫ਼ਾਦਾਰੀ ਦੀਆਂ ਝੂਠੀਆਂ ਕਸਮਾਂ ਖਾਧੀਆਂ ਸਨ ਤਾਂ ਕਿ ਉਹਨਾਂ ਦੀ ਜਾਨ ਬਖ਼ਸ਼ੀ ਹੋ ਜਾਵੇ। ਪਰ ਮੂਸਾ ਭਜਾ ਮੌਤ ਤੋਂ, ਅਗੇ ਮੌਤ ਖੜੀ। ਜਦੋਂ ਉਹ ਸਾਰੇ ਜਾਣੇ ਹਵੇਲੀ ਵਿਚ ਚਲੇ ਗਏ ਤਾਂ ਮੈਂ ਆਪਣੇ ਸਿੰਘਾਂ ਨੂੰ ਹਵੇਲੀ ਨੂੰ ਜਿੰਦਰਾ ਲਾਉਣ ਲਈ ਆਖਿਆ। ਨਾਲ ਹੀ ਮੈਂ ਹਵੇਲੀ ਨੂੰ ਸਪੁਰਦੇ ਆਤਿਸ਼ ਕਰਨ ਲਈ ਆਖਿਆ। ਇਸ ਤਰ੍ਹਾਂ ਇਹ ਸਾਰੇ ਖਚਰੋਟ ਅਮੀਰਜ਼ਾਦੇ ਅੱਗ ਦੇ ਭਾਂਬੜਾਂ ਸਪੁਰਦ ਹੋ ਗਏ। ਮੈਂ ਅਜਿਹੇ ਧੋਖੇਬਾਜ ਤੇ ਬੇਵਫਾ ਲੋਕਾਂ ਨੂੰ ਕਤਈ ਮਾਫ਼ ਨਹੀਂ ਕਰ ਸਕਦਾ ਸੀ। ਕਿਸੇ ਗ਼ਰੀਬ ਤੇ ਨਿਰਦੋਸ਼ ਦਾ ਕਦੀ ਮੈਂ ਵਾਲ ਵਿੰਗਾ ਨਹੀਂ ਸੀ ਕੀਤਾ।

ਸਢੌਰੇ ਤੋਂ 15 ਕਿਲੋਮੀਟਰ ਦੀ ਦੂਰੀ ਤੇ, ਸੋਮ ਨਦੀ ਦੇ ਕੰਢੇ ਤੇ ਪਹਾੜੀਆਂ ਦੇ ਦਰ ਮਿਆਨ ਇਕ ਕਿਲ੍ਹਾ ਮੁਖਲਿਸਗੜ ਸੀ। ਖ਼ਾਲਸਾ ਫੌਜ ਦੀ ਗਿਣਤੀ ਹੁਣ ਪੰਜਾਹ ਹਜ਼ਾਰ ਦੇ ਕਰੀਬ ਹੋ ਗਈ ਸੀ। ਇਸ ਫੌਜ ਦੇ ਪੱਕੇ ਤੌਰ ਤੇ ਠਹਿਰਨ ਲਈ ਇਕ ਮਜ਼ਬੂਤ ਕਿਲ੍ਹੇ ਦੀ ਜ਼ਰੂਰਤ ਸੀ। ਥੋੜੀ ਜਿਹੀ ਝੜਪ ਬਾਅਦ ਇਸ ਕਿਲ੍ਹੇ ਉਪਰ ਸਾਡਾ ਕਬਜ਼ਾ ਹੋ ਗਿਆ। ਅਸਾਂ ਸਾਰਾ ਅਸਲਾ, ਖਾਣ ਪੀਣ ਦਾ ਸਾਜੋ ਸਮਾਨ, ਖ਼ਾਲਸਾ ਫੌਜ ਦਾ ਖ਼ਜ਼ਾਨਾ ਇਸ ਕਿਲ੍ਹੇ ਵਿਚ ਰੱਖਣ ਦਾ ਫੈਸਲਾ ਕਰ ਲਿਆ। ਇਸ ਕਿਲ੍ਹੇ ਦੀਆਂ ਕੰਧਾਂ ਨੂੰ ਹੋਰ ਮਜ਼ਬੂਤ ਕੀਤਾ ਗਿਆ। ਇਸ ਕਿਲ੍ਹੇ ਦੇ ਚਾਰ ਚੁਫੇਰੇ ਖੜਾਂ ਤੇ ਚੋਅ ਸਨ। ਗੁਰੀਲਾ ਜੰਗ ਲਈ ਇਹ ਬਹੁਤ ਲਾਭਦਾਇਕ ਹੋ ਸਕਦਾ ਸੀ। ਲੋੜ ਪੈਣ ਤੇ ਅਸੀਂ ਬਿਨਾਂ ਕਿਸੇ ਨੁਕਸਾਨ ਦੇ ਇਹ ਕਿਲ੍ਹਾ ਛਡ ਵੀ ਸਕਦੇ ਸੀ। ਇਕ ਗਲ ਹੋਰ ਵੀ ਸੀ। ਥੋੜੀ ਕੀਤਿਆਂ, ਇਸ ਕਿਲ੍ਹੇ ਨੂੰ ਜਿੱਤਣਾ ਵਜ਼ੀਰ ਖਾਨ

ਵਾਸਤੇ ਸੌਖਾ ਕੰਮ ਨਹੀਂ ਸੀ। ਗੁਰੂ ਸਾਹਿਬ ਦੇ ਸਤਿਕਾਰ ਨੂੰ ਮੁਖ ਰੱਖਕੇ ਮੈਂ ਇਸ ਕਿਲ੍ਹੇ ਦਾ ਨਾਮ ਜਦ ਲੋਹਗੜ੍ਹ ਰੱਖਿਆ ਤਾਂ ਬਹੁਤ ਸਾਰੇ ਸਿੰਘ ਬਹੁਤ ਖ਼ੁਸ਼ ਹੋਏ ਤੇ ਉਹਨਾਂ ਨੂੰ ਆਨੰਦਪੁਰ ਵਾਲੇ ਲੋਹਗੜ੍ਹ ਦੀ ਯਾਦ ਤਾਜ਼ਾ ਹੋ ਗਈ। ਇਹ ਕਿਲ੍ਹਾਂ ਇਕ ਉੱਚੀ ਪਹਾੜੀ ਤੇ ਸਥਿਤ ਸੀ। ਸਾਡੀ ਫੌਜ ਨੇ ਇਥੇ ਆਕੇ ਸੁੱਖ ਦਾ ਸਾਹ ਲਿਆ। ਪਰ ਮੇਰੀ ਆਤਮਾਂ ਹਾਲੇ ਵੀ ਬੜੀ ਬੇਚੈਨ ਸੀ। ਸਰਹੰਦ ਦੀ ਫਤਹਿ ਹਾਲੇ ਬਾਕੀ ਸੀ। ਅਸਾਂ ਕਾਫੀ ਤਿਆਰੀ ਕਰਕੇ ਇੰਨਾ ਕੁ ਅਸਲਾ ਤੇ ਫੋਜ ਇਕੱਤਰ ਕਰ ਲਈ ਸੀ, ਜਿਸ ਨਾਲ ਵਜ਼ੀਰ ਖ਼ਾਨ ਦੀਆਂ ਲੱਖਾਂ ਫੌਜਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਸੀ। ਸਾਡੇ ਬਹੁਤੇ ਸਿੰਘ ਸਰਹੰਦ ਉਪਰ ਤੁਰੰਤ ਹਮਲਾ ਕਰਨਾ ਚਾਹੁੰਦੇ ਸਨ, ਇਸ ਲਈ ਅਸੀਂ ਇਸ ਜੰਗ ਲਈ ਤਿਆਰੀਆਂ ਬੰਨਣ ਲਗੇ।

ਪੰਜਾਬ ਦੇ ਦੋ ਬਹੁਤ ਵੱਡੇ ਸੂਬੇ ਸਨ। ਸਰਹੰਦ ਤੇ ਲਾਹੌਰ। ਸਰਹੰਦ ਦੇ 28 ਪਰਗੰਨੇ ਸਨ, ਜਿੰਨਾਂ ਤੋਂ ਸੂਬੇਦਾਰ ਵਜ਼ੀਰ ਖ਼ਾਨ ਨੂੰ ਇਕ ਕਰੋੜ ਦੇ ਲਗਭਗ ਆਮਦਨ ਹੁੰਦੀ ਸੀ। ਸ਼ਾਇਦ ਇਸੇ ਕਾਰਨ ਹੀ ਉਸਦਾ ਦਿਮਾਗ਼ ਖ਼ਰਾਬ ਸੀ। ਇਸ ਸੂਬੇ ਦਾਰ ਤੇ ਇਸਦੇ ਵਜ਼ੀਰਾਂ ਨੇ ਸਾਰੇ ਸੂਬੇ ਵਿਚ ਦਹਿਸ਼ਤ ਫੈਲਾ ਰੱਖੀ ਸੀ। ਵਜ਼ੀਰ ਖਾਨ ਦੇ ਹਾਕਮ ਤੇ ਵਜ਼ੀਰ ਵੀ ਉਸ ਵਾਂਗ ਜ਼ਾਲਿਮ ਤੇ ਤੰਗ ਦਿਲ ਸਨ। ਸੁੱਚਾ ਨੰਦ ਵਜ਼ੀਰ ਦੇ ਕਮੀਨੇਪਣ ਬਾਰੇ ਸਿੰਘਾਂ ਕੋਲੋਂ ਬਹੁਤ ਕੁਝ ਸੁਣ ਚੁੱਕਾ ਸੀ। ਇਸੇ ਸੂਬੇਦਾਰ ਨੇ ਸਤਿਗੁਰੂ ਜੀ ਦੋ ਛੋਟੇ ਬੇਟਿਆਂ ਨੂੰ ਬਿਨਾਂ ਕਿਸੇ ਕਸੂਰ ਦੇ ਬੜੀ ਬੇਰਹਿਮੀ ਨਾਲ ਕਤਲ ਕਰਵਾਇਆ ਸੀ। ਮਾਤਾ ਗੁਜ਼ਰੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਇਸੇ ਵਜ਼ੀਰ ਖਾਨ ਨੇ ਮੋਤੀ ਰਾਮ ਮਹਿਰੇ ਦੇ ਸਾਰੇ ਪਰਿਵਾਰ ਨੂੰ, ਸਾਹਿਬਜ਼ਾਦਿਆਂ ਨੂੰ ਚੋਰੀ ਦੁੱਧ ਪਿਲਾਉਣ ਲਈ ਜਿਊਂਦੇ ਹੀ ਕੋਲੂ ਵਿਚ ਪੀੜ ਦਿੱਤਾ ਸੀ। ਅਜਿਹੇ ਜ਼ੁਲਮ ਤਾਂ ਕੋਈ ਹਾਕਮ ਨਹੀਂ ਕਰ ਸਕਦਾ ਪਰ ਵਜ਼ੀਰ ਖ਼ਾਨ ਨੇ ਇਹ ਜ਼ੁਲਮ ਬੜੀ ਹੈਂਕੜ ਨਾਲ ਕੀਤੇ ਸਨ। ਇਹਨਾਂ ਕਾਰਨਾਂ ਸਦਕਾ ਵਜ਼ੀਰ ਖਾਨ ਨੂੰ ਸੋਧਣਾਂ ਲਾਜ਼ਮੀ ਸੀ ਤੇ ਪੁੰਨ ਵਾਲਾ ਕਾਰਜ ਸੀ। ਇਸੇ ਦੁਸ਼ਟ ਦੇ ਕੁਕਰਮਾਂ ਦਾ ਸਤਿਗੁਰੂ ਜੀ ਨੇ ਕਈ ਵਾਰ ਮੇਰੇ ਕੋਲ ਨੰਦੇੜ ਵਿਖੇ ਜ਼ਿਕਰ ਕੀਤਾ ਸੀ। ਇਸੇ ਸੂਬੇਦਾਰ ਨੂੰ ਮੈਂ ਸੁਪਨੇ ਵਿਚ ਕਈ ਵਾਰ ਮੌਤ ਦੇ ਘਾਟ ਉਤਾਰ ਚੁੱਕਾ ਸੀ। ਸਰਹੰਦ ਦੇ ਪਰਗੰਨਿਆਂ ਨੂੰ ਅਸਾਂ ਪਹਿਲਾਂ ਇਸੇ ਕਰਕੇ ਲੁਟਿਆ ਤੇ ਕੁਟਿਆ ਸੀ ਤਾਂ ਕਿ ਸਾਡੇ ਕੋਲ ਸਰਹੰਦ ਵਰਗੇ ਵੱਡੇ ਸ਼ਹਿਰ ਨੂੰ ਫਤਹਿ ਕਰਨ ਦੀ ਸਮਰੱਥਾ ਹੋ ਸਕੇ। ਜਦੋਂ ਸਾਡੇ ਕੋਲ ਚਾਲੀ ਹਜ਼ਾਰ ਦੇ ਕਰੀਬ ਲੜਾਕੀ ਫੌਜ ਸੀ ਤਾਂ ਫਿਰ ਉਡੀਕ ਕਿਹੜੀ ਗਲ ਦੀ ਸੀ। ਲੋਹਾ ਗਰਮ ਸੀ। ਸੱਟ ਮਾਰਨੀ ਵਾਜਿਬ ਸੀ।

ਮੈਂ ਸਭ ਤੋਂ ਪਹਿਲਾਂ ਆਪਣੀ ਫੌਜ ਦਾ ਨਿਰੀਖਣ ਕੀਤਾ। ਕਹਿਣ ਨੂੰ ਤਾਂ ਸਾਡੀ ਫੌਜ ਵਿਚ 40 ਕੁ ਹਜ਼ਾਰ ਪੈਦਲ ਸੈਨਾ ਤੇ ਦਸ ਕੁ ਹਜ਼ਾਰ ਘੋੜ ਸਵਾਰ ਸਨ। ਪਰ ਜਦੋਂ ਮੇਰੇ ਸਲਾਹਕਾਰਾਂ ਨੇ ਸਹੀ ਗਿਣਤੀ ਕੀਤੀ ਤਾਂ ਇਸਦੀ ਗਿਣਤੀ ਘੱਟ ਨਿਕਲੀ। ਖ਼ਾਲਸਾ ਫੌਜ ਵਿਚ ਲੁਟਣ ਦੀ ਲਾਲਸਾ ਨਾਲ ਕਈ ਪੈਦਲ ਤੇ ਘੋੜ

ਸਵਾਰ ਆ ਰਲਦੇ ਸਨ। ਸਾਨੂੰ ਉਹਨਾਂ ਦਿਨਾਂ ਵਿਚ ਬੰਦੇ ਬੰਦੇ ਦੀ ਜ਼ਰੂਰਤ ਸੀ, ਇਸ ਲਈ ਥੋਹੜਾ ਕੀਤਿਆਂ ਕਿਸੇ ਨੂੰ ਵਾਪਿਸ ਨਹੀਂ ਮੋੜਦੇ ਸੀ। ਪਰ ਇਹ ਲੁਟੇਰੇ ਸਾਡੇ ਹੁਕਮਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ ਸਨ। ਭਾਵੇਂ ਇਹ ਜਾਨ ਮਾਰਕੇ ਲੜਦੇ ਸਨ, ਕਿਉਂਕਿ ਇਹਨਾਂ ਨੂੰ ਪਤਾ ਸੀ ਕਿ ਜੇਕਰ ਹਾਰ ਗਏ ਤਾਂ ਜਿਊਂਦੇ ਘਰ ਨਹੀਂ ਪਹੁੰਚਾਂਗੇ। ਜਦੋਂ ਜਿੱਤ ਜਾਂਦੇ ਤਾਂ ਇਹਨਾਂ ਦਾ ਧਿਆਨ ਲੁੱਟਣ ਵਲ ਹੀ ਹੁੰਦਾ ਸੀ। ਲੁੱਟ ਦਾ ਮਾਲ ਇਹ ਕੋਲ ਹੀ ਰੱਖਦੇ ਸਨ ਤੇ ਬਾਹਰੋ ਬਾਹਰ ਆਪਣੇ-ਆਪਣੇ ਟਿਕਾਣਿਆਂ ਤੇ ਪਹੁੰਚ ਜਾਂਦੇ ਸਨ।.ਪਰ ਇਹਨਾਂ ਨੂੰ ਗ਼ਰੀਬਾਂ ਤੇ ਨਿਰਦੋਸ਼ਾਂ ਨੂੰ ਲੁੱਟਣ ਦੀ ਇਜ਼ਾਜ਼ਤ ਨਹੀਂ ਸੀ। ਮੈਂ ਕਈ ਲੁਟੇਰਿਆਂ ਨੂੰ ਜਿੰਨਾਂ ਨੇ ਔਰਤਾਂ ਤੇ ਗ਼ਰੀਬਾਂ ਨੂੰ ਉਜਾੜਣ ਦੀ ਕੋਸ਼ਿਸ ਕੀਤੀ ਸੀ, ਆਪਣੀ ਕਿਰਪਾਨ ਨਾਲ ਸੋਧਿਆ ਸੀ। ਔਰਤਾਂ ਨਾਲ ਜ਼ਿਆਦਤੀ ਕਰਨ ਵਾਲਿਆਂ ਨੂੰ ਮੈਂ ਕਦੀ ਨਹੀਂ ਬਖਸ਼ਿਆ। ਪਰ ਹੁਣ ਅਸਾਂ ਸੂਬੇਦਾਰ ਦੀ ਭਾਰੀ ਫੌਜ ਨਾਲ ਟਾਕਰਾ ਕਰਨਾ ਸੀ ਤੇ ਉਸਦੀਆਂ ਤੋਪਾਂ ਦਾ ਸਾਹਮਣਾ ਕਰਨਾ ਸੀ। ਇਸ ਲਈ ਅਸੀਂ ਜਦੋਂ ਮੌਕਾਪ੍ਰਸਤ ਲੋਕਾਂ ਨੂੰ ਫੌਜ ਵਿਚੋਂ ਛਾਂਟਿਆਂ ਤਾਂ ਸਾਡੇ ਘੋੜ ਸਵਾਰਾਂ ਦੀ ਗਿਣਤੀ ਘਟ ਕੇ ਸਤ ਹਜ਼ਾਰ ਰਹਿ ਗਈ ਤੇ ਪੈਦਲ ਵਿਚ ਘਟਕੇ ਤੀਹ ਹਜ਼ਾਰ ਦੇ ਕਰੀਬ ਰਹਿ ਗਈ। ਪਰ ਇਸ ਫੌਜ ਤੇ ਸਾਨੂੰ ਭਰੋਸਾ ਸੀ।

ਬਨੂੜ ਤੇ ਮਲੇਰਕੋਟਲੇ ਨੂੰ ਫਤਹਿ ਕਰਨ ਬਾਅਦ ਵੀ ਕੁਝ ਅਸਲਾ, ਛੇ ਤੋਪਾਂ ਤੇ ਬਹੁਤ ਸਾਰੀ ਨਕਦੀ ਤੇ ਸੋਨਾ ਸਾਡੇ ਕਬਜੇ ਵਿਚ ਆਏ। ਕੀਰਤਪੁਰ ਵਿਖੇ ਮਾਝੇ ਤੋਂ ਆਏ ਸਿੰਘ ਜੋ ਕਈ ਮਹੀਨੇ ਸਤਲੁਜ ਦੇ ਦੂਜੇ ਕਿਨਾਰੇ ਰੁਕੇ ਹੋਏ ਸਨ, ਉਹ ਵੀ ਬੜੀਆਂ ਕਠਨਾਈਆਂ ਉਪਰੰਤ ਸਾਡੇ ਪਾਸ ਬਨੂੜ ਦੇ ਨਜ਼ਦੀਕ ਆ ਪਹੁੰਚੇ। ਇਹਨਾਂ ਦੀ ਗਿਣਤੀ ਢਾਈ ਹਜ਼ਾਰ ਤੋਂ ਵਧ ਸੀ ਤੇ ਇਹ ਸਾਰੇ ਸ਼ਸਤਰ ਧਾਰੀ ਸਨ। ਇਹ ਬੜੇ ਹੀ ਸ਼ਰਧਾਵਾਨ ਸਿੱਖ ਸਨ। ਇਹ ਲੋਕ ਮੈਨੂੰ ਅਥਾਹ ਪਿਆਰ ਕਰਦੇ ਸਨ। ਮੈਂ ਸੋਚਦਾ ਹਾਂ ਕਿ ਇਹ ਸਤਿਗੁਰੂ ਜੀ ਨੂੰ ਕਿੰਨਾ ਪਿਆਰ ਕਰਦੇ ਹੋਣਗੇ? ਇਹ ਸਾਰੇ ਹੱਟੇ ਕੱਟੇ ਸਨ ਤੇ ਜੋਸ਼ ਤੇ ਗੁੱਸੇ ਨਾਲ ਭਰੇ ਹੋਏ ਸਨ। ਇਹ ਸਾਰੇ ਸਰਹੰਦ ਨੂੰ ਫਤਹਿ ਕਰਨ ਦੇ ਇਰਾਦੇ ਨਾਲ ਮੇਰੇ ਕੋਲ ਆਏ ਸਨ। ਆਪਸੀ ਸਲਾਹ ਮਸ਼ਵਰੇ ਉਪਰੰਤ ਅਸੀਂ ਚਪੜ ਚਿੜੀ ਦੇ ਟਿੱਬੇ ਤੇ ਇਕੱਤਰ ਹੋਏ। ਟਿੱਬੇ ਦੇ ਨਜ਼ਦੀਕ ਇਕ ਸਾਫ਼ ਪਾਣੀ ਦਾ ਨਾਲਾ ਸਾੀ। ਹੋਰ ਕਈ ਪਾਣੀ ਦੇ ਛੱਪੜ ਵੀ ਸਨ। ਇਹ ਸਥਾਨ ਸਰਹੰਦ ਤੋਂ ਵੀਹ ਕੁ ਕਿਲੋਮੀਟਰ ਦੀ ਦੂਰੀ ਤੇ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਸਰਹੰਦ ਉਪਰ ਹੱਲਾ ਬੋਲੀਏ, ਵਜ਼ੀਰ ਖਾਨ ਨੇ ਸਾਡੇ ਉਪਰ ਹਮਲਾ ਕਰਨ ਦਾ ਫੈਸਲਾ ਕੀਤਾ। ਉਹ ਤੀਹ ਕੁ ਹਜ਼ਾਰ ਪੈਦਲ ਤੇ ਦਸ ਕੁ ਹਜ਼ਾਰ ਘੋੜ ਸਵਾਰਾਂ ਨਾਲ ਚਪੜ ਚਿੜੀ ਦੇ ਮੈਦਾਨ ਵਲ ਵਧਿਆ। ਆਪ ਉਹ ਹਾਥੀ ਉਪਰ ਸਵਾਰ ਸੀ ਤੇ ਉਸਦੇ ਪਾਸਿਆਂ ਤੇ ਘੋੜ ਸਵਾਰ ਫੌਜ ਸੀ। ਵਜ਼ੀਰ ਖ਼ਾਨ ਕੋਲ ਕਾਫੀ ਤੋਪਾਂ ਸਨ ਅਤੇ ਇਹਨਾਂ ਦੇ ਸਹਾਰੇ ਉਹ ਜਿੱਤ ਦੀ ਆਸ ਲਾਈ ਬੈਠਾ ਸੀ। ਉਹ ਚਾਹੁੰਦਾ ਸੀ ਕਿ ਇਸ ਤੋਂ ਪਹਿਲਾਂ ਕਿ ਸਿੰਘ ਸਰਹੰਦ ਉਪਰ ਹਮਲਾ ਕਰਨ

ਉਹ ਪਹਿਲਾਂ ਹੀ ਸਿੰਘਾਂ ਉਪਰ ਭਾਰੀ ਫੌਜ ਨਾਲ ਹਮਲਾ ਕਰਕੇ ਸਿੱਖ ਫੌਜਾਂ ਨੂੰ ਖਦੇੜਨਾਂ ਤੇ ਨਸ਼ਟ ਕਰਨਾ ਚਾਹੁੰਦਾ ਸੀ। ਉਸਨੇ ਜਹਾਦ ਦਾ ਨਾਹਰਾ ਦੇ ਕੇ ਬਹੁਤ ਸਾਰੇ ਪਠਾਣਾਂ, ਰੰਘੜਾ ਤੇ ਬਲੋਚਾਂ ਨੂੰ ਆਪਣੀ ਫੌਜ ਵਿਚ ਭਰਤੀ ਕਰ ਲਿਆ ਸੀ। ਬਹੁਤ ਸਾਰੇ ਮੁਸਲਿਮ ਚੌਧਰੀ ਤੇ ਜਗੀਰਦਾਰ ਇਸਲਾਮ ਦੀ ਸਲਾਮਤੀ ਲਈ ਰਾਤੋ ਰਾਤ ਉਸਦੀ ਫੌਜ ਵਿਚ ਭਰਤੀ ਹੋ ਗਏ ਸਨ। ਉਸਦੀ ਸਭ ਤੋਂ ਵਧ ਮਦਦ ਮਲੇਰਕੋਟਲੇ ਦੇ ਨਵਾਬ ਸ਼ੇਰ ਖ਼ਾਨ ਨੇ ਕੀਤੀ ਸੀ। ਉਹ ਆਪਣੇ ਸਮੁੱਚੇ ਪਰਿਵਾਰ ਸਮੇਤ ਇਸ ਫੌਜ ਵਿਚ ਲੜਨ ਮਰਨ ਲਈ ਸ਼ਾਮਿਲ ਹੋਇਆ ਸੀ।

ਲੜਾਈ ਤੋਂ ਕੁਝ ਦਿਨ ਪਹਿਲਾਂ ਵਜ਼ੀਰ ਸੁੱਚਾ ਨੰਦ ਦਾ ਭਤੀਜਾ ਗੰਡਾ ਮਲ ਆਪਣੇ ਨਾਲ ਇਕ ਹਜ਼ਾਰ ਫੌਜ ਲੈ ਕੇ ਮੈਨੂੰ ਬਨੂੜ ਵਿਖੇ ਮਿਲਿਆ। ਉਸਨੇ ਆਖਿਆ, ਸਿੰਘ ਜੀ ਅਸਾਨੂੰ ਵਜ਼ੀਰ ਖ਼ਾਨ ਨੇ ਡਾਹਢਾ ਤੰਗ ਕੀਤਾ ਹੈ। ਸਾਨੂੰ ਪਨਾਹ ਦਿਓ, ਅਸੀਂ ਤੁਹਾਡੇ ਵਲੋਂ ਉਸ ਵਿਰੁੱਧ ਲੜਨਾ ਚਾਹੁੰਦੇ ਹਾਂ। ਮੈਨੂੰ ਉਹਨਾਂ ਦੀ ਇਸ ਵਿਉਂਤ ਦੀ ਝਟ ਸਮਝ ਆ ਗਈ। ਇਹ ਵੇਲਾ ਹੀ ਬੜਾ ਨਾਜ਼ੁਕ ਸੀ ਨਹੀਂ ਤਾਂ ਮੈਂ ਇਹਨਾਂ ਬੰਦਿਆਂ ਨੂੰ ਸੋਧ ਦੇਣਾ ਸੀ। ਮੈਂ ਉਹਨਾਂ ਦੀ 'ਫਰਿਆਦ' ਸੁਣਕੇ ਉਹਨਾਂ ਨੂੰ ਆਪਣੀ ਫੌਜ ਦੇ ਸਭ ਤੋਂ ਪਿਛੇ ਲਗਾ ਦਿੱਤਾ। ਉਹ ਅੱਗੇ ਆਉਣਾ ਚਾਹੁੰਦੇ ਸਨ ਪਰ ਸਾਡੇ ਫੈਸਲੇ ਅਗੇ ਉਹ ਕਿੰਤੂ ਪ੍ਰੰਤੂ ਨਾ ਕਰ ਸਕੇ। ਬਾਅਦ ਵਿਚ ਉਹੀ ਹੋਇਆ ਜਿਸਦਾ ਸਾਨੂੰ ਖਦਸ਼ਾ ਸੀ। ਜੰਗ ਸ਼ੁਰੂ ਹੁੰਦਿਆਂ ਹੀ ਬੰਦੇ ਭੱਜਣ ਲਗੇ ਤੇ ਸਾਡੀ ਫੌਜ ਨੂੰ ਭਾਜੜ ਪੌਣ ਲਗੇ। ਪਰ ਸਾਡੇ ਜਰਨੈਲਾਂ ਨੇ ਇਹਨਾਂ ਦਾ ਪਿੱਛਾ ਕਰਕੇ ਇਹਨਾਂ ਨੂੰ ਦੂਰ ਭਜਾ ਦਿੱਤਾ।

ਭਾਵੇਂ ਮੈਂ ਪਹਿਲਾਂ ਵੀ ਪਰਗੰਨਿਆਂ ਦੀਆਂ ਲੜਾਈਆਂ ਵਿਚ ਫੌਜ ਦੇ ਅੱਗੇ ਅੱਗੇ ਹੁੰਦਾ ਸੀ ਪਰ ਕਦੇ ਵੀ ਪਹਿਲਾਂ ਇਹਨੀ ਫਸਵੀਂ ਟੱਕਰ ਨਹੀਂ ਸੀ ਹੋਈ। ਸਾਡੀ ਸਾਰੀ ਫੌਜ ਚਪੜ ਚਿੜੀ ਦੀ ਜੂਹ ਵਿਚ ਜਮਾਂ ਹੋ ਗਈ। ਮੈਂ ਆਪਣੇ ਪਿਆਰਿਆਂ ਤੇ ਮੁੱਖ ਸਰਦਾਰਾਂ ਨੂੰ ਕੋਲ ਬੁਲਾਇਆ ਤੇ ਉਹਨਾਂ ਨੂੰ ਆਪਣੇ ਆਪਣੇ ਕਾਰਜ ਸੌਂਪ ਦਿੱਤੇ। ਸਾਡੇ ਕੋਲ ਇਕ ਬੜਾ ਪ੍ਰਬੀਨ ਤੋਪਚੀ ਭਾਈ ਸਾਹਬਾਜ ਸਿੰਘ ਸੀ, ਅਸੀਂ ਨਿਕੀਆਂ ਵੱਡੀਆਂ ਸੱਤ ਤੋਪਾਂ ਉਸਦੇ ਹਵਾਲੇ ਕਰ ਦਿੱਤੀਆਂ ਤੇ ਉਸਨੂੰ ਤਿਆਰ ਰਹਿਣ ਲਈ ਆਖਿਆ ਗਿਆ। ਸਾਨੂੰ ਸੂਹ ਮਿਲ ਚੁੱਕੀ ਸੀ ਕਿ ਵਜ਼ੀਰ ਖ਼ਾਨ ਆਪਣੇ ਭਾਰੀ ਲੌ-ਲਸ਼ਕਰ ਨਾਲ ਸਾਡੇ ਵਲ ਆ ਰਿਹਾ ਹੈ। ਇਸ ਲਈ ਅਸਾਂ ਸਰਹੰਦ ਵਲ ਜਾਣ ਦਾ ਖ਼ਿਆਲ ਛਡ ਦਿੱਤਾ। ਫੌਜ ਦੀ ਕਮਾਨ ਮੈਂ ਆਪਣੇ ਸੂਰਮੇ ਸਰਦਾਰਾਂ ਨੂੰ ਸੌਂਪ ਦਿੱਤੀ ਤੇ ਆਪ ਉੱਚੇ ਟਿਲੇ ਤੇ ਕੁਝ ਸਿੰਘਾਂ ਨਾਲ ਡੇਰਾ ਲਾ ਲਿਆ। ਭਾਈ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਆਲੀ ਸਿੰਘ ਤਿਆਰ-ਬਰ-ਤਿਆਰ ਖੜੇ, ਆਪਣੇ ਸਿੰਘਾਂ ਨਾਲ ਵਜੀਰੇ ਦੀ ਫੌਜ ਦੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਭਾਵੇਂ ਸਾਡੇ ਕੋਲ ਕੋਈ ਵਧੀਆ ਹਥਿਆਰ ਨਹੀਂ ਸਾਂ। ਅਸੀਂ ਕੇਵਲ ਕਿਰਪਾਨਾਂ, ਨੇਜ਼ਿਆਂ, ਤੀਰਾਂ ਤੇ ਕੁਝ ਕੁ ਬੰਦੂਕਾਂ ਨਾਲ ਲੜ ਰਹੇ ਸਨ।

ਤੋਪਾਂ ਵੀ ਬਹੁਤੀਆਂ ਵਧੀਆਂ ਨਹੀਂ ਸਨ। ਬਸ ਗੁਜ਼ਾਰਾ ਵਜ਼ਾਰਾ ਹੀ ਸੀ। ਪਰ ਸਾਡੇ ਹੌਂਸਲੇ ਬਹੁਤ ਬੁਲੰਦ ਸਨ। ਮੈਂ ਆਪਣੀ ਫੌਜ ਨੂੰ ਇਸ ਯੁੱਧ ਦੀ ਮਹਾਨਤਾ ਬਾਰੇ ਸਮਝਾ ਦਿੱਤਾ ਸੀ ਤੇ ਇਹ ਯੁੱਧ ਸਾਡੇ ਲਈ ਜ਼ਿੰਦਗੀ-ਮੌਤ ਦਾ ਮਸਲਾ ਸੀ। ਇਸੇ ਯੁੱਧ ਦੀ ਖਾਤਿਰ ਮੈਂ ਆਪਣੇ ਸਿੰਘਾਂ ਨੂੰ ਨੰਦੇੜ ਤੋਂ ਲੈ ਕੇ ਆਇਆ ਸੀ ਤੇ ਸਤਿਗੁਰੂ ਜੀ ਨਾਲ ਬਚਨ ਕਰਕੇ ਆਂਏ ਸੀ ਕਿ ਅਸੀਂ ਜਾਲਮਾਂ ਨੂੰ ਮਾਰ ਮੁਕਾ ਕੇ ਹੀ ਸਾਹ ਲਵਾਂਗੇ। ਗੁਰੂ ਜੀ ਨੇ ਸਾਨੂੰ ਆਪਣੇ ਦਸਤਕ ਮੁਬਾਰਕਾਂ ਨਾਲ ਸਾਡੀ ਫਤਹਿ ਦੀ ਅਸ਼ੀਰਵਾਦ ਦਿੱਤੀ ਸੀ। ਇਸ ਲਈ ਅੱਜ ਮਰਨ ਮਾਰਨ ਦੀ ਧਾਰਕੇ ਹੀ ਮੈਦਾਨੇ ਜੰਗ ਵਿਚ ਵਜ਼ੀਰ ਖ਼ਾਨ ਦੀ ਉਡੀਕ ਕਰ ਰਹੇ ਸੀ।

ਵਜ਼ੀਰ ਖ਼ਾਨ ਦੀ ਫੌਜ ਵਿਚ ਸਭ ਤੋਂ ਪਹਿਲਾਂ ਹਾਥੀਆਂ ਦੀ ਫੌਜ ਸੀ। ਇਕ ਹਾਥੀ ਉਪਰ ਉਹ ਆਪ ਬੈਠਾ ਸਾਡੇ ਵਲ ਤੇਜ਼ੀ ਨਾਲ ਆ ਰਿਹਾ ਸੀ। ਉਸਦੇ ਫੌਜੀ ਅੱਲਾ ਹੂ ਅਕਬਰ ਤੇ ਯਾ ਅਲੀ ਯਾ ਅਲੀ ਦੇ ਨਾਹਰੇ ਮਾਰਦੇ ਸਾਡੇ ਨਜ਼ਦੀਕ ਆ ਗਏ ਸਨ। ਅਗੋਂ ਸਾਡੇ ਸਿੰਘ ਬੋਲੇ ਸੋ ਨਿਹਾਲ ਤੇ ਫ਼ਤਹਿ ਫਤਹਿ ਦੇ ਜੈਕਾਰਿਆਂ ਨਾਲ ਉਹਨਾਂ 'ਚ ਜਵਾਬ ਦੇ ਰਹੇ ਸਨ। ਅਸਾਂ ਆਪਣੇ ਤੋਪਚੀ ਨੂੰ ਤੋਪਾਂ ਚਲਾਉਣ ਦਾ ਹੁਕਮ ਦੇ ਦਿੱਤਾ। ਤੋਪਾਂ ਦੇ ਗੋਲੇ ਹਾਥੀਆਂ ਉਪਰ ਵਰ੍ਹਨ ਲਗੇ। ਹਾਥੀ ਇਧਰ ਉਧਰ ਭੱਜਣ ਲਗੇ। ਕਈ ਪਿੱਛੇ ਨੂੰ ਮੁੜਨ ਲਗੇ। ਕਈ ਚੰਗਾੜਦੇ ਹੋਏ ਆਪਣੀ ਹੀ ਫੌਜ ਨੂੰ ਮਿੱਧਣ ਲਗੇ। ਫੌਜ ਵਿਚ ਭਗਦੜ ਮਚ ਗਈ। ਇਹ ਵੇਖਕੇ ਮੁਗ਼ਲ ਫੌਜਾਂ ਨੇ ਤੋਪਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਿੱਖ ਫੌਜਾਂ ਝਿੜੀ ਦੇ ਦਰੱਖਤਾਂ ਦੀ ਆੜ ਲੈ ਕੇ, ਸਰਹੰਦੀ ਤੋਪਾਂ ਦਾ ਮੁਕਾਬਲਾ ਕੀਤਾ ਸਾਡੇ ਸਿੰਘਾਂ ਨੇ ਲਗਾਤਾਰ ਗੋਲਿਆਂ ਨਾਲ ਉਹਨਾਂ ਦੇ ਬਹੁਤੇ ਤੋਪਚੀ ਮਾਰ-ਮੁਕਾਏ। ਇਸ ਵਕਤ, ਸਾਡੇ ਘੋੜ ਸਵਾਰਾਂ ਨੇ ਸਰਹੰਦੀ ਫੌਜ ਤੇ ਹਮਲਾ ਕਰ ਦਿੱਤਾ ਤੇ ਹਥੋਂ ਹੱਥ ਲੜਾਈ ਹੋਣ ਲਗੀ। ਕੁਝ ਚਿਰ ਤਾਂ ਮੁਗ਼ਲ ਫੌਜ ਨੇ ਵਧ ਰਹੇ ਸਿੰਘਾਂ ਨੂੰ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਉਹਨਾਂ ਵਿਚ ਲੜਨ ਮਰਨ ਦੀ ਇੱਛਾ ਦੀ ਘਾਟ ਸੀ। ਉਹ ਤਾਂ ਪਹਾੜੇ ਦੇ ਟੱਟੂ ਸਨ। ਉਹ ਮਾਰਨ ਆਏ ਸਨ, ਮਰਨ ਨਹੀਂ। ਹੁਣ ਜਦੋਂ ਮਰਨ ਦੀ ਵਾਰੀ ਆਈ ਤਾਂ ਉਹ ਪਿੱਛੇ ਵੱਲ ਭੱਜਣ ਲਗੇ। ਮੈਦਾਨ ਖਾਲੀ ਹੋਣ ਲਗਾ। ਇਸ ਵਕਤ, ਜਿਸਦਾ ਜ਼ਿਕਰ ਮੈਂ ਪਹਿਲਾਂ ਕੀਤਾ ਹੈ, ਉਹ ਸੁੱਚਾ ਨੰਦ ਦਾ ਭਤੀਜਾ ਵੀ ਆਪਣੇ ਫੌਜ ਲੈਕੇ ਭੱਜਣ ਲਗਾ ਤੇ ਸਿੱਖ ਫੌਜਾਂ ਵਿਚ ਵੀ ਭਗਦੜ ਮਚ ਗਈ। ਉਹ ਸਮਝਣ ਲਗੇ ਸ਼ਾਇਦ ਸਾਡੇ ਸਿੰਘ ਵੀ ਮੁਗਲਾਂ ਵਾਂਗ ਮੈਦਾਨ ਛੱਡ ਰਹੇ ਹਨ।

ਇਸ ਮੌਕੇ ਮੈਂ ਟਿਲੇ ਤੋਂ ਥਲੇ ਉਤਰਕੇ ਆਪਣੇ ਸਿੰਘਾਂ ਵਿਚ ਆ ਖਲੋਤਾ। ਮੈਨੂੰ ਵੇਖਕੇ ਉਹਨਾਂ ਦੇ ਹੌਂਸਲੇ ਦੂਣ ਸਵਾਏ ਹੋ ਗਏ। ਮੈਂ ਉਹਨਾਂ ਨੂੰ ਇਹ ਵੀ ਦਸਿਆ ਕਿ ਦੌੜਨ ਵਾਲੇ ਸਾਡੇ ਸਿੰਘ ਨਹੀਂ ਬਲਕਿ ਸੁੱਚਾ ਨੰਦ ਦੇ ਭੇਜੇ ਹੋਏ ਗ਼ਦਾਰ ਹਨ। ਇਸ ਨਾਲ ਸਿੰਘ ਬੜੇ ਵਿਸ਼ਵਾਸ ਨਾਲ ਅੱਗੇ ਵਧਕੇ ਸਰਹੰਦੀ ਫੌਜਾਂ ਦਾ ਮੁਕਾਬਲਾ ਕਰਨ ਲਗੇ। ਸਭ ਤੋਂ ਪਹਿਲੀ ਟੱਕਰ ਬਾਜ ਸਿੰਘ ਤੇ ਸੁੱਚਾ ਨੰਦ ਦੀ ਹੋਈ। ਜਦੋਂ ਬਾਜ਼

ਸਿੰਘ ਆਪਣੀਆਂ ਫੌਜਾਂ ਨਾਲ ਸੁੱਚਾ ਨੰਦ ਦੇ ਸਾਹਮਣੇ ਜਾ ਪਹੁੰਚਾ ਤਾਂ ਇਕ ਦੋ ਪਲ ਉਹ ਲੜਿਆ ਤੇ ਆਪਣੇ ਸਿਪਾਹੀਆਂ ਨੂੰ ਲੜਨ ਲਈ ਸ਼ਿਸ਼ਕਾਰਨ ਲਗਾ। ਪਰ ਸਿੰਘਾਂ ਦਾ ਹੱਲਾ ਉਹ ਝੱਲ ਨਾ ਸਕਿਆ। ਉਹ ਦੁੱਧ ਪੀਣਾ ਮਜ਼ਨੂੰ ਸੀ, ਉਹ ਆਪਣੀ ਫੌਜ ਨਾਲ ਆਪਣੀ ਜਾਨ ਬਚਾਉਣ ਲਈ ਪਿਛੇ ਸਰਹੰਦ ਵਲ ਦੌੜ ਗਿਆ ਤੇ ਉਸਨੇ ਸ਼ਹਿਰ ਪਹੁੰਚਕੇ ਸਾਹ ਲਿਆ। ਹੁਣ ਫਤਹਿ ਸਿੰਘ ਤੇ ਬਾਜ ਸਿੰਘ ਦੀ ਨਿਗਾ ਵਜ਼ੀਰ ਖਾਨ ਉਪਰ ਪਈ। ਉਹ ਘੋੜੇ ਭਜਾਕੇ ਉਸਦੇ ਹਾਥੀ ਸਾਹਵੇਂ ਡਟ ਗਏ। ਦੋਹਵਾਂ ਨੇ ਉਸਦੇ ਹਾਥੀ ਨੂੰ ਘੇਰ ਲਿਆ। ਮੈਂ ਇਹ ਸਭ ਕੁਝ ਵੇਖ ਰਿਹਾ ਸੀ। ਮੈਂ ਟਿੱਬੀ ਤੋਂ ਉੱਤਰ ਕੇ ਬਿਜਲੀ ਦੀ ਤਰ੍ਹਾਂ ਵਜ਼ੀਰ ਖਾਨ ਵਲ ਵਧਿਆ ਤੇ ਉਸਨੂੰ ਲਲਕਾਰਦਿਆਂ ਆਖਿਆ, "ਪਾਪੀਆ ਤੂੰ ਮੇਰੇ ਗੁਰੂ ਦਾ ਦੁਸ਼ਮਣ ਏਂ। ਤੂੰ ਉਸ ਨਾਲ ਭੋਰਾ ਵੀ ਇਨਸਾਫ਼ ਨਹੀਂ ਕੀਤਾ। ਤੂੰ ਉਸ ਨੂੰ ਮਾਰ ਮੁਕਾਉਣ ਦੀਆਂ ਸਾਜ਼ਸ਼ਾਂ ਹੀ ਕਰਦਾ ਰਿਹਾ ਏਂ। ਤੂੰ ਉਸਦੇ ਮਸੂਮ ਬੱਚਿਆਂ ਨੂੰ ਕਤਲ ਕਰਵਾਇਆ ਏ। ਪਾਪੀਆਂ ਤੈਨੂੰ ਇਸ ਬੱਜਰ ਗੁਨਾਹ ਕਰਕੇ ਉਸਦੇ ਸਿੰਘ ਕਦੀ ਮੁਆਫ਼ ਨਹੀਂ ਕਰਨਗੇ। ਤੇਰੇ ਵਰਗੇ ਵਹਿਸ਼ੀ ਨੂੰ ਅੱਲਾ ਵੀ ਨਹੀਂ ਬਖਸ਼ੇਗਾ। ਹੁਣ ਮੈਂ ਤੈਨੂੰ ਸਜ਼ਾ ਦੇਣ ਲਗਾ, ਤਿਆਰ ਹੋ ਜਾ ! ਅਸੀਂ ਤੈਨੂੰ ਹੀ ਨਹੀਂ ਤੇਰੀ ਸਾਰੀ ਫੌਜ ਨੂੰ ਤਬਾਹ ਕਰਕੇ ਜਾਵਾਂਗੇ। ਮੈਂ ਅਗੇ ਵਧਕੇ ਉਸਨੂੰ ਹਾਥੀ ਤੋਂ ਹੇਠਾਂ ਸੁਟਿਆ। ਫਤਹਿ ਸਿੰਘ ਨੇ ਨੇਜਿਆ ਨਾਲ ਉਸ ਨੂੰ ਪਹਿਲਾਂ ਹੀ ਜ਼ਖ਼ਮੀ ਕੀਤਾ ਹੋਇਆ ਸੀ। ਮੈਂ ਮੌਕਾ ਸਾਂਭਦਿਆਂ ਉਸਦਾ ਸਿਰ ਕਲਮ ਕਰਕੇ, ਆਪਣੀ ਆਤਮਾਂ ਨੂੰ ਸ਼ਾਂਤ ਕੀਤਾ ਤੇ ਆਪਣੇ ਗੁਰੂ ਨੂੰ ਯਾਦ ਕੀਤਾ। ਇਹ ਦ੍ਰਿਸ਼ ਵੇਖਕੇ ਮੁਗ਼ਲ ਸੈਨਾ ਦੇ ਹੌਂਸਲੇ ਪਸਤ ਹੋ ਗਏ। ਉਹਨਾਂ ਨੇ ਭੱਜਣ ਵਿਚ ਹੀ ਆਪਣੀ ਬੇਹਤਰੀ ਸਮਝੀ। ਉਹ ਆਪਣੇ ਪਿਛੇ ਤੋਪਾਂ, ਘੋੜੇ, ਬਹੁਤ ਸਾਰਾ ਅਸਲਾ ਤੇ ਕਿਰਪਾਨਾਂ ਦਾ ਜ਼ਖ਼ੀਰਾ ਛੱਡ ਗਏ। ਅਸਾਂ ਵੀ ਬਿਨ੍ਹਾਂ ਕਿਸੇ ਦੇਰੀ ਉਹਨਾਂ ਦਾ ਪਿਛਾ ਕੀਤਾ। ਮੇਰੇ ਸਿੰਘਾਂ ਨੇ ਵਜ਼ੀਰ ਖਾਨ ਦੀ ਲਾਸ਼ ਨੂੰ ਵਹਿੜਕਿਆਂ ਦੀ ਪੂਛ ਨਾਲ ਬੰਨ ਕੇ ਸਰਹੰਦ ਤੱਕ ਧੂਹ ਕੇ ਖੜਿਆ ਅਤੇ ਉਥੇ ਪਹੁੰਚਕੇ ਕੁਤਿਆਂ ਨੂੰ ਪਾ ਦਿੱਤਾ। ਸਿੰਘਾਂ ਲਈ ਇਹ ਅਗੰਮੀ ਘੜੀ ਸੀ। ਇਸ ਬਦਲੇ ਲਈ ਉਹ ਕਈ ਵਰ੍ਹਿਆਂ ਤੋਂ ਕਚੀਚੀਆਂ ਵਟ ਰਹੇ ਸਨ।

ਇਹੀ ਹਾਲ ਸਿੰਘਾਂ ਨੇ ਮੇਰੇ ਹੁਕਮ ਨਾਲ ਸੁੱਚਾ ਨੰਦ ਦਾ ਕੀਤਾ। ਮਕਾਮੀ ਲੋਕਾਂ ਦੀ ਨਿਸ਼ਾਨਦੇਈ ਨਾਲ ਉਸਨੂੰ ਇਕ ਹਵੇਲੀ ਵਿਚੋਂ ਸਿੰਘਾਂ ਨੇ ਜਾ ਫੜਿਆ। ਪਹਿਲਾਂ ਤਾਂ ਉਹਨਾਂ ਨੇ ਇਸ ਦੁਸ਼ਟ ਨੂੰ ਹੱਥਾਂ ਤੇ ਛਿੱਤਰਾਂ ਨਾਲ ਕੁਟਿਆ। ਫਿਰ ਉਸਦੇ ਨਕ ਵਿਚ ਨਕੇਲ ਪਾਕੇ ਉਸਨੂੰ ਸਾਰੇ ਸ਼ਹਿਰ ਵਿਚ ਘੁਮਾਇਆ ਗਿਆ। ਉਸਨੇ ਬੇਅੰਤ ਧੰਨ ਮਾਲ ਜੋੜ ਰਖਿਆ ਸੀ ਤੇ ਜਿਸ ਨੂੰ ਕਬਜੇ ਕਰਨ ਦੇ ਇਰਾਦੇ ਨਾਲ ਸਰਹੰਦ ਵਿਚ ਲੁਕਿਆ ਸੀ। ਸਿੰਘਾਂ ਨੇ ਉਸਦੀ ਸੋਨੇ ਦੀ ਲੰਕਾ ਲੁਟਕੇ ਅੱਗ ਦੇ ਸਪੁਰਦ ਕਰ ਦਿੱਤੀ। ਹੁਣ ਵਾਰੀ ਸੀ ਵਜ਼ੀਰ ਖ਼ਾਨ ਦੇ ਹਾਕਮਾਂ, ਜਗੀਰਦਾਰਾਂ, ਫੌਜਦਾਰਾਂ ਤੇ ਚੌਧਰੀਆਂ ਦੀ, ਜਿੰਨਾਂ ਦੇ ਸਹਿਯੋਗ ਨਾਲ ਉਸਨੇ ਆਪਣੇ ਸੂਬੇ ਵਿਚ ਜ਼ੁਲਮਾਂ ਦੀ

ਹਨੇਰੀ ਮਚਾਈ ਹੋਈ ਸੀ। ਅਸੀਂ ਜਦੋਂ ਵਜ਼ੀਰ ਖਾਨ ਦੀਆਂ ਫੌਜਾਂ ਨੂੰ ਸ਼ਿਕਸਤ ਦੇਣ ਬਾਅਦ, ਸਰਹੰਦ ਪੁੱਜੇ ਤਾਂ ਸ਼ਹਿਰ ਦੇ ਸਾਰੇ ਗੇਟ ਬੰਦ ਕੀਤੇ ਹੋਏ ਸਨ ਤੇ ਸਾਡੇ ਸ਼ਿਕਾਰ ਆਪਣੇ ਕਿਲ੍ਹਾ-ਨੁਮਾ ਹਵੇਲੀਆਂ ਵਿਚ ਦੜੇ ਹੋਏ ਸਨ। ਅਸਾਂ ਗੇਟ ਤੋੜਨ ਲਈ ਸਿੰਘਾਂ ਨੂੰ ਆਖਿਆ। ਦੋ ਕੁ ਘੰਟੇ ਦੀ ਮੁਸ਼ੱਕਤ ਨਾਲ ਗੇਟ ਤੋੜਕੇ ਅਸੀਂ ਸ਼ਹਿਰ ਵਿਚ ਵੜੇ। ਸਾਡੇ ਵਲੋਂ ਸਿੰਘਾਂ ਨੂੰ ਹੁਕਮ ਸੀ ਕਿ ਕਿਸੇ ਔਰਤ, ਬ੍ਰਿਧ, ਬਾਲਕ ਜਾਂ ਸਧਾਰਨ ਸ਼ਹਿਰੀ ਨੂੰ ਕੁਝ ਨਹੀਂ ਕਹਿਣਾ। ਕੇਵਲ ਅਮੀਰਾਂ ਤੇ ਜਗੀਰਦਾਰਾਂ ਨੂੰ ਲੁਟਣਾਂ ਤੇ ਉਹਨਾਂ ਦੀਆਂ ਹਵੇਲੀਆਂ ਨੂੰ ਮਲਬੇ ਵਿਚ ਤਬਦੀਲ ਕਰਨਾ ਹੈ। ਕੁਝ ਹਵੇਲੀਆਂ ਕਿਲ੍ਹਿਆਂ ਵਾਂਗ ਸਨ। ਉਥੇ ਸਿੰਘਾਂ ਨੂੰ ਲੜਾਈ ਵੀ ਕਰਨੀ ਪਈ ਪਰ ਬਹੁਤੇ ਅਮੀਰ ਜ਼ਾਦਿਆਂ ਨੇ ਚੁੱਪ ਕਰਕੇ ਸਾਡੇ ਅਗੇ ਹਥਿਆਰ ਸੁੱਟ ਦਿੱਤੇ। ਮੈਂ ਇਹਨਾਂ ਨੂੰ ਮਾਫ਼ ਕਰਨ ਦੇ ਰੌਅ ਵਿਚ ਨਹੀਂ ਸੀ। ਇਹਨਾਂ ਲੋਕਾਂ ਨੇ ਆਪਣੀ ਹੀ ਪਰਜ਼ਾ ਵਿਚ ਅਤੰਕ ਮਚਾ ਰਖਿਆ ਸੀ। ਕਿਹੜਾ ਜ਼ੁਲਮ ਤੇ ਪਾਪ ਸੀ ਜਿਹੜਾ ਇਹਨਾਂ ਨਾ ਕੀਤਾ ਹੋਵੇ। ਦੋ ਕੁ ਦਿਨਾਂ ਵਿਚ ਮੇਰੇ ਸਿੰਘਾਂ ਨੇ ਸ਼ਹਿਰ ਦੀਆਂ ਸਾਰੀਆਂ ਹਵੇਲੀਆਂ ਜਾਂ ਤਾਂ ਢਾਹ ਦਿੱਤੀਆਂ ਜਾਂ ਫਿਰ ਅਗਨੀ ਹਵਾਲੇ ਕਰ ਦਿੱਤੀਆਂ ਅਤੇ ਇਹਨਾਂ ਵਿਚ ਰਹਿਣ ਵਾਲਿਆਂ ਨੂੰ ਜਹੱਨਮ ਵਿਚ ਪੁੱਚਾ ਦਿੱਤਾ। ਕੁਝ ਕੁ ਵਜ਼ੀਰ ਖਾਨ ਦੇ ਚਹੇਤੇ ਦੌੜਨ ਵਿਚ ਸਫਲ ਹੋ ਗਏ ਇਹਨਾਂ ਵਿਚ ਉਸਦਾ ਇਕ ਬੇਟਾ ਵੀ ਸੀ। ਸੁਣਿਆ ਕਿ ਉਹ ਦਿੱਲੀ ਚਲਾ ਗਿਆ ਹੈ।

ਜਦੋਂ ਮੇਰੇ ਸਿੰਘ ਜ਼ਾਲਮਾਂ ਨੂੰ ਸੋਧਣ ਵਿਚ ਮਸਰੂਫ਼ ਸਨ ਤਾਂ ਮੈਂ ਮੁਕਾਮੀ ਸ਼ਹਿਰੀਆਂ ਦੀ ਮਦਦ ਨਾਲ ਉਸ ਸਥਾਨ 'ਤੇ ਗਿਆ, ਜਿਥੇ ਛੋਟੇ ਸਾਹਿਬਜ਼ਾਦਿਆਂ ਨੂੰ ਬੇਰਹਿਮੀ ਨਾਲ ਨੀਂਹਾਂ ਵਿਚ ਚਿਣਿਆ ਗਿਆ ਸੀ। ਮੈਂ ਉਸ ਜਗ੍ਹਾਂ ਨੂੰ ਸਿਜਦਾ ਕਰਦਾ, ਕਈ ਘੰਟੇ ਰੋਂਦਾ ਰਿਹਾ। ਇਹ ਜ਼ੁਲਮ ਅਕਹਿ ਤੇ ਅਸਹਿ ਸੀ। ਮੇਰੇ ਸਿੰਘ ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣਾ ਚਾਹੁੰਦੇ ਸਨ। ਕਾਫੀ ਹੱਦ ਤਕ ਅਸਾਂ ਖੜਕਾਈ ਵੀ। ਪਰ ਸਾਡੇ ਸਿੰਘਾਂ ਨੇ ਸਾਡੀ ਨੀਤੀ ਅਨੁਸਾਰ ਕਿਸੇ ਮਸਜ਼ਿਦ, ਮਕਬਰੇ ਜਾਂ ਧਾਰਮਿਕ ਸਥਾਨ ਦਾ ਕੋਈ ਨੁਕਸਾਨ ਨਾ ਕੀਤਾ। ਕਿਸੇ ਨਿਰਦੋਸ਼ ਵਿਅਕਤੀ ਨਾਲ ਧੱਕੇਸ਼ਾਹੀ ਨਹੀਂ ਕੀਤੀ ਗਈ। ਤਿੰਨ ਦਿਨਾਂ ਵਿਚ ਮੇਰੇ ਸਿੰਘਾਂ ਨੇ ਤੋਪਾਂ ਨਾਲ ਸ਼ਹਿਰ ਦੀਆਂ ਸਭ ਮਸ਼ਹੂਰ ਮਹਿ ਮਾੜੀਆਂ ਮਿੱਟੀ ਦੇ ਢੇਰਾਂ ਵਿਚ ਤਬਦੀਲ ਕਰ ਦਿੱਤੀਆਂ। ਇਸ ਸ਼ਹਿਰ ਵਿਚੋਂ ਬੇਅੰਤ ਮਾਇਆ ਤੇ ਸੋਨਾਂ ਚਾਂਦੀ ਸਾਡੇ ਕਬਜ਼ੇ ਵਿਚ ਆਇਆ। ਜੇਕਰ ਕਿਸੇ ਨੇ ਸ਼ਹਿਰ ਵਿਚ ਲੁਟ ਖੋਹ ਕੀਤੀ ਸੀ ਤਾਂ ਕੁਝ ਲੁਟੇਰਿਆਂ ਤੇ ਡਾਕੂਆਂ ਨੇ ਕੀਤੀ ਹੋਵੇਗੀ। ਇਹ ਲੋਕ ਬਦੋਬਦੀ ਲੁੱਟਣ ਦੇ ਲਾਲਚ ਨਾਲ ਸਾਡੀ ਫੌਜ ਵਿਚ ਆਕੇ ਰਲ ਜਾਂਦੇ ਸਨ। ਪਰ ਸਰਹੰਦ ਦੀ ਜਿੱਤ ਤੋਂ ਬਾਅਦ ਅਸਾਂ ਆਪਣੀ ਨੀਤੀ ਬਦਲ ਲਈ ਸੀ। ਅਸੀਂ ਖ਼ਿਆਲ ਰੱਖਦੇ ਸੀ ਕਿ ਕੋਈ ਡਾਕੂ ਜਾਂ ਲੁਟੇਰਾ ਸਾਡੇ ਦਲ ਵਿਚ ਪ੍ਰਵੇਸ਼ ਨਾ ਕਰੇ। ਇਹ ਲੋਕ ਮੌਕਾ ਪ੍ਰਸਤ ਸਨ ਤੇ ਇਹਨਾਂ ਦੀ ਸੋਚ ਸਾਡੇ ਨਾਲ ਬਿਲਕੁਲ ਨਹੀਂ ਰਲਦੀ ਸੀ। ਸਾਡਾ ਨਿਸ਼ਾਨਾ ਕੇਵਲ ਵਜ਼ੀਰ ਖਾਨ ਨੂੰ ਤੇ ਉਸਦੇ

ਅਹਿਲਕਾਰਾਂ ਨੂੰ ਮਾਰ ਮੁਕਾਉਣਾ ਸੀ। ਅਸੀਂ ਹਕੂਮਤ ਕਰਨ ਵਾਸਤੇ ਅਜੇ ਤੱਕ ਕੋਈ ਇਲਾਕਾ ਨਹੀਂ ਸੀ ਜਿੱਤਿਆ। ਅਸੀਂ ਤਾਂ ਕੇਵਲ ਬਦਲਾ ਲੈਣ ਤੱਕ ਹੀ ਸੀਮਤ ਸੀ। ਅਸਾਂ ਕਿਹੜਾ, ਹਵੇਲੀਆਂ ਵਿਚ ਰਹਿਣਾ ਸੀ। ਇਸੇ ਲਈ ਅਸੀਂ ਉਹਨਾਂ ਨੂੰ ਤੋਪਾਂ ਨਾਲ ਉੱਡਾ ਦਿੱਤਾ ਸੀ। ਇਸ ਕਾਰਵਾਈ ਦਾ ਮਕਸਦ ਇਹੀ ਸੀ ਕਿ ਅਗੇ ਤੋਂ ਜ਼ੁਲਮ ਕਰਨ ਤੋਂ ਪਹਿਲਾਂ ਹਾਕਮ ਸੋਚਣ। ਜ਼ੁਲਮ ਦਾ ਅੰਜਾਮ ਕੀ ਹੋਣਾ ਚਾਹੀਦਾ ਹੈ। ਇਸਦੀ ਮਿਸਾਲ ਅਸਾਂ ਕਾਇਮ ਕਰ ਦਿੱਤੀ ਸੀ। ਜੋ ਜ਼ਾਲਿਮ ਲੋਕ ਮੁਗ਼ਲ ਰਾਜ ਅਧੀਨ ਅਜੇ ਵੀ ਧੱਕੇਸ਼ਾਹੀਆਂ ਕਰਨ ਵਾਲੇ ਲੋਕ ਸਰਹੰਦ ਦੀ ਬਰਬਾਦੀ ਵਲ ਵੇਖਕੇ ਕੁਝ ਸਬਕ ਸਿਖਣਗੇ। ਇਹ ਕਾਰਵਾਈ ਕਰਕੇ ਸਾਨੂੰ ਕੋਈ ਅਫਸੋਸ ਜਾਂ ਪਸਚਤਾਪ ਨਹੀਂ ਹੋਇਆ ਸੀ ਕਿਉਂਕਿ ਸਰਹੰਦ ਤੇ ਉਸਦੇ ਪਰਗੰਨਿਆਂ ਨੇ ਇਸ ਤੋਂ ਕਈ ਗੁਣਾਂ ਵਧ ਮਾਸੂਮ ਲੋਕਾਂ ਉਪਰ ਜ਼ੁਲਮ ਢਾਏ ਸਨ। ਮੇਰਾ ਵਿਸ਼ਵਾਸ ਸੀ ਕਿ ਅਗੇ ਤੋਂ ਇਸ ਮੁਲਕ ਦੇ ਹਾਕਮ ਸਰਹੰਦ ਦੀ ਤਬਾਹੀ ਤੋਂ ਜ਼ਰੂਰ ਕੋਈ ਸਬਕ ਸਿਖਣਗੇ। ਜ਼ਾਲਿਮਾਂ ਨੂੰ ਸਬਕ ਸਿਖਾਉਣਾ ਪਾਪ ਨਹੀਂ ਪੁੰਨ ਹੈ। ਸਾਡੇ ਸਬਰ ਦੇ ਪਿਆਲੇ ਉਛਲ ਚੁੱਕੇ ਸਨ। ਇਹਨਾਂ ਲੋਕਾਂ ਨੂੰ ਮਾਰਨ ਦਾ ਸਾਨੂੰ ਕੋਈ ਸ਼ੌਂਕ ਨਹੀਂ ਸੀ। ਇਹ ਤਾਂ ਸਾਡਾ ਆਖ਼ਰੀ ਹਥਿਆਰ ਸੀ। ਅਸੀਂ ਇਹਨਾਂ ਲੋਕਾਂ ਨੂੰ ਮਾਰ ਮੁਕਾਕੇ ਆਪਣਾ ਇਕ ਅਹਿਮ ਸਮਾਜਿਕ ਫਰਜ਼ ਨਿਭਾਅ ਰਹੇ ਸੀ। ਇਹ ਕੋਈ ਸੌਖਾ ਕਾਰਜ ਨਹੀਂ ਸੀ। ਅਸੀਂ ਇਕ ਸ਼ਕਤੀਸ਼ਾਲੀ ਤੇ ਕੱਟੜ ਮੁਗ਼ਲ ਹਕੂਮਤ ਨਾਲ ਟੱਕਰ ਲੈ ਰਹੇ ਸੀ। ਸਾਡੇ ਕੋਲ ਕੋਈ ਵਧੀਆ ਹਥਿਆਰ ਜਾਂ ਅਸਲਾ ਨਹੀਂ ਸੀ। ਸਾਡੇ ਵਿਚ ਇਕ ਮਾਨ ਦੀ ਭਾਵਨਾ ਸੀ ਜੋ ਕਿ ਉਹਨਾਂ ਕੋਲ ਕਦਾਚਿਤ ਨਹੀਂ ਸੀ। ਭਾਵੇਂ ਵਜ਼ੀਰ ਖ਼ਾਨ ਨੇ ਜਹਾਦ ਦੇ ਨਾਮ ਤੇ ਹਜ਼ਾਰਾਂ ਦੀ ਗਿਣਤੀ ਵਿਚ ਪਠਾਣ, ਬਲੋਚ ਤੇ ਰੰਗੜ ਇਕੱਠੇ ਕਰ ਲਏ ਸਨ ਪਰ ਉਹਨਾਂ ਵਿਚ ਮਰਨ ਮਾਰਨ ਦੀ ਤਾਕਤ ਜਾਂ ਭਾਵਨਾਂ ਨਹੀਂ ਸੀ। ਇਸੇ ਲਈ ਉਹ ਸਾਡੇ ਮਰਜੀਵੜਿਆਂ ਅਗੇ ਟਿਕ ਨਾ ਸਕੇ। ਦੁੰਮ ਦੁਬਾਕੇ ਦੌੜ ਗਏ।

ਸਮਾਣੇ ਵਾਂਗ ਸਰਹੰਦ ਵਿਚ ਵੀ ਅਸੀਂ ਕਿਸਾਨਾਂ ਦੇ ਹਵਾਲੇ ਜ਼ਮੀਨਾਂ ਸਪੁਰਦ ਕਰਨ ਦਾ ਐਲਾਨ ਕੀਤਾ। ਸਾਡਾ ਇਕੋ ਨਾਹਰਾ ਸੀ— ਜਮੀਨ ਉਸ ਦੀ ਹੈ ਜੋ ਖ਼ੁਦ ਖੇਤੀ ਕਰਦਾ ਹੈ ਮਜ਼ਾਰਿਆਂ ਨੂੰ ਜ਼ਮੀਨਾਂ ਦੇ ਮਾਲਿਕ ਬਣਾਉਣ ਦਾ ਅਹਿਮ ਫੈਸਲਾ ਕੀਤਾ ਗਿਆ। ਇਸ ਤਰ੍ਹਾਂ ਸਰਹੰਦ ਦੀ ਤਬਾਹੀ ਨਾਲ ਖੌਫਜ਼ਦਾ ਲੋਕਾਂ ਨੂੰ ਅਸਾਂ ਜ਼ਮੀਨਾਂ ਦੇ ਮਾਲਿਕ ਬਣਾਕੇ ਉਹਨਾਂ ਦਾ ਦਿਲ ਜਿੱਤ ਲਿਆ। ਉਹ ਸਾਡੇ ਗੁਣ-ਗਾਉਣ ਲਗੇ। ਗ਼ਰੀਬ ਲੋਕਾਂ ਨਾਲ ਅਜਿਹਾ ਵਿਹਾਰ ਅਜੇ ਤੱਕ ਕਿਸੇ ਨੇ ਨਹੀਂ ਸੀ ਕੀਤਾ। ਮੈਂ ਜਦੋਂ ਰਜੌਰ ਵਿਚ ਸੀ ਤਾਂ ਸਾਡੇ ਪਿੰਡ ਦੇ ਕਿਸਾਨਾਂ ਨਾਲ ਇਲਾਕੇ ਦੇ ਜ਼ਿਮੀਦਾਰ ਤੇ ਚੌਧਰੀ ਲੋਕ ਬਹੁਤ ਮੰਦਾ ਵਿਹਾਰ ਕਰਦੇ ਸਨ। ਮੇਰੇ ਪਿਤਾ ਜੀ ਅਠੇ ਪਹਿਰ ਸਖ਼ਤ ਮਿਹਨਤ ਕਰਦੇ ਸਨ ਅਤੇ ਜਿੰਮੀਦਾਰ ਘਰ ਬੈਠੇ ਹੀ ਅੱਧੀ ਤੋਂ ਵੱਧ ਉਪੱਜ ਸਾਡੇ ਕੋਲੋਂ ਜ਼ਬਰੀ ਹੜੱਪ ਲੈਂਦੇ ਸਨ। ਉਹਨਾਂ ਦੇ ਦਿਲ ਵਿਚ ਕੋਈ ਰਹਿਮ

ਜਾਂ ਹਮਦਰਦੀ ਨਾਮ ਦੀ ਵਸਤੂ ਨਹੀਂ ਸੀ। ਕਿਸਾਨਾਂ ਤੇ ਗ਼ਰੀਬ ਗੁਰਬਿਆਂ ਦਾ ਇਹ ਲੋਕ ਲਹੂ ਪੀਕੇ ਆਪਣੀਆਂ ਚੌਧਰਾਂ ਕਾਇਮ ਰੱਖਣੀਆਂ ਚਾਹੁੰਦੇ ਸੀ। ਇਹਨਾਂ ਲੋਕਾਂ ਨੂੰ ਖ਼ੁਦਾ ਦਾ ਕੋਈ ਖੌਫ਼ ਨਹੀਂ ਸੀ। ਮਾਨੋ ਇਹਨਾਂ ਦੀ ਆਤਮਾਂ ਮਰ ਚੁੱਕੀ ਸੀ। ਇਹੀ ਹਾਲ ਸਰਹੰਦ ਸੂਬੇ ਦੇ ਅਮੀਰਾਂ ਵਜ਼ੀਰਾਂ ਦਾ ਸੀ। ਅਸਾਂ ਹਰ ਜਗਾ ਲੋਕਾਂ ਦੇ ਇਕੱਠ ਕਰਕੇ ਉਹਨਾਂ ਦੇ ਵਿਚਾਰ ਪੁੱਛੇ ਸਨ। ਸਾਰੇ ਸਧਾਰਣ ਲੋਕ ਆਪਣੇ ਹਾਕਮਾਂ ਤੋਂ ਤੰਗ ਸਨ।

ਸਰਹੰਦ ਦੀ ਜਿੱਤ ਬਾਅਦ ਜਦ ਠੰਡ ਠੰਡੋਰਾ ਹੋ ਗਿਆ ਤਾਂ ਅਸਾਂ ਖ਼ਾਲਸਾ ਪੰਚਾਇਤ ਦੀ ਇਕ ਇਕੱਤਰਤਾ ਕੀਤੀ। ਇਸ ਵਿਚ ਪੰਜੇ ਪਿਆਰਿਆਂ ਤੋਂ ਬਿਨਾਂ ਨਾਮੀ ਯੋਧਿਆਂ ਸਿੰਘਾਂ ਨੂੰ ਬੁਲਾਇਆ। ਆਪਸੀ ਖ਼ਿਆਲ ਤਬਾਦਲੇ ਉਪਰੰਤ ਨਿਮਨ ਲਿਖਤ ਮਤੇ ਪਾਸ ਕੀਤੇ ਗਏ।

ਪਹਿਲਾ—ਵਾਹੀ ਖੇਤੀ ਵਾਲੀ ਜ਼ਮੀਨ ਵਾਹੁਣ ਵਾਲੇ ਕਿਸਾਨਾਂ ਦੇ ਨਾਮ ਕਰਨ ਦਾ ਫੈਸਲਾ ਕੀਤਾ ਗਿਆ। ਉਹਨਾਂ ਕੋਲੋਂ ਉਪਜ ਦਾ ਚੌਥਾ ਹਿੱਸਾ ਖ਼ਾਲਸਾ ਸਰਕਾਰ ਲਵੇਗੀ। ਜੇਕਰ ਮੀਂਹ ਘਟ ਵਧ ਪੈਣ ਨਾਲ ਫਸਲ ਮਾਰੀ ਜਾਵੇ ਤਾਂ ਉਸ ਵੇਲੇ ਕਿਸਾਨਾਂ ਦੀ ਮਦਦ ਲਈ ਆਪਣੇ ਕੋਲੋਂ ਅਨਾਜ ਸਰਕਾਰ ਕਿਸਾਨਾਂ ਨੂੰ ਮੁਹੱਈਆ ਕਰੇਗੀ ਤਾਂ ਕਿ ਉਹ ਆਪਣਾ ਨਿਰਬਾਹ ਕਰ ਸਕਣ।

ਦੂਜਾ—ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਅਗੇ ਤੋਂ ਖ਼ਾਲਸਾ ਸਰਕਾਰ ਕਾਇਮ ਕੀਤੀ ਜਾਵੇ। ਪ੍ਰਬੰਧ ਲਈ ਯੋਗ ਤੇ ਈਮਾਨਦਾਰ ਸਰਦਾਰਾਂ ਦੀ ਇਕ ਸੂਚੀ ਤਿਆਰ ਕੀਤੀ ਗਈ। ਹਰੇਕ ਪਰਗੰਨੇ ਲਈ ਇਕ ਫੌਜਦਾਰ ਨਿਯੁਕਤ ਕੀਤਾ ਗਿਆ, ਜਿਹੜਾ ਆਪਣੇ ਸੁਹਿਰਦ ਸਿੰਘ ਨਾਲ ਉਸ ਪ੍ਰਗੰਨੇ ਦਾ ਪ੍ਰਬੰਧ ਚਲਾਵੇਗਾ। ਕਿਸੇ ਸ਼ਖ਼ਸ ਨੂੰ ਜੇਕਰ ਪ੍ਰਗੰਨੇ ਦੇ ਪ੍ਰਬੰਧ ਬਾਰੇ ਸ਼ਿਕਾਇਤ ਹੋਵੇ ਤਾਂ ਉਹ ਖ਼ਾਲਸਾ ਪੰਚਾਇਤ ਕੋਲ ਆਪਣੀ ਸ਼ਿਕਾਇਤ ਕਰ ਸਕਦਾ ਹੈ।

ਤੀਜਾ—ਇਹ ਵੀ ਫੈਸਲਾ ਕੀਤਾ ਗਿਆ ਕਿ ਖ਼ਾਲਸਾ ਰਾਜ ਦਾ ਆਪਣਾ ਸਿੱਕਾ ਤੇ ਮੋਹਰ ਹੋਵੇ। ਸਿਕੇ ਦੇ ਇਕ ਪਾਸੇ ਲਿਖਿਆ ਸੀ—

"ਸਿੱਕਾ ਜ਼ਦ ਬਰ ਹਰ ਦੋ ਆਲਮ, ਤੇਗਿ ਨਾਨਕ ਵਾਹਿਬ ਅਸਤ
ਫ਼ਤਹਿ ਗੋਬਿੰਦ ਸਿੰਘ ਸ਼ਾਹਿਸ਼ਾਹਾਂ, ਫਜਲਿ ਸੱਚਾ ਸਾਹਿਬ ਅਸਤ ॥"

ਦੂਜੇ ਪਾਸੇ ਲਿਖਿਆ ਸੀ—

"ਜ਼ਰਬ-ਬ ਅਮਾਨੁਲ ਦਾਰ ਮਸੱਵਰਤ ਸ਼ਹਿਰ
ਜੀਨਤੁਲ ਬਖ਼ਤ ਮੁਬਾਰਕ ਬਖ਼ਤ ॥"

ਇਸਦੇ ਨਾਲ ਇਕ ਮੋਹਰ ਵੀ ਜਾਰੀ ਕੀਤੀ ਗਈ, ਜਿਸ ਉਪਰ ਲਿਖਿਆ ਸੀ—

"ਅਜ਼ਮਤਿ ਨਾਨਕ ਗੁਰੂ ਹਮ ਜ਼ਾਹਰੋ ਹਮਬਾਤਨ ਅਸਤ
ਪਾਦਸ਼ਾਹ ਦੀਨੋ ਦੁਨੀਆ, ਆਪ ਸੱਚਾ ਸਾਹਿਬ ਅਸਤ"॥

ਕੁਝ ਸਮੇਂ ਬਾਅਦ ਇਕ ਹੋਰ ਮੋਹਰ ਵੀ ਜਾਰੀ ਕੀਤੀ ਗਈ—

"ਦੇਗੋ ਤੇਗੋ ਫਤਹਿ-ਓ ਨੁਸਰਤ ਬੇਦਿਰੰਗ
ਯਾਫ਼ਤ ਅਜ਼ ਨਾਨਕ-ਗੁਰੂ ਗੋਬਿੰਦ ਸਿੰਘ ॥"

ਤੀਜਾ— ਇਹ ਵੀ ਤਹਿ ਹੋਇਆ ਕਿ ਖ਼ਾਲਸਾ ਰਾਜ ਦੀ ਰਾਜਧਾਨੀ ਲੋਹਗੜ੍ਹ ਨੂੰ ਬਣਾਇਆ ਜਾਵੇ, ਤਾਂ ਕਿ ਸਾਰਿਆਂ ਦੇ ਮਿਲਣ ਦਾ ਇਕੋ ਟਿਕਾਣਾ ਹੋਵੇ ਇਕੇ ਜਗਾ ਬੈਠਕੇ ਸਿਖ ਕੌਮ ਦੇ ਮਸਲਿਆਂ ਨੂੰ ਸੁਲਝਾਇਆ ਜਾਵੇ। ਭਾਵੇਂ ਇਹ ਰਾਜਧਾਨੀ ਢੁਕਵੇਂ ਸਥਾਨ 'ਤੇ ਸਥਿਤ ਨਹੀਂ ਸੀ ਪਰੰਤੂ ਦਿਨ-ਬ-ਦਿਨ ਬਦਲਦੇ ਹਾਲਾਤ ਨੂੰ ਮੁੱਖ ਰੱਖਕੇ ਫਿਲਹਾਲ ਲੋਹਗੜ੍ਹ ਨੂੰ ਹੀ ਆਰਜੀ ਰਾਜਧਾਨੀ ਬਣਾਉਣ ਦਾ ਫੈਸਲਾ ਲਿਆ ਗਿਆ।

ਚੌਥਾ— ਸਰਦਾਰ ਬਾਜ ਸਿੰਘ ਨੂੰ ਸਰਹੰਦ ਸੂਬੇ ਦਾ ਗਵਰਨਰ ਬਣਾਇਆ ਗਿਆ। ਉਸਨੂੰ ਆਪਣੀ ਮਰਜ਼ੀ ਨਾਲ ਆਪਣੀ ਸਲਾਹਕਾਰ ਸੰਮਤੀ ਚੁਣਨ ਦਾ ਅਧਿਕਾਰ ਦਿੱਤਾ ਗਿਆ।

ਪੰਜਵਾਂ—ਸਰਹੰਦ ਸੂਬੇ ਦੇ ਸਾਰੇ ਪ੍ਰਗੰਨਿਆਂ ਵਿਚ ਖ਼ਾਲਸਾ ਰਾਜ ਸਥਾਪਤ ਕੀਤਾ ਗਿਆ ਤੇ ਮੁਗ਼ਲ ਰਾਜ ਦਾ ਖ਼ਾਤਮਾ ਕੀਤਾ ਗਿਆ।

ਅਜਿਹਾ ਸਾਡੇ ਮੁਲਕ ਵਿਚ ਸ਼ਾਇਦ ਪਹਿਲੀ ਦਫ਼ਾ ਹੋਇਆ ਸੀ। ਕਦੀ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ ਜਿਥੇ ਸੱਤ ਸਦੀਆਂ ਤੋਂ ਮੁਸਲਮਾਨਾਂ ਦੀ ਹਕੂਮਤ ਹੋਵੇ ਤੇ ਜਿਥੇ ਗ਼ੁਲਾਮੀ ਨੇ ਲੋਕਾਂ ਦਾ ਸਾਹ ਸੂਤਿਆ ਹੋਵੇ। ਸਦੀਆਂ ਤੋਂ ਜ਼ੁਲਮ ਸਿਤਮ ਸਹਿੰਦਿਆਂ ਗ਼ੁਲਾਮੀ ਸਾਡੇ ਖ਼ੂਨ ਵਿਚ ਸਮਾਂ ਚੁੱਕੀ ਹੋਵੇ। ਮੈਂ ਜਿੰਨਾ ਮਜ਼ਾਰਿਆਂ ਨੂੰ ਜ਼ਮੀਨ ਦਾ ਮਾਲਿਕ ਬਣਾਉਂਦਾ ਸੀ, ਉਹ ਮਾਲਿਕ ਬਣਨ ਤੋਂ ਡਰਦੇ ਸਨ। ਉਹ ਸਮਝਦੇ ਸਨ ਕਿ ਜ਼ਿਮੀਦਾਰ ਜੋ ਪਹਿਲਾਂ ਜ਼ਮੀਨਾਂ ਦੇ ਮਾਲਿਕ ਸਨ, ਉਹ ਦੋਬਾਰਾ ਸਾਥੋਂ ਜ਼ਮੀਨ ਖੋਹ ਲੈਣਗੇ। ਕਈਆਂ ਨੇ ਡਰ ਅਧੀਨ ਮਾਲਿਕ ਬਣਨ ਤੋਂ ਇਨਕਾਰ ਵੀ ਕਰ ਦਿੱਤਾ ਸੀ। ਪਰ ਜਦੋਂ ਮੇਰੇ ਆਦਮੀ ਇਹਨਾਂ ਨਵੇਂ ਮਾਲਿਕਾਂ ਨੂੰ ਕਬਜ਼ਾ ਦਿਵਾਉਣ ਆਏ ਤਾਂ ਮਜ਼ਾਰਿਆਂ ਨੇ ਕੁਝ ਦਿਲ ਧਰਿਆ ਸੀ। ਇਹ ਵੀ ਦ੍ਰਿਸ਼ ਮੈਨੂੰ ਦਸੇ ਗਏ ਕਿ ਜਦੋਂ ਮਜ਼ਾਰੇ ਮਾਲਿਕੀ ਦੇ ਕਾਗਜ਼ਾਤ ਲੈ ਕੇ ਵਾਪਿਸ ਪਿੰਡ ਜਾਂਦੇ ਸਨ ਤਾਂ ਪਿੰਡ ਦੇ ਪਹਿਲੇ ਜ਼ਿਮੀਦਾਰ ਤੇ ਜਗੀਰਦਾਰ ਇਹਨਾਂ ਦਾ ਸਵਾਗਤ ਕਰਨ ਲਈ ਪਿੰਡ ਤੋਂ ਬਾਹਰ ਆਕੇ ਇਹਨਾਂ ਦਾ ਸਵਾਗਤ ਕਰਦੇ ਸਨ। ਪੁਰਾਣੇ ਮਾਲਿਕ ਇਹਨੇ ਡਹਿਲ ਗਏ ਸਨ ਕਿ ਉਹ ਆਪਣੀਆਂ ਜਮੀਨਾਂ ਦੇ ਨੇੜੇ ਜਾਣ ਤੋਂ ਵੀ ਤਰੱਬਕਦੇ ਸਨ। ਇਹ ਨਜ਼ਾਰਾ ਸਦੀਆਂ ਬਾਅਦ ਵੇਖਣ ਨੂੰ ਮਿਲਿਆ ਸੀ। ਇਹ ਮਜ਼ਾਰੇ ਬਹੁਤੇ ਹਿੰਦੂ ਜਾਂ ਮੁਸਲਮਾਨ ਸਨ। ਸਿੱਖ ਤਾਂ ਕੋਈ ਟਾਹਵਾਂ ਟਾਹਵਾਂ ਸੀ। ਇਹ ਖ਼ਾਲਸਾ ਰਾਜ ਦੀ ਪਹਿਲੀ ਝਲਕੀ ਸੀ।

ਤੀਸਰਾ ਕਾਂਡ

ਬਾਗ਼-ਏ-ਹਾਫ਼ਜ਼ੀ ਸਰਹੰਦ ਵਿਖੇ ਪਹਿਲਾ ਖ਼ਾਲਸਾ ਦਰਬਾਰ ਸੱਦਿਆ ਗਿਆ। ਸ਼ਹਿਰ ਦੇ ਸਾਰੇ ਆਮ-ਖ਼ਾਸ ਬੰਦਿਆਂ ਨੂੰ ਇਸ ਦਰਬਾਰ ਵਿਚ ਆਉਣ ਦਾ ਸੱਦਾ ਦਿੱਤਾ ਗਿਆ। ਕਿਉਂਕਿ ਸਰਹੰਦ ਸੂਬੇ ਵਿਚ ਖ਼ਾਲਸਾ ਰਾਜ ਦੀ ਸਥਾਪਨਾ ਹੋ ਚੁੱਕੀ ਸੀ। ਇਸ ਲਈ ਇਹ ਐਲਾਨ ਕੀਤਾ ਗਿਆ ਕਿ ਇਸ ਪ੍ਰਾਂਤ ਦਾ ਕੋਈ ਸ਼ਕਸ ਆਪਣੀ ਫਰਿਆਦ ਲੈਕੇ ਮੇਰੇ ਤੇ ਮੇਰੀ ਖ਼ਾਲਸਾ ਪੰਚਾਇਤ ਕੋਲ ਆ ਸਕਦਾ ਹੈ। ਉਹਨਾਂ ਨੂੰ ਆਉਣ ਲਈ ਕਿਸੇ ਹਾਕਮ ਦੀ ਮਦਦ ਜਾਂ ਸਿਫਾਰਿਸ਼ ਦੀ ਲੋੜ ਨਹੀਂ। ਖ਼ਾਲਸਾ ਰਾਜ ਦਾ ਕੋਈ ਵੀ ਅਧਿਕਾਰੀ ਆਪਣੀ ਮਨ ਮਰਜ਼ੀ ਨਹੀਂ ਕਰ ਸਕਦਾ ਸੀ। ਉਸ ਦੀ ਸ਼ਿਕਾਇਤ ਵੀ ਸਾਡੇ ਪਾਸ ਕਰਨ ਦੀ ਲੋਕਾਂ ਨੂੰ ਖੁਲ੍ਹ ਦਿੱਤੀ ਗਈ। ਇਸ ਰਾਜ ਵਿਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਣੇ ਧਰਮ ਅਨੁਸਾਰ ਪਾਠ ਪੂਜਾ ਜਾਂ ਨਿਤਨੇਮ ਕਰਨ ਦਾ ਪੂਰਾ ਅਧਿਕਾਰ ਸੀ। ਸਰਕਾਰ ਕਿਸੇ ਧਰਮ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦੇਵੇਗੀ। ਧਰਮ ਦੇ ਆਧਾਰ ਤੇ ਕਿਸੇ ਨਾਲ ਅਨਿਆਂ ਨਹੀਂ ਕੀਤਾ ਜਾਵੇਗਾ। ਦਰਬਾਰ ਵਿਚ ਐਲਾਨ ਕੀਤਾ ਗਿਆ ਹੈ ਕਿ ਜਿਹੜੇ ਜਿਹੜੇ ਕਿਸਾਨ ਜਿਹੜੀ ਜ਼ਮੀਨ ਦੀ ਖੇਤੀ ਕਰ ਰਹੇ ਹਨ, ਉਹ ਜ਼ਮੀਨ ਸਰਕਾਰੀ ਕਾਗਜ਼ਾਂ ਵਿਚ ਉਹਨਾਂ ਦੇ ਨਾਮ ਕੀਤੀ ਜਾਵੇ। ਗ਼ਰੀਬ ਕ੍ਰਿਸਾਨਾਂ ਨੇ ਅਜਿਹੀ ਮਾਲਕੀ ਬਾਰੇ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ। ਅਜਿਹੇ ਤੋਹਫੇ ਤਾਂ ਸਤਿ ਯੁਗ ਦੀ ਉਹਨਾਂ ਨੂੰ ਯਾਦ ਦਿਵਾਉਣ ਲਗੇ। ਗ਼ਰੀਬ ਕਿਸਾਨ ਖ਼ਾਲਸਾ ਰਾਜ ਦੀ ਸਲਾਮਤੀ ਲਈ ਰਾਤ ਦਿਨ ਦੁਆਵਾਂ ਕਰਨ ਲਗੇ। ਲੋਕਾਂ ਨੇ ਅਜਿਹੇ ਦਰਬਾਰ ਬਾਰੇ ਕਦੀ ਸੁਣਿਆ ਵੀ ਨਹੀਂ ਸੀ। ਆਮ ਤੌਰ ਤੇ ਸ਼ਾਹੀ ਲੋਕ ਦਰਬਾਰਾਂ ਵਿਚ ਵੀ ਲੋਕਾਂ ਦੀ ਘਟ ਹੀ ਸੁਣੀ ਜਾਂਦੀ ਸੀ। ਹਮੇਸ਼ਾਂ ਅਮੀਰਾਂ ਤੇ ਸ਼ਕਤੀਸ਼ਾਲੀ ਲੋਕਾਂ ਦਾ ਹੀ ਅਜਿਹੇ ਦਰਬਾਰਾਂ ਵਿਚ ਬੋਲਬਾਲਾ ਹੁੰਦਾ ਸੀ।

ਮੈਂ ਕਈ ਸਿੰਘ ਪਾਸੋਂ ਸੁਣ ਰੱਖਿਆ ਸੀ ਕਿ ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਕੇ ਵਜ਼ੀਰ ਖ਼ਾਨ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ ਸੀ ਤਾਂ ਇਕੋ ਇਕ ਸ਼ਕਸ ਮਲੇਰਕੋਟਲੇ ਦਾ ਨਵਾਬ ਹੀ ਸੀ ਜਿਸ ਨੇ ਇਹਨਾਂ ਛੋਟੇ ਬੱਚਿਆਂ ਲਈ ਹਾਅ ਦਾ ਨਾਹਰਾ ਮਾਰਿਆ ਤੇ ਕਿਹਾ ਸੀ, ਆਪਣਾ ਬਦਲਾ ਆਪਣੇ ਦੁਸ਼ਮਣ ਦੇ ਮਾਸੂਮ ਬੱਚਿਆ ਤੋਂ ਨਹੀਂ ਬਲਕਿ ਬਲ ਕਿ ਉਸ (ਗੁਰੂ) ਤੋਂ ਹੀ ਲੈਣਾ ਚਾਹੀਦਾ ਹੈ। ਇਸ ਨੂੰ ਹਾਅ ਦਾ ਨਾਹਰਾ ਨਹੀਂ ਸਗੋਂ ਨਰਮ ਜਿਹੀ ਹਮਦਰਦੀ ਕਿਹਾ ਜਾ ਸਕਦਾ

ਹੈ। ਇਹ ਅਖੌਤੀ ਹਮਦਰਦੀ ਹੈ। ਇਸੇ ਲਈ ਤਾਂ ਚਪੜ ਚਿੜੀ ਦੀ ਜੰਗ ਵਿਚ ਤੇ ਪਹਿਲਾਂ ਖ਼ਾਲਸਾ ਫੌਜ ਦਾ ਡਟਕੇ ਮੁਕਾਬਲਾ ਕੀਤਾ ਸੀ। ਉਸਨੇ ਆਪ ਹੀ ਨਹੀਂ, ਬਲਕਿ ਆਪਣੇ ਭਰਾ, ਭਤੀਜੇ ਤੇ ਪੁੱਤਰ ਇਸ ਯੁੱਧ ਵਿਚ ਝੋਕ ਰੱਖੇ ਸਨ। ਉਸਨੇ ਬਾਰ-ਬਾਰ ਸਿੰਘਾਂ ਤੇ ਹਮਲੇ ਕੀਤੇ। ਇਸ ਲਈ ਅਸੀਂ ਉਸਨੂੰ ਸਖ਼ਤ ਸਜ਼ਾ ਦੇਣੀ ਚਾਹੁੰਦੇ ਸੀ। ਭਾਵੇਂ ਸ਼ੇਰ ਮੁਹੰਮਦ ਚਪੜ ਚਿੜੀ ਦੇ ਯੁੱਧ ਵਿਚ ਆਪਣੇ ਭਰਾਵਾਂ ਤੇ ਭਤੀਜਿਆਂ ਸਮੇਤ ਮਾਰਿਆ ਸੀ। ਪਰ ਸਿੰਘਾਂ ਦੀ ਹਾਲੇ ਤਸੱਲੀ ਨਹੀਂ ਸੀ ਹੋਈ। ਇਸ ਲਈ ਸਿੰਘਾਂ ਨੇ ਸਰਹੰਦ ਤੋਂ ਫਾਰਗ ਹੋਕੇ ਫਿਰ ਮਲੇਰਕੋਟਲੇ ਨੂੰ ਘੇਰਨ ਤੇ ਜਿੱਤਣ ਦਾ ਇਰਾਦਾ ਬਣਾਇਆ। ਸਾਡੇ ਇਸ ਹਮਲੇ ਦਾ ਮਲੇਰਕੋਟਲੇ ਦੇ ਮੌਜੂਦਾ ਹਾਕਮਾਂ ਨੂੰ ਪਹਿਲਾਂ ਹੀ ਪਤਾ ਲਗ ਚੁੱਕਾ ਸੀ। ਉਥੋਂ ਦਾ ਇਕ ਅਮੀਰ ਆਦਮੀ ਕਿਸ਼ਨ ਚੰਦ ਜੋ ਕਿ ਮੈਨੂੰ ਜਾਣਦਾ ਸੀ, ਮੇਰੇ ਕੋਲ ਅਗਾਊਂ ਭਜਾ ਆਇਆ। ਉਸਨੇ ਮੈਨੂੰ ਤਰਲਾ ਮਾਰਿਆ ਕਿ ਮਲੇਰਕੋਟਲੇ ਨੂੰ ਬਖ਼ਸ਼ ਦਿੱਤਾ ਜਾਵੇ। ਉਹ ਮੋਟੀ ਰਕਮ ਇਕੱਠੀ ਕਰਕੇ ਮੇਰੇ ਪਾਸ ਲਿਆਇਆ ਸੀ। ਪੈਸੇ ਦੀ ਸਾਨੂੰ ਜ਼ਰੂਰਤ ਵੀ ਸੀ ਤੇ ਕੁਝ ਮੇਰੇ ਸਲਾਹਕਾਰ ਮਲੇਰਕੋਟਲੇ ਨੂੰ ਛੋਟਿਆਂ ਸਾਹਿਬਜ਼ਾਦਿਆਂ ਦੇ ਮਾਮਲੇ ਵਿਚ ਸ਼ੇਰ ਮੁਹੰਮਦ ਖਾਨ ਵਲੋਂ ਵਿਖਾਈ ਹਮਦਰਦੀ ਕਾਰਨ ਤਬਾਹ ਨਹੀਂ ਕਰਨਾ ਚਾਹੁੰਦੇ ਸਨ। ਇਸ ਲਈ, ਅਸਾਂ ਇਸ ਸ਼ਹਿਰ ਨੂੰ ਜਿੱਤਣ ਦਾ ਮਨ ਤਿਆਗ ਦਿੱਤਾ। ਉਹਨਾਂ ਨੇ ਇਕ ਤਰ੍ਹਾਂ ਸਾਡੀ ਈਨ ਮੰਨ ਹੀ ਲਈ ਸੀ।

ਅਸਾਂ ਸਰਹੰਦ ਵਿਚੋਂ ਕਬਜੇ ਵਿਚ ਕੀਤੇ ਘੋੜੇ ਅਸਲਾਂ, ਤੋਪਾਂ, ਗਹਿਣੇ ਗਟੇ ਤੇ ਨਕਦੀ ਸੰਭਾਲ ਕੇ ਲੋਹਗੜ੍ਹ ਵਿਖੇ ਲੈ ਗਏ। ਇਸ ਕਿਲ੍ਹੇ ਨੂੰ ਹੋਰ ਮਜ਼ਬੂਤ ਕਰਕੇ, ਇਸਦੇ ਗੇਟ ਨਵੇਂ ਤੇ ਲੋਹੇ ਦੇ ਲਾਏ ਗਏ। ਇਸ ਕਿਲ੍ਹੇ ਦੀ ਇਮਦਾਦ ਵਜੋਂ ਥੋੜ੍ਹੀ ਦੂਰ ਹੀ ਸਢੌਰਾ, ਕਪਾਲ ਮੋਚਨ ਤੇ ਬੂੜੀਆ ਵਿਖੇ ਵੀ ਖ਼ਾਲਸਾ ਛਾਉਣੀਆਂ ਸਥਾਪਤ ਕੀਤੀਆਂ ਗਈਆਂ। ਇਹ ਛਾਉਣੀਆਂ ਅਗੇ ਜਾ ਕੇ ਸਾਡੇ ਬਹੁਤ ਕੰਮ ਆਈਆਂ। ਇਹਨਾਂ ਇਲਾਕਿਆਂ ਵਿਚ ਵਕਤ ਦੀ ਨਜ਼ਾਕਤ ਵੇਖਕੇ ਕਈ ਹਿੰਦੂ ਪਰਿਵਾਰ ਸਿੱਖ ਬਣਨ ਲਗੇ। ਅਸੀਂ ਕਿਸੇ ਨੂੰ ਸਿੱਖ ਪੰਥ ਧਾਰਨ ਲਈ ਮਜ਼ਬੂਰ ਨਹੀਂ ਕੀਤਾ ਪਰ ਜਦੋਂ ਕੋਈ ਖ਼ਾਲਸਾ ਪੰਥ ਧਾਰਨ ਕਰਦਾ ਸੀ ਤਾਂ ਮੈਨੂੰ ਬਹੁਤ ਖ਼ੁਸ਼ੀ ਹੁੰਦੀ ਸੀ। ਅਜਿਹੇ ਕਈ ਲੋਕ ਮੇਰੇ ਕੋਲ ਆਏ ਸਨ ਤੇ ਮੇਰੀ ਅਸ਼ੀਰਵਾਦ ਲੈ ਕੇ ਬਹੁਤ ਖ਼ੁਸ਼ ਹੁੰਦੇ। ਉਹਨਾਂ ਵਿਚੋਂ ਕਈ ਤਾਂ ਸਿੰਘਾਂ ਦੀ ਫੌਜ ਵਿਚ ਭਰਤੀ ਵੀ ਹੋਏ। ਦੂਜੇ ਪਾਸੇ ਬਾਦਸ਼ਾਹ ਬਹਾਦਰ ਸ਼ਾਹ ਪੰਜਾਬ ਤੇ ਸਰਹੰਦ ਦੇ ਹਾਲਾਤ ਤੋਂ ਬਹੁਤ ਖਫਾ ਸੀ। ਉਹ ਆਪਣੇ ਮੋਰਚੇ ਛਡ ਕੇ ਪੰਜਾਬ ਵਲ ਤੁਰ ਪਿਆ। ਇਸ ਵਕਤ ਰਾਜਪੂਤ ਵੀ ਸਿਰ ਚੁੱਕ ਰਹੇ ਸਨ ਤੇ ਕਈ ਜਗਾ ਉਹਨਾਂ ਨੇ ਮੁਗਲਾਂ ਖਿਲਾਫ ਝੰਡਾ ਗਡ ਦਿੱਤਾ ਸੀ। ਜਦੋਂ ਮੈਨੂੰ ਇਸ ਘਟਨਾ ਦਾ ਪਤਾ ਚਲਿਆ ਤਾਂ ਮੈਂ ਆਪਣੇ ਕੁਝ ਸਿੰਘ ਜੈਪੁਰ ਭੇਜੇ ਤਾਂ ਕਿ ਸਿੰਘ ਤੇ ਰਾਜਪੂਤ ਮਿਲਕੇ ਮੁਗਲਾਂ ਖ਼ਿਲਾਫ ਮੁਹਿੰਮ ਖੜ੍ਹੀ ਕਰਨ। ਕਈ ਰਾਜਪੂਤ ਨੇਤਾਵਾਂ ਨਾਲ ਮੇਰੇ ਏਲਚੀਆਂ ਨੇ ਗਲਬਾਤ ਕੀਤੀ ਪਰ ਰਾਜਪੂਤਾਂ ਨੇ ਸਾਡੇ ਨਾਲ

ਮਿਲਣ ਦੀ ਹਾਂ ਨਾ ਕੀਤੀ। ਸ਼ਾਇਦ ਉਹ ਮੁਗ਼ਲਾਂ ਤੋਂ ਮੂਲੋਂ ਹੀ ਡਰ ਗਏ ਸਨ। ਮੇਰੇ ਏਲਚੀ ਮੁੜ ਆਏ। ਇਸ ਲਈ ਅਸਾਂ ਆਪਣੇ ਬਲਬੂਤੇ ਹੀ ਬਹਾਦਰ ਸ਼ਾਹ ਦਾ ਟਾਕਰਾ ਕਰਨ ਦਾ ਫੈਸਲਾ ਕਰ ਲਿਆ। ਮੈਨੂੰ ਰਾਜਪੂਤਾਂ ਦੇ ਰਵੱਈਏ ਨਾਲ ਕੁਝ ਮਾਯੂਸੀ ਹੋਈ ਪਰ ਮੇਰੇ ਕੋਲ ਮਾਯੂਸ ਹੋਣ ਲਈ ਕੋਈ ਸਮਾਂ ਵੀ ਨਹੀਂ ਸੀ। ਅਸਾਂ ਖ਼ਾਲਸਾ ਛਾਉਣੀਆਂ ਤੋਂ ਫੌਜ ਲੋਹਗੜ੍ਹ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਮੁਗ਼ਲ ਫੌਜ ਦੀ ਪਹਿਲੀ ਟੱਕਰ ਖੇੜ ਅਮੀਨ ਵਿਖੇ ਹੋਈ। ਸਾਡੀ ਰਣਨੀਤੀ ਅਨੁਸਾਰ ਏਥੋਂ ਖ਼ਾਲਸਾ ਫੌਜਾਂ ਪਿੱਛੇ ਹਟ ਗਈਆਂ। ਰਸਤੇ ਵਿਚ ਜਿਥੇ ਜਿਥੇ ਵੀ ਸਾਡੀ ਖ਼ਾਲਸਾ ਫੌਜ ਤਾਇਨਾਤ ਸੀ, ਪਿਛੇ ਹੱਟਦੀ ਗਈ ਤੇ ਮੁਗ਼ਲ ਫੌਜ ਦਿਨੋ ਦਿਨ ਸਾਡੇ ਵਲ ਲੋਹਗੜ੍ਹ ਆ ਰਹੀ ਸੀ। ਮੈਂ ਵੀ ਆਪਣੇ ਸਿੰਘਾਂ ਨਾਲ ਸਲਾਹ ਮਸ਼ਵਰਾ ਕੀਤਾ ਤੇ ਅਸੀਂ ਵੀ ਹੌਲੀ-ਹੌਲੀ ਕਿਲ੍ਹੇ ਨੂੰ ਮਜ਼ਬੂਤ ਕਰਨ ਲਗੇ ਅਤੇ ਸ਼ਾਹੀ ਫੌਜਾਂ ਨਾਲ ਡੱਟਣ ਦਾ ਫੈਸਲਾ ਕਰ ਲਿਆ। ਅਸੀਂ ਗਹਿਗਚ ਲੜਾਈ ਵਿਚ ਬਹਾਦਰ ਸ਼ਾਹ ਨੂੰ ਆਪਣੀ ਯੁੱਧ-ਸਮਰੱਥਾ ਦੇ ਜੌਹਰ ਵਿਖਾਉਣਾ ਚਾਹੁੰਦੇ ਸੀ। ਜਿੰਨੀ ਦੇਰ ਮੁਕਾਬਲਾ ਕਰ ਸਕਦੇ ਸੀ, ਅਸੀਂ ਕਰਨਾ ਚਾਹੁੰਦੇ ਸੀ। ਪਿਛੇ ਹਟਣ ਦਾ ਸਵਾਲ ਹੀ ਨਹੀਂ ਸੀ। ਜਲਦੀ ਹੀ ਇਕ ਦਿਨ ਮੁਗ਼ਲ ਫੌਜ ਨਾਲ ਸਾਡੀ ਫਸਵੀਂ ਲੜਾਈ ਹੋਈ। ਮੇਰੇ ਸਿੰਘ ਭਾਵੇਂ ਗਿਣਤੀ ਵਿਚ ਬਹੁਤ ਘਟ ਸਨ ਜਦੋਂ ਕਿ ਬਾਦਸ਼ਾਹ ਕੋਲ ਆਪਣੀ ਤੇ ਕਈ ਹੋਰ ਰਾਜਿਆਂ ਦੀ ਫੌਜ ਸੀ। ਹਥੋਂ ਹੱਥ ਲੜਾਈ ਹੋਈ। ਸਾਨੂੰ ਭਾਵੇਂ ਸ਼ਾਹੀ ਫੌਜਾਂ ਨੇ ਕਿਲ੍ਹੇ ਵਲ ਧਕ ਦਿੱਤਾ ਸੀ ਪਰ ਸਾਡੇ ਸਿੰਘਾਂ ਨੇ ਆਪਣੀ ਵੀਰਤਾ ਦੇ ਪੂਰੇ ਜੌਹਰ ਵਿਖਾਏ ਸਨ। ਇਸ ਲੜਾਈ ਵਿਚ ਸਾਡਾ ਭਾਵੇਂ ਜਾਨੀ ਨੁਕਸਾਨ ਹੋਇਆ ਪਰ ਸਾਡੇ ਸਿੰਘ ਕਿਲ੍ਹੇ ਦੀਆਂ ਕੰਧਾਂ ਤਕ ਲੜਦੇ ਰਹੇ। ਮੈਦਾਨ ਛੱਡਕੇ ਦੌੜੇ ਨਹੀਂ ਇਸ ਲੜਾਈ ਵਿਚ ਮੁਗ਼ਲ ਫੌਜ ਦੇ ਜਰਨੈਲ ਫਿਰੋਜ਼ਖਾਨ ਸੈਵਾਤੀ ਦਾ ਇਕ ਭਤੀਜਾ ਮਾਰਿਆ ਗਿਆ ਤੇ ਸੈਵਾਤੀ ਦਾ ਪੁੱਤਰ ਗੰਭੀਰ ਰੂਪ ਵਿਚ ਫਟੜ ਹੋ ਗਿਆ। ਰਾਤ ਪੈ ਗਈ ਸੀ। ਅਸੀਂ ਕਿਲ੍ਹੇ ਵਿਚ ਆ ਗਏ ਸੀ। ਮੁਗਲ ਫੌਜਾਂ ਨੇ ਕਿਲੇ ਨੂੰ ਚਾਰ ਚੁਫੇਰੇ ਘੇਰਨ ਦੀ ਅਟੁੱਟ ਕੋਸ਼ਿਸ਼ ਕੀਤੀ ਪਰ ਇਸ ਕਿਲ੍ਹੇ ਦੀ ਭੂਗੋਲਿਕ ਸਥਿਤੀ ਅਜਿਹੀ ਸੀ, ਇਸ ਕਿਲ੍ਹੇ ਦੀ ਪੂਰੀ ਤਰ੍ਹਾਂ ਨਾਕਾ ਬੰਦੀ ਕਰਨੀ ਅਸੰਭਵ ਸੀ। ਅਸੀਂ ਰਾਤ ਵੇਲੇ ਹੀ ਆਪਣੀਆਂ ਫੌਜਾਂ ਤੇ ਅਸਲੇ ਸਮੇਤ ਇਕ ਖਡ ਵਿਚੋਂ ਬਾਹਰ ਨਿਕਲ ਗਏ। ਸ਼ਾਹੀ ਫੌਜਾਂ ਨੂੰ ਸਾਡੀ ਇਸ ਕਾਰਵਾਈ ਦੀ ਭਿਣਕ ਤਕ ਨਾ ਪਈ। ਮੈਂ ਸੁਣਿਆਂ ਸੀ ਕਿ ਬਾਦਸ਼ਾਹ ਨੇ ਆਪਣੇ ਜਰਨੈਲ ਸੈਵਾਤੀ ਨੂੰ ਬਹੁਤ ਝਾੜਾਂ ਪਾਈਆਂ ਤੇ ਜਲੀਲ ਕੀਤਾ। ਬਹਾਦਰ ਸ਼ਾਹ ਇਕ ਜਜ਼ਬਾਤੀ ਤੇ ਸ਼ੱਕੀ ਸੁਭਾਅ ਵਾਲਾ ਬਾਦਸ਼ਾਹ ਸੀ ਉਹ ਆਮ ਬਾਦਸ਼ਾਹ ਵਾਂਗ ਲਾਈਲਗ ਵੀ ਬਹੁਤ ਸੀ। ਸੁਣੀ ਸੁਣਾਈ ਗਲ ਤੇ ਯਕੀਨ ਕਰਕੇ ਉਹ ਆਪਣੇ ਨੇੜੇ ਤੋਂ ਨੇੜੇ ਜਰਨੈਲਾਂ ਦੀ ਵੀ ਲਾਹ ਪਾਹ ਕਰ ਦਿੰਦਾ ਸੀ। ਮੁਲਕ ਵਿਚ ਹੋ ਰਹੀਆਂ ਨਿੱਤ ਦੀਆਂ ਬਗਾਵਤਾਂ ਕਾਰਨ ਉਹ ਬਹੁਤ ਖਫਾ ਤੇ ਨਿਰਾਸ਼ ਰਹਿਣ ਲਗ ਪਿਆ। ਉਸਦੀ ਤਬੀਅਤ ਖ਼ਰਾਬ ਰਹਿਣ ਲਗੀ। ਹਰ ਰੋਜ਼

ਉਸਦੇ ਦੁਆਲੇ ਹਕੀਮਾਂ ਦਾ ਜਮਾਵੜਾ ਰਹਿੰਦਾ ਸੀ। ਉਹ ਆਪਣੇ ਸ਼ਕੀ ਸੁਭਾਅ ਕਾਰਨ ਇਕ ਹਕੀਮ ਨੂੰ ਪੂਰੀ ਤਰ੍ਹਾਂ ਪਰਖਣ ਤੋਂ ਪਹਿਲਾਂ ਦੂਜੇ ਨੂੰ ਬੁਲਾ ਲੈਂਦਾ ਸੀ ਤੇ ਪਹਿਲੇ ਨੂੰ ਜ਼ਲੀਲ ਕਰਕੇ ਭੇਜਦਾ ਸੀ। ਦੇਸ਼ ਤੇ ਖ਼ਾਸ ਕਰਕੇ ਪੰਜਾਬ ਦੇ ਹਾਲਾਤ ਕਾਰਨ ਉਸਨੂੰ ਪਾਗਲਪਣ ਦੇ ਦੌਰੇ ਪੈਣ ਲਗੇ ਸਨ। ਉਸਦੇ ਵਜ਼ੀਰ ਤੇ ਜਰਨੈਲ ਇਸ ਆਲਮ ਵਿਚ ਉਸ ਕੋਲ ਡਰਦੇ ਨਹੀਂ ਜਾਂਦੇ ਸਨ। ਉਹਨਾਂ ਨੂੰ ਡਰ ਹੁੰਦਾ ਸੀ ਜਾਂਦਿਆਂ ਬਾਦਸ਼ਾਹ ਪਤਾ ਨਹੀਂ ਕਿਹੜੇ ਮੂੰਹੋਂ ਬੋਲੇਗਾ। ਮੈਨੂੰ ਇਹ ਖ਼ਬਰਾਂ ਸੁਣਕੇ ਬਹੁਤ ਖ਼ੁਸ਼ੀ ਹੁੰਦੀ ਸੀ। ਇਸੇ ਲਈ ਇਸ ਮੌਕੇ ਪਹਾੜੀ ਰਾਜਿਆਂ ਵਲ ਰੁਖ ਕੀਤਾ ਤੇ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ। ਜਲਦੀ ਹੀ ਬਹਾਦਰ ਸ਼ਾਹ ਦੀ ਮੌਤ ਦੀ ਖ਼ਬਰ ਆਈ ਤੇ ਇਹ ਵੀ ਪਤਾ ਲਗਾ ਕਿ ਉਸਦੇ ਪੁੱਤਰਾਂ ਵਿਚ ਗੱਦੀ ਲਈ ਖਾਨਾ ਜੰਗੀ ਸ਼ੁਰੂ ਹੋ ਗਈ ਹੈ।

ਨਵਾਂ ਬਾਦਸ਼ਾਹ ਜਹਾਂਦਰ ਸ਼ਾਹ ਜਿੰਨਾਂ ਸਮਾਂ ਗੱਦੀ ਤੇ ਰਿਹਾ, ਰੌਲਾ ਰੱਪਾ ਹੀ ਪਿਆ ਰਿਹਾ। ਮੈਂ ਆਪਣੀ ਪੰਚਾਇਤ ਨਾਲ ਮਸ਼ਵਰੇ ਕਰਕੇ, ਸਾਡੇ ਕੋਲੋਂ ਖੁਸੇ ਹੋਏ ਇਲਾਕਿਆਂ ਉਪਰ ਦੋਬਾਰਾ ਕਬਜ਼ਾ ਕਰਨ ਦਾ ਫੈਸਲਾ ਕੀਤਾ। ਅਸਾਂ ਇਕ ਇਕ ਕਰਕੇ ਦੋਬਾਰਾ ਬਿਸਤ ਜਲੰਧਰ ਸਰਹਿੰਦ, ਸਮਾਣਾ, ਸਢੌਰਾ ਤੇ ਲੋਹਗੜ ਫਿਰ ਕਾਬੂ ਕਰ ਲਏ ਤੇ ਮੁਗਲ ਫੌਜਾਂ ਨੂੰ ਮਾਰ ਭਜਾਇਆ। ਜਦੋਂ ਜਹਾਂਦਰ ਸ਼ਾਹ ਨੂੰ ਪਤਾ ਲਗਾ ਤਾਂ ਉਹ ਬਹੁਤ ਤੈਸ਼ ਵਿਚ ਆਇਆ। ਉਸਨੇ ਆਪਣੇ ਇਕ ਭਰੋਸੇ ਮੰਦ ਜਰਨੈਲ ਅਬਦੁੱਸ ਸਮਾਦ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਤੇ ਉਸ ਦੀ ਮੈਨੂੰ ਗ੍ਰਿਫਤਾਰ ਕਰਨ ਦੀ ਡਿਊਟੀ ਲਾਈ। ਨਵੇਂ ਸੂਬੇਦਾਰ ਨੇ ਆਹੁੰਦਾ ਸੰਭਾਲਦਿਆਂ ਹੀ ਖ਼ਾਲਸਾ ਫੌਜਾਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ। ਸ਼ਾਹੀ ਫੌਜਾਂ ਦੀ ਗਿਣਤੀ ਬਹੁਤ ਸੀ ਤੇ ਉਹਨਾਂ ਪਾਸ ਹਰ ਤਰ੍ਹਾਂ ਦਾ ਅਸਲਾ ਤੇ ਤੋਪਖਾਨਾ ਸੀ। ਸਾਡੀ ਫੌਜ ਮੈਦਾਨੀ ਲੜਾਈ ਉਹਨਾਂ ਨਾਲ ਨਹੀਂ ਲੜ ਸਕਦੀ ਸੀ। ਇਸ ਲਈ ਅਸੀਂ ਇਕ ਵਾਰ ਫਿਰ ਦੋਬਾਰਾ ਕਬਜ਼ੇ ਕੀਤੇ ਸਾਰੇ ਸਥਾਨ ਛੱਡਕੇ, ਲੋਹਗੜ੍ਹ ਕਿਲ੍ਹੇ ਵਿਚ ਚਲੇ ਗਏ। ਉਸ ਵਕਤ ਅਸਾਂ ਪਹਾੜਾਂ ਵਲ ਰੁੱਖ ਕੀਤਾ। ਜੰਮੂ ਉੱਤੇ ਕਈ ਹਮਲੇ ਕੀਤੇ ਤੇ ਬਹੁਤ ਸਾਰਾ ਧੰਨ ਲੁਟਿਆ। ਉਸ ਵਕਤ ਕੇਵਲ ਧੰਨ ਤੇ ਅਸਲੇ ਦੀ ਹੀ ਸਾਨੂੰ ਜ਼ਰੂਰਤ ਸੀ। ਧੰਨ ਨਾਲ ਅਸੀਂ ਇਧਰੋਂ ਉਧਰੋਂ ਅਸਲਾ ਖ੍ਰੀਦ ਲੈਂਦੇ ਤਾਂ ਕਿ ਮੁਗਲ ਫੌਜਾਂ ਦਾ ਟਾਕਰਾ ਕਰ ਸਕੀਏ। ਪਹਾੜੀ ਰਾਜਿਆਂ ਨਾਲ ਟੱਕਰ ਲੈਣ ਦਾ ਮੇਰਾ ਇਕ ਕਾਰਨ ਹੋਰ ਵੀ ਸੀ। ਮੈਂ ਆਪਣੇ ਸਾਥੀਆਂ ਪਾਸੋਂ ਸੁਣ ਰੱਖਿਆ ਸੀ ਕਿ ਇਹ ਪਹਾੜੀ ਰਾਜੇ ਬਹੁਤ ਮੌਕਾ ਪ੍ਰਸਤ ਤੇ ਬੁਜ਼ਦਿਲ ਹਨ। ਇਹਨਾਂ ਨੂੰ ਆਪਣੇ ਮੁਲਕ ਤੇ ਧਰਮ ਨਾਲ ਕੋਈ ਸਨੇਹ ਨਹੀਂ ਇਹ ਲੋਕ ਗੱਦੀ ਦੀ ਖਾਤਿਰ ਆਪਣਾ ਦੀਨ ਈਮਾਨ ਮੁਗ਼ਲਾਂ ਤੇ ਤੁਰਕਾਂ ਪਾਸ ਵੇਚਦੇ ਆਏ ਹਨ। ਗੁਰੂ ਜੀ ਵੇਲੇ ਵੀ ਇਹਨਾਂ ਲੋਕਾਂ ਨੇ ਅਨੰਦਪੁਰ ਵਿਖੇ ਉਹਨਾਂ ਨੂੰ ਹਮੇਸ਼ਾਂ ਪਰੇਸ਼ਾਨ ਕੀਤਾ ਸੀ। ਉਹਨਾਂ ਕੋਲੋਂ ਧਕੇ ਨਾਲ ਪ੍ਰਸਾਦੀ ਹਾਥੀ ਖੋਹਣ ਦੀ ਨਾਕਾਮ ਕੋਸ਼ਿਸ਼ ਕੀਤੀ ਸੀ। ਇਹਨਾਂ ਲੋਕਾਂ ਨੇ ਮੁਗ਼ਲ ਫੌਜਾਂ ਨਾਲ

ਮਿਲਕੇ ਅਨੰਦਪੁਰ ਸਾਹਿਬ ਤੇ ਚਮਕੌਰ ਦੇ ਯੁੱਧਾਂ ਵਿਚ, ਖ਼ਾਲਸਾ ਫੌਜ ਦੀ ਡਟਕੇ ਵਿਰੋਧਤਾ ਕੀਤੀ ਸੀ।

ਮੈਨੂੰ ਅਕਾਲ ਪੁਰਖ ਨੇ ਮੌਕਾ ਦਿੱਤਾ ਸੀ ਕਿ ਮੈਂ ਇਹਨਾਂ ਨੂੰ ਸੋਧ ਸਕਾਂ। ਜਦੋਂ ਮੈਂ ਇਹਨਾਂ ਵਲ ਰੁੱਖ ਕੀਤਾ ਤਾਂ ਪਹਿਲਾਂ ਵਾਂਗ ਇਹ ਆਪਣੇ ਮੁਗ਼ਲ ਹਮਾਇਤੀਆਂ ਵਲ ਦੌੜੇ। ਪਰ ਮੈਂ ਇਹਨਾਂ ਨੂੰ ਉਹਨਾਂ ਦੀ ਮਦਦ ਮਿਲਣ ਤੋਂ ਪਹਿਲਾਂ ਹੀ ਈਨ ਮਨਾ ਲਈ ਸੀ। ਇਕ ਇਕ ਕਰਕੇ ਇਹ ਕਈ ਜਾਣੇ ਮੇਰੇ ਕਦਮਾਂ ਤੇ ਡਿੱਗ ਪਏ। ਮੈਂ ਇਹਨਾਂ ਕੋਲੋਂ ਬਹੁਤ ਸਾਰਾ ਧੰਨ ਵਸੂਲ ਕੀਤਾ,. ਜਿਸ ਨਾਲ ਅਸੀਂ ਘੋੜੇ ਤੇ ਅਸਲਾ ਖ਼੍ਰੀਦ ਲਿਆ। ਮੈਂ ਇਹਨਾਂ ਰਾਜਿਆਂ ਵਿਰੁੱਧ ਲੜਕੇ ਆਪਣੀ ਤਾਕਤ ਜ਼ਾਇਆ ਨਹੀਂ ਕਰਨਾ ਚਾਹੁੰਦਾ ਸੀ। ਸਾਡੇ ਮੁੱਖ ਦੁਸ਼ਮਣ ਤਾਂ ਮੁਗ਼ਲ ਸਨ। ਉਹ ਲਗਾਤਾਰ ਸਾਡਾ ਪਿੱਛਾ ਕਰ ਰਹੇ ਸਨ। ਮੌਕੇ ਦਾ ਫਾਇਦਾ ਉਠਾਕੇ ਮੈਂ ਜੰਮੂ ਦੇ ਦੱਖਣ ਵਾਲੇ ਕਈ ਇਲਾਕੇ ਕਬਜ਼ੇ ਵਿਚ ਕਰ ਲਏ। ਬਟਾਲਾ, ਕਲਾਲੌਰ, ਕਠੂਆ ਬਹਿਰਾਮਪੁਰ ਤੇ ਹੋਰ ਕਈ ਛੋਟੇ ਮੋਟੇ ਕਸਬੇ ਖ਼ਾਲਸਾ ਫੌਜ ਥਲੇ ਆ ਗਏ। ਆਮਲ ਲੋਕ ਮੁਗ਼ਲ ਸ਼ਾਸਕਾਂ ਦੇ ਤਾਨਾਸ਼ਾਹ ਤੌਰ ਤਰੀਕਿਆਂ ਤੋਂ ਬਹੁਤ ਨਿਰਾਸ਼ ਸਨ। ਇਥੇ ਉਹਨਾਂ ਨੇ ਸਾਡੀ ਫੌਜ ਨੂੰ ਮਿਲਕੇ ਖ਼ੁਸ਼ੀ ਜ਼ਾਹਿਰ ਕੀਤੀ। ਪਰ ਇਹ ਲੋਕ ਡਰੇ ਹੋਏ ਸਨ। ਅਸਲ ਵਿਚ ਮੁਗ਼ਲ ਹੁਕਮਰਾਨ ਸਾਡੇ ਵਿਰੁੱਧ ਬਹੁਤ ਜ਼ਹਿਰੀਲਾ ਪ੍ਰਚਾਰ ਕਰਦੇ ਸਨ। ਉਹਨਾਂ ਨੂੰ ਦੱਸਿਆ ਗਿਆ ਸੀ ਕਿ ਸਿੰਘ ਬਹੁਤ ਜ਼ਾਲਿਮ ਤੇ ਦਰਿੰਦੇ ਹਨ। ਇਹ ਲੋਕਾਂ ਦਾ ਲਹੂ ਪੀਂਦੇ ਤੇ ਇਸਲਾਮ ਦੇ ਕਟੜ ਦੁਸ਼ਮਣ ਹਨ। ਪਰ ਜਦੋਂ ਉਹਨਾਂ ਲੋਕਾਂ ਨੂੰ ਸਾਡਾ ਵਿਹਾਰ ਵੇਖਿਆ ਤਾਂ ਉਹਨਾਂ ਦੀ ਸਾਡੇ ਸੰਬੰਧੀ ਰਾਏ ਕਾਫੀ ਹੱਦ ਤਕ ਬਦਲ ਗਈ ਸੀ।

ਜਦੋਂ ਅਸਾਂ ਸਰਹੰਦ ਤੇ ਪੂਰਾ ਕਬਜਾ ਕਰ ਲਿਆ ਸੀ ਤਾਂ ਸਾਡੇ ਹੌਂਸਲੇ ਬੁਲੰਦ ਹੋ ਗਏ ਸਨ। ਸਾਨੂੰ ਭਰੋਸਾ ਸੀ ਕਿ ਜੇਕਰ ਅਸੀਂ ਮੁਗਲ ਫੌਜ ਨਾਲ ਫਸਵੀਂ ਤੇ ਆਹਮੋ ਸਾਹਮਣੇ ਹੋਕੇ ਟੱਕਰ ਲਵਾਂਗੇ ਤਾਂ ਅਸੀਂ ਉਹਨਾਂ ਨੂੰ ਹਰ ਮੈਦਾਨ ਵਿਚ ਹਰਾ ਸਕਦੇ ਸੀ। ਪਰ ਹਾਲਾਤ ਅਜਿਹੇ ਸਨ ਕਿ ਮੁਗ਼ਲ ਹਕੂਮਤ ਬਹੁਤ ਵਿਸ਼ਾਲ ਤੇ ਮਜ਼ਬੂਤ ਹੋਣ ਕਾਰਨ ਸਾਨੂੰ ਹਰ ਵਕਤ ਖਦੇੜਨ ਲਈ, ਆਪਣੇ ਨਾਮੀ ਜਰਨੈਲਾਂ ਨੂੰ ਫੌਜਾਂ ਦੇ ਕੇ ਭੇਜੀ ਜਾ ਰਹੀ ਸੀ। ਸਾਨੂੰ ਇਕ ਜਗਾ ਬੈਠਕੇ, ਆਪਣੀ ਖਿੰਡੀ ਹੋਈ ਤਾਕਤ ਨੂੰ ਕੇਂਦਰਤ ਕਰਨ ਦਾ ਮੌਕਾ ਹੀ ਨਹੀਂ ਮਿਲ ਰਿਹਾ ਸੀ। ਜਦੋਂ ਅਸੀਂ ਸਹਾਰਨਪੁਰ ਸੂਬੇ ਤੇ ਕਬਜ਼ਾ ਕਰ ਲਿਆ ਸੀ ਤਾਂ ਦਿੱਲੀ ਦੇ ਆਲੇ ਦੁਆਲੇ ਦਾ ਬਹੁਤ ਸਾਰਾ ਇਲਾਕਾ ਖ਼ਾਲਸਾ ਫੌਜ ਥਲੇ ਆ ਗਿਆ ਸੀ। ਦਿੱਲੀ, ਮੁਗ਼ਲ ਹਕੂਮਤ ਦੀ ਰਾਜਧਾਨੀ ਸੀ। ਦਿੱਲੀ ਸੂਬੇ ਦੇ ਕਿਸੇ ਜਰਨੈਲ ਵਿਚ ਇਤਨੀ ਹਿੰਮਤ ਨਹੀਂ ਸੀ ਕਿ ਉਹ ਖ਼ਾਲਸਾ ਫੌਜ ਨਾਲ ਟੱਕਰ ਲੈ ਸਕੇ। ਉਹ ਦੂਰੋਂ-ਦੂਰੋਂ ਦਬਕੇ ਮਾਰਦੇ ਰਹਿੰਦੇ ਸਨ ਤੇ ਆਪਣੀ ਅਧੀਨ ਸੂਬੇਦਾਰਾਂ ਨੂੰ ਸਿੱਖਾਂ ਨੂੰ ਦਬਾਉਣ ਦੇ ਨਿੱਤ ਨਵੇਂ ਅਦੇਸ਼ ਛੱਡਦੇ ਰਹਿੰਦੇ ਸਨ।

ਜਹਾਂਦਰ ਸ਼ਾਹ ਇਕ ਕਮਜ਼ੋਰ ਤੇ ਐਸ਼ਪ੍ਰਸਤ ਬਾਦਸ਼ਾਹ ਸੀ। ਉਸ ਦੇ ਭਤੀਜੇ ਫਾਰੁਖਸੀਅਰ ਨੇ ਉਸ ਕੋਲੋਂ ਜ਼ਬਰਦਸਤੀ ਹਕੂਮਤ ਖੋਹ ਲਈ ਸੀ। ਇਸ ਕੰਮ ਵਿਚ ਤਕਰੀਬਨ ਦੋ ਸਾਲ ਗੁਜ਼ਰ ਗਏ ਸਨ। ਮੁਗ਼ਲ ਹਕੂਮਤ ਉਸ ਵਕਤ ਆਪਣੇ ਆਪ ਨਾਲ ਹੀ ਜੂਝ ਰਹੀ ਸੀ। ਇਹ ਸਾਡੇ ਲਈ ਸੁਨਹਿਰੀ ਮੌਕਾ ਸੀ। ਅਸਾਂ ਰਿਆੜਕੀ ਦਾ ਇਲਾਕਾ ਦੋਬਾਰਾ ਕਬਜ਼ੇ ਵਿਚ ਲੈ ਲਿਆ ਸੀ। ਨਾਲ ਹੀ ਇਕ ਘਮਸਾਨ ਲੜਾਈ ਪਿਛੋਂ ਗੁਰੂ ਦੇ ਚੱਕ (ਅੰਮ੍ਰਿਤਸਰ) ਤੇ ਕਬਜ਼ਾ ਕਰ ਲਿਆ ਸੀ। ਬਟਾਲਾ ਇਕ ਬਹੁਤ ਵੱਡੀ ਮੰਡੀ ਸੀ। ਇਸ ਵਿਚ ਜੰਮੂ ਤੇ ਕਸ਼ਮੀਰ ਦਾ ਬਣਿਆ ਮਾਲ ਵਿਕਦਾ ਸੀ। ਇਹ ਸ਼ਹਿਰ ਬਹੁਤ ਰੌਣਕ ਵਾਲਾ ਤੇ ਅਮੀਰ ਸੀ। ਇਸ ਸ਼ਹਿਰ ਉਪਰ ਵੀ ਸਾਡੇ ਸਿੰਘਾਂ ਨੇ ਛੋਟੀ ਜਿਹੀ ਝੜਪ ਤੋਂ ਬਾਅਦ ਕਬਜ਼ਾ ਕਰ ਲਿਆ ਸੀ। ਲਗਦਾ ਸੀ ਲੋਕ ਸਾਡੇ ਕੋਲੋਂ ਡਰੇ ਹੋਏ ਸਨ। ਸਾਨੂੰ ਆਉਂਦਿਆਂ ਵੇਖਕੇ ਹੀ ਨਜ਼ਰਾਨੇ ਲੈ ਕੇ ਖਲੋ ਜਾਂਦੇ ਸਨ। ਇਸੇ ਤਰ੍ਹਾਂ ਸਾਡੇ ਸਿੰਘਾਂ ਨੇ ਅੰਮ੍ਰਿਤਸਰ, ਪੱਟੀ ਤੇ ਲਾਹੌਰ ਦੇ ਆਲੇ ਦੁਆਲੇ ਇਲਾਕਿਆਂ ਉਪਰ ਕਬਜ਼ਾ ਕਰ ਲਿਆ ਸੀ। ਪਰ ਇਹ ਕਬਜ਼ੇ ਬਹੁਤਾ ਸਮਾਂ ਨਾ ਰਹਿ ਸਕੇ। ਲਾਹੌਰ ਦਰਬਾਰ ਤੋਂ ਨਿੱਤ ਨਵੀਆਂ ਮੁਹਿੰਮਾਂ ਸਾਡੇ ਵਿਰੁੱਧ ਤੋਰੀਆਂ ਜਾ ਰਹੀਆਂ ਸਨ। ਭਾਰੀ ਬਾਦਸ਼ਾਹੀ ਫੌਜਾਂ ਦਾ ਸਾਡੇ ਸਿੰਘ ਬਹੁਤਾ ਸਮਾਂ ਟਾਕਰਾ ਨਹੀਂ ਕਰ ਸਕਦੇ ਸਨ। ਇਸ ਲਈ ਅਸੀਂ ਪਿੱਛੇ ਹਟਣ ਦਾ ਹੀ ਮਸ਼ਵਰਾ ਉਹਨਾਂ ਨੂੰ ਦਿੱਤਾ ਹੋਇਆ ਸੀ। ਪਰ ਲੋਹਗੜ੍ਹ ਵਿਚ ਵੀ ਕਈ ਹਥੋ ਹਥੀਂ ਲੜਾਈ ਦੇ ਬਾਅਦ ਅਸੀਂ ਪਿਛੇ ਹਟ ਗਏ। ਜੇਕਰ ਨਾ ਹੱਟਦੇ ਤਾਂ ਇਥੇ ਹੀ ਸਾਡਾ ਕੀਰਤਨ ਸੋਹਲਾ ਪੜ੍ਹਿਆ ਜਾਣਾ ਸੀ। ਸਾਡੀ ਸਾਰੀ ਫੌਜ ਤੇ ਸ਼ਕਤੀ ਖ਼ਤਮ ਕਰ ਦੇਣੀ ਸੀ। ਸਾਡਾ ਭੋਗ ਪੈ ਜਾਣਾ ਸੀ।

ਕਿਲ੍ਹੇ ਵਿਚ ਪਿਛੇ ਹੱਟਣ ਬਾਰੇ ਬਾਬਾ ਬਿਨੋਦ ਸਿੰਘ ਨਾਲ ਮੇਰੀ ਝੜਪ ਹੋਈ। ਗੁਰੂ ਜੀ ਵੇਲੇ ਕਿਸੇ ਦੀ ਹਿੰਮਤ ਨਹੀਂ ਸੀ ਕਿ ਉਹ ਮੇਰੇ ਕੀਤੇ ਨੂੰ ਉਥੱਲ ਸਕਣ। ਲਗਦਾ ਸੀ ਕਿ ਗੁਰੂ ਦੇ ਲਏ ਮੇਰੇ ਬਾਰੇ ਫੈਸਲੇ ਨਾਲ ਉਹ ਅੰਦਰਖਾਤੇ ਪੂਰੀ ਤਰ੍ਹਾਂ ਖ਼ੁਸ਼ ਨਹੀਂ ਸੀ। ਸਮੁੱਚੇ ਖ਼ਾਲਸਾ ਪੰਥ ਦੀ ਵਾਗਡੋਰ ਮੇਰੇ ਹੱਥ ਸੌਂਪਣਾ, ਉਹਦੇ ਗਲ ਤੋਂ ਨਹੀਂ ਸੀ ਉਤਰਿਆ। ਗੁਰੂ ਦੇ ਸਿੰਘਾ ਵਿਚ ਉਸਦੀ ਕਾਫੀ ਸਿੱਖੀ ਸੇਵਕੀ ਸੀ ਤੇ ਮੈਂ ਵੀ ਉਸਦਾ ਪੂਰਾ ਆਦਰ ਮਾਣ ਕਰਦਾ ਸੀ। ਮੈਂ ਤਾਂ ਬੜੇ ਵਿਸ਼ਾਲ ਹਿਰਦੇ ਨਾਲ ਗੁਰੂ ਜੀ ਦੇ ਲੜ ਲਗਾ ਸੀ ਤੇ ਮੈਂ ਇਕ ਚਲਦੇ ਤੇ ਕਾਮਯਾਬ ਡੇਰੇ ਨੂੰ ਲਤ ਮਾਰਕੇ ਗੁਰੂ ਘਰ ਆਇਆ ਸੀ ਅਤੇ ਦੋਬਾਰਾ ਪਿੱਛੇ ਮੁੜ ਕੇ ਵੀ ਨਹੀਂ ਵੇਖਿਆ ਸੀ। ਇਸ ਲਈ ਬਾਬਾ ਜੀ ਜਾਂ ਉਹਨਾਂ ਦਾ ਲੜਕਾ ਭਾਈ ਕਾਹਨ ਸਿੰਘ, ਮੇਰੇ ਬਾਰੇ ਕੀ ਸੋਚ ਰਹੇ ਹਨ, ਮੈਨੂੰ ਇਸ ਦੀ ਕਦਾਚਿਤ ਚਿੰਤਾ ਨਹੀਂ ਸੀ। ਜਦੋਂ ਮੈਂ ਸਿਹਰਾ ਖਾਂਡਾ ਤੋਂ ਚਲਕੇ ਸਰਹੰਦ ਤੱਕ ਜਿੱਤਦਾ ਆ ਰਿਹਾ ਸੀ ਤਾਂ ਸਾਰੇ ਸਿੰਘ ਮੇਰੇ ਨਾਲ ਪੂਰੀ ਤਰ੍ਹਾਂ ਸਹਿਮਤ ਸਨ। ਇਹ ਸਾਡੇ ਵਿਜੇ ਤੇ ਖ਼ੁਸ਼ੀ ਦਾ ਸਮਾਂ ਸੀ ਕਿਉਂਕਿ ਅਸਾਂ ਗੁਰੂ ਮਾਰੀ ਸਰਹੰਦ ਨੂੰ ਬਰਬਾਦ ਕਰਕੇ ਆਪਣੇ ਦਿਲਾਂ ਨੂੰ ਸ਼ਾਂਤ ਕਰ ਲਿਆ ਸੀ। ਪਰ ਇਤਨੀ ਵੱਡੀ

ਹਕੂਮਤ ਨਾਲ ਟੱਕਰ ਲੈਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ। ਸ਼ਾਹੀ ਦਰਬਾਰ ਵਿਚ ਜਾਨ ਸ਼ੀਨੀ ਦੀ ਘੜਮੱਸ ਚਲ ਰਹੀ ਸੀ। ਇਸ ਖਾਨਾ ਜੰਗੀ ਤੇ ਬੇਇਤਫਾਕੀ ਦਾ ਮੈਂ ਤੇ ਮੇਰੇ ਸਿੰਘਾਂ ਨੇ ਭਰਪੂਰ ਫਾਇਦਾ ਉਠਾਇਆ ਸੀ। ਸਹਾਰਨ ਪੁਰ ਤੇ ਜੰਮੂ ਦੇ ਇਰਦ ਗਿਰਦ ਪਹਾੜੀ ਰਾਜਿਆਂ ਨੂੰ ਈਨ ਮਨਾਉਣ ਤੇ ਖਦੇੜਨ ਦਾ ਸਾਨੂੰ ਮੌਕਾ ਮਿਲ ਗਿਆ ਸੀ। ਮੈਨੂੰ ਤਾਂ ਬਹੁਤ ਖ਼ੁਸ਼ੀ ਹੋਈ ਸੀ ਕਿਉਂਕਿ ਸਾਡੇ ਗੁਰੂ ਜੀ ਨੂੰ ਇਹਨਾਂ ਬੁਜ਼ਦਿਲ ਰਾਜਿਆਂ ਨੇ, ਮੁਗਲ ਹਕੂਮਤ ਦੀ ਆੜ ਲੈ ਕੇ ਬਹੁਤ ਪਰੇਸ਼ਾਨ ਕੀਤਾ ਸੀ ਤੇ ਉਹਨਾਂ ਨਾਲ ਕਈ ਯੁੱਧ ਲੜੇ ਸਨ। ਉਹਨਾਂ ਦੀਆਂ ਗੋਡੀਆਂ ਲਵਾਕੇ ਮੈਨੂੰ ਇਕ ਰੂਹਾਨੀ ਖ਼ੁਸ਼ੀ ਹੋਈ ਸੀ। ਇਸ ਮੁਹਿੰਮ ਵਿਚ ਵੀ ਮੇਰੇ ਅੰਦਰੂਨੀ ਸਲਾਹਕਾਰਾਂ ਨੇ ਮੈਨੂੰ ਦਸਿਆ ਸੀ ਕਿ ਬਾਬੇ ਅੰਦਰ ਖਾਤੇ ਮੇਰੀਆਂ ਮੁਹਿੰਮਾਂ ਦੀ ਪਰੋੜਤਾ ਨਹੀਂ ਕਰਦੇ ਅਤੇ ਆਪਣਾ ਹੱਥ ਪਿੱਛੇ ਖਿੱਚਣ ਲਈ ਸਲਾਹ ਮਸ਼ਵਰਾ ਕਰ ਰਹੇ ਸਨ। ਇਹਨਾਂ ਵਿਚ ਭਾਈ ਬਾਜ਼ ਸਿੰਘ ਵੀ ਕਦੀ ਕਦੀ ਸ਼ਾਮਿਲ ਹੋ ਜਾਂਦਾ ਸੀ। ਪਰ ਅਜੇ ਤੱਕ ਮੇਰੇ ਫੈਸਲਿਆਂ ਦੀ ਹੁਕਮਅਦੂਲੀ ਕਰਨ ਦੀ ਕਿਸੇ ਨੇ ਜ਼ੁਰਅਤ ਨਹੀਂ ਸੀ ਕੀਤੀ। ਮੈਂ ਵੀ ਅਜਿਹੀਆਂ ਖ਼ਬਰਾਂ ਇਕ ਕੰਨੋਂ ਸੁਣਕੇ ਦੂਜੇ ਕੰਨੋਂ ਕੱਢ ਦਿੰਦਾ ਸੀ। ਅਸੀਂ ਸਾਰੇ ਗੁਰੂ ਜੀ ਦੇ ਨਿਮਾਣੇ ਸਿੱਖ ਸੀ। ਸਾਡਾ ਮੁੱਖ ਕਾਰਜ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣਾ ਸੀ। ਅਸੀਂ ਉਸ ਮਾਰਗ ਵਿਚ ਕਾਫੀ ਹੱਦ ਤੱਕ ਕਾਮਯਾਬ ਵੀ ਹੋਏ ਸੀ। ਇਹ ਕੰਮ ਅਸਾਂ ਗੁਰੂ ਦੀ ਕਿਰਪਾ, ਅਸ਼ੀਰਵਾਦ ਤੇ ਇਕ ਦੂਜੇ ਦੇ ਭਰਪੂਰ ਸਹਿਯੋਗ ਨਾਲ ਸਿਰੇ ਚੜ੍ਹਾਏ ਸਨ। ਇਸ ਲਈ ਆਪੋ ਆਪਣੇ ਹਿੱਤਾਂ ਨੂੰ ਪਾਲਣ ਦੀ ਕੋਈ ਗੁੰਜਾਇਸ਼ ਨਹੀਂ ਸੀ।

ਅਸਲ ਵਿਚ ਹਾਲਾਤ ਹੀ ਅਜਿਹੇ ਸਨ ਕਿ ਸਾਡੇ ਵਿਚ ਇਕ ਜੁੱਟਤਾ ਤੇ ਇਤਫ਼ਾਕ ਹੋਣਾ ਲਾਜ਼ਮੀ ਸੀ। ਬਾਦਸ਼ਾਹ ਨੇ ਧਾਰ ਲਿਆ ਸੀ ਕਿ ਸਿੰਘਾਂ ਨੇ ਮੇਰੇ ਖਿਲਾਫ਼ ਬਗਾਵਤ ਦਾ ਝੰਡਾ ਗੱਡਿਆ ਹੈ, ਉਹਨਾਂ ਨੂੰ ਸਬਕ ਸਿਖਾਉਣਾ ਤੇ ਸੋਧਣਾ ਹੈ। ਉਸਨੇ ਅਬਦੁੱਸ ਸਮਦ ਤੇ ਉਸਦੇ ਲੜਕੇ ਜਕਰੀਆ ਖਾਨ ਨੂੰ, ਜੋ ਕਿ ਕਰਮਵਾਰ ਲਾਹੌਰ ਤੇ ਜੰਮੂ ਦੇ ਸੂਬੇਦਾਰ ਸਨ, ਇਹ ਹੁਕਮ ਚਾਹੜਿਆ ਸੀ ਕਿ ਮੈਨੂੰ ਤੇ ਮੇਰੇ ਸਿੰਘਾਂ ਨੂੰ ਕਿਸੇ ਵੀ ਕੀਮਤ ਗ੍ਰਿਫਤਾਰ ਕਰਕੇ ਉਸਦੇ ਸਾਹਮਣੇ ਪੇਸ਼ ਕਰਨਾ ਸੀ। ਉਹਨਾਂ ਨੂੰ ਹੋਰ ਕਈ ਸੂਬਿਆਂ ਦੀ ਫੌਜ ਵੀ ਦਿੱਤੀ ਗਈ ਸੀ ਤਾਂ ਕਿ ਇਹ ਕਾਰਜ ਅਸਾਨੀ ਨਾਲ ਹੋ ਸਕੇ। ਮੈਂ ਅਜਿਹੀਆਂ ਗਿਦੜ ਭਬਕੀਆਂ ਤੋਂ ਡਰਨ ਵਾਲਾ ਨਹੀਂ ਸੀ। ਮੈਂ ਹਰ ਵਕਤ ਆਪਣੇ ਸੰਗ ਉਸ ਮਹਾਨ ਗ੍ਰੰਥ ਨੂੰ ਰੱਖਦਾ ਸੀ, ਜੋ ਸਾਖਸ਼ਾਤ ਹੋਕੇ, ਗੁਰੂ ਬਣਕੇ ਮੇਰੀਆਂ ਮੁਹਿੰਮਾਂ ਵਿਚ ਮੇਰੇ ਨਾਲ ਹੁੰਦਾ ਸੀ। ਮੈਨੂੰ ਕਿਸੇ ਹੋਰ ਦੁਨਿਆਵੀ ਤਾਕਤ ਤੋਂ ਕਦੀ ਭੈਅ ਨਹੀਂ ਲਗਦਾ ਸੀ। ਮੈਂ ਮੌਤ ਤੋਂ ਕਦੀ ਇਕ ਪਲ ਵੀ ਨਹੀਂ ਡਰਿਆ। ਪਰ ਮੇਰੀ ਪੰਚਾਇਤ ਦੇ ਲੋਕ ਬਾਦਸ਼ਾਹ ਦੀਆਂ ਭਬਕੀਆਂ ਤੋਂ ਤ੍ਰਭੱਕ ਗਏ ਸਨ ਅਤੇ ਉਸ ਨਾਲ ਕਿਸੇ ਨਾ ਕਿਸੇ ਤਰ੍ਹਾਂ ਸਮਝੌਤਾ ਕਰਨਾ ਚਾਹੁੰਦੇ ਸਨ। ਪਰ ਮੈਂ ਅਜਿਹੇ ਸਮਝੌਤੇ ਵਾਲੇ ਦਿਨ ਨਹੀਂ ਸੀ ਜੰਮਿਆ। ਸਮਝੌਤੇ ਨਾਲੋਂ

ਮਰਨਾ ਕਬੂਲ ਸੀ। ਸਮਝੌਤਾ ਹੀ ਕਰਨਾ ਸੀ ਤਾਂ ਬਾਦਸ਼ਾਹ ਨਾਲ ਇਹਨਾਂ ਆਢਾ ਸਾਢਾ ਲੈਣ ਦੀ ਜ਼ਰੂਰਤ ਹੀ ਕੀ ਸੀ? ਚੁੱਪ ਕਰਕੇ ਨੰਦੇੜ ਹੀ ਡਟੇ ਰਹਿੰਦੇ!

ਮੈਂ ਜਦੋਂ ਵੀ ਕੋਈ ਮੁਹਿੰਮ ਸ਼ੁਰੂ ਕਰਦਾ। ਉਸ ਵਕਤ ਆਪਣੀ ਖ਼ਾਲਸਾ ਪੰਚਾਇਤ ਨੂੰ ਬੁਲਾਉਂਦਾ ਤੇ ਉਸ ਵਿਚ ਜਿਹੜਾ ਮਤਾ ਪਕਾਇਆ ਜਾਂਦਾ, ਅਸੀਂ ਬਾਅਦ ਵਿਚ ਉਸ ਉਪਰ ਹੀ ਫੁਲ ਚੜਾਉਂਦੇ ਸੀ। ਮੇਰੇ ਸਿੰਘ ਸਵੇਰੇ ਉੱਠਕੇ ਪਹਿਲਾਂ ਨਿਤਨੇਮ ਕਰਦੇ ਤੇ ਜਦੋਂ ਵੀ ਅਸੀਂ ਕੋਈ ਮੁਹਿੰਮ ਸ਼ੁਰੂ ਕਰਦੇ ਸੀ ਤਾਂ ਅਸੀਂ ਉਸ ਕਾਰਜ ਲਈ ਅਰਦਾਸਾ ਜ਼ਰੂਰ ਕਰਦੇ। ਸਾਨੂੰ ਪੂਰਨ ਭਰੋਸਾ ਕਿ ਅਰਦਾਸਾ ਸੋਧਣ ਤੋਂ ਬਾਅਦ ਸਾਡੀ ਫਤਹਿ ਲਾਜ਼ਮੀ ਹੋਵੇਗੀ। ਇਸੇ ਲਈ ਅਸੀਂ ਇਕ ਤੋਂ ਦੂਜੀ ਜਿੱਤ ਤੋਂ ਬਾਅਦ ਲਗਾਤਾਰ ਅਗੇ ਵੱਧਦੇ ਰਹੇ। ਗੁਰੂ ਜੀ ਸਾਡੇ ਅੰਗ ਸੰਗ ਸਨ। ਮੈਂ ਉਹਨਾਂ ਨੂੰ ਸੁਪਨਿਆਂ ਵਿਚ ਮਿਲਦਾ ਰਹਿੰਦਾ ਸੀ ਅਤੇ ਉਹ ਮੈਨੂੰ ਅਸ਼ੀਰਵਾਰ ਦਈ ਜਾ ਰਹੇ ਸਨ। ਮੇਰੀ ਆਦਤ ਸੀ ਕਿ ਮੈਂ ਲੜਾਈ ਵੇਲੇ ਸਭ ਤੋਂ ਅਗੇ ਹੁੰਦਾ ਸੀ ਤੇ ਦੁਸ਼ਮਣ ਦੀਆਂ ਸਫਾਂ ਵਿਚ ਇੰਝ ਪ੍ਰਵੇਸ਼ ਕਰ ਜਾਂਦਾ ਸੀ ਜਿਵੇਂ ਮੈਨੂੰ ਮੌਤ ਦਾ ਡਰ ਹੀ ਨਾ ਹੋਵੇ। ਗੁਰੂ ਜੀ ਨੇ ਹਮੇਸ਼ਾਂ ਮੇਰੇ ਉਪਰ ਮਿਹਰ ਭਰਿਆ ਹੱਥ ਰੱਖਿਆ ਤੇ ਮੈਂ ਵਰ੍ਹਦੀਆਂ ਗੋਲੀਆਂ ਤੇ ਤਲਵਾਰਾਂ ਵਿਚੋਂ ਸਹੀ ਸਲਾਮਤ ਵਾਪਿਸ ਆ ਜਾਂਦਾ ਸੀ। ਮੇਰੇ ਕਈ ਸਿੰਘ ਤੇ ਦੁਸ਼ਮਣ ਵੀ ਇਹ ਸੋਚਦੇ ਸਨ ਕਿ ਸ਼ਾਇਦ ਮੇਰੇ ਕੋਲ ਕੁਝ ਤਾਂਤਰਿਕ ਨੁਸਖੇ ਸਨ, ਜਿੰਨਾ ਸਦਕਾ ਮੈਨੂੰ ਕਦੀ ਆਂਚ ਨਹੀਂ ਸੀ ਆਉਂਦੀ। ਪਰ ਇਹ ਉਹਨਾਂ ਦਾ ਭਰਮ ਸੀ। ਮੇਰੀ ਸ਼ਕਤੀ ਮੇਰਾ ਗੁਰੂ ਸੀ। ਮੈਂ ਹਰ ਹਾਲਤ ਵਿਚ ਉਹਨਾਂ ਦੀਆਂ ਹਸਰਤਾਂ ਪੂਰੀਆਂ ਕਰਨਾਂ ਚਾਹੁੰਦਾ ਸੀ। ਮੈਂ ਉਹਨਾਂ ਦੀਆਂ ਅੱਖੀਆਂ ਵਿਚ ਗੁੱਸੇ ਦੀ ਇਕ ਚਲਕ ਵੇਖੀ ਸੀ। ਹਰ ਹਾਲਤ ਵਿਚ ਮੈਂ ਉਹਨਾਂ ਨਾਲ ਕੀਤੇ ਬਚਨਾਂ ਨੂੰ ਪੂਰਾ ਕਰਨਾ ਚਾਹੁੰਦਾ ਸੀ। ਮੇਰੇ ਕੁਝ ਸਲਾਹਕਾਰ ਭਾਵੇਂ ਪਿਛਾਂਹ ਪੈਰ ਖਿੱਚ ਰਹੇ ਸਨ ਪਰ ਮੈਨੂੰ ਉਹਨਾਂ ਦੇ ਸੈਂਸਿਆ ਨਾਲ ਕੋਈ ਸਰੋਕਾਰ ਨਹੀਂ ਸੀ। ਪਿੱਛੇ ਹੱਟਣਾ ਤੇ ਦਿਲ ਛੱਡ ਦੇਣਾ ਮੇਰੇ ਸੁਭਾਅ ਦਾ ਹਿੱਸਾ ਨਹੀਂ ਸੀ। ਗੁਰੂ ਜੀ ਨਾਲ ਕੀਤੇ ਬਚਨਾਂ ਨੂੰ ਮੈਂ ਹਰ ਹਾਲਤ ਵਿਚ ਨਿਭਾਉਣਾ ਚਾਹੁੰਦਾ ਸੀ। ਇਹ ਤਾਂ ਆਉਣ ਵਾਲੀਆਂ ਪੀੜ੍ਹੀਆਂ ਹੀ ਦਸਣਗੀਆਂ ਕਿ ਮੈਂ ਕਿਸ ਹੱਦ ਤਕ ਕਾਮਯਾਬ ਹੋਇਆ ਹਾਂ। ਮੈਂ ਕਿਸ ਹੱਦ ਤਕ ਸਹੀ ਸੀ? ਮੈਂ ਸਹੀ ਸੀ ਜਾਂ ਮੇਰੇ ਸਲਾਹਕਾਰ। ਮੈਂ ਤਾਂ ਆਪਣਾ ਕੌਮੀ ਫਰਜ਼ ਨਿਭਾਇਆ ਹੈ।

ਜਦੋਂ ਮੈਂ ਜ਼ੁਲਮ ਖਿਲਾਫ਼ ਲੜ ਰਿਹਾ ਸੀ ਤਾਂ ਮੁਸਲਮਾਨਾਂ ਨੇ ਤਾਂ ਮੇਰੀ ਮੁਖਾਲਫਤ ਕਰਨੀ ਹੀ ਸੀ, ਕਿਉਂਕਿ ਗੁਰੂ ਘਰ ਉਪਰ ਜਾਂ ਸਿੱਖਾਂ ਖ਼ਿਲਾਫ ਬਹੁਤਾ ਜ਼ੁਲਮ ਮੁਗ਼ਲ ਹਾਕਮਾਂ ਨੇ ਹੀ ਕੀਤਾ ਸੀ। ਇਸ ਲਈ ਉਹਨਾਂ ਨੇ ਤਾਂ ਮੇਰੇ ਨਾਲ ਸਿੱਧੀ ਟੱਕਰ ਲੈਣੀ ਹੀ ਸੀ, ਪਰ ਫਿਰ ਵੀ ਮੈਂ ਇਸਲਾਮ ਦੀ ਕਦਰ ਕਰਦਾ ਸੀ। ਮੇਰੇ ਗੁਰੂ ਜੀ ਵੀ ਹਮੇਸ਼ਾਂ ਜ਼ਾਲਮਾਂ ਤੇ ਜ਼ੁਲਮ ਖ਼ਿਲਾਫ ਹੀ ਲੜਦੇ ਸਨ। ਉਹਨਾਂ ਦੀ ਸੈਨਾ ਵਿਚ ਪੀਰ ਬੁੱਧੂ ਸ਼ਾਹ ਵਰਗੇ ਇਨਸਾਫ ਪਸੰਦ ਮੁਸਲਮਾਨ ਵੀ ਸਨ, ਜਿੰਨਾਂ ਨੇ ਮੁਗਲ ਤੇ ਹਿੰਦੂ

ਰਾਜਿਆਂ ਖਿਲਾਫ਼, ਗੁਰੂ ਜੀ ਦਾ ਸਾਥ ਦਿੱਤਾ ਸੀ। ਗੁਰੂ ਜੀ ਵਾਂਗ ਮੈਂ ਵੀ ਜ਼ੁਲਮ ਖਿਲਾਫ਼ ਲੜ ਰਿਹਾ ਸੀ ਭਾਵੇਂ ਜ਼ਾਲਿਮ ਹਿੰਦੂ ਹੋਵੇ ਜਾਂ ਮੁਸਲਮਾਨ। ਸਾਡੀ ਮੁਸਲਮਾਨ ਜ਼ਾਲਮਾਂ ਖ਼ਿਲਾਫ਼ ਲੜਾਈ ਦਾ ਬਹੁਤ ਲਾਹਾ ਤਾਂ ਹਿੰਦੂਆਂ ਨੇ ਹੀ ਲੈਣਾ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਵੀ ਜੰਞੂ ਤੇ ਤਿਲਕ ਦੀ ਖਾਤਿਰ ਬਲੀਦਾਨ ਦਿੱਤਾ ਸੀ ਪਰ ਹਿੰਦੂ ਰਾਜਿਆਂ ਨੇ ਕਦੀ ਵੀ ਗੁਰੂ ਤੇਗ਼ ਬਹਾਦਰ ਨਾਲ ਸਹਿਯੋਗ ਨਹੀਂ ਕੀਤਾ। ਸਗੋਂ ਉਚੇਚਾ ਉਹਨਾਂ ਖਿਲਾਫ ਮੁਗ਼ਲ ਹਕੂਮਤ ਕੋਲ ਝੂਠੀਆਂ ਸ਼ਿਕਾਇਤਾ ਕਰਦੇ ਰਹੇ। ਪਰ ਉਸ ਵਕਤ ਦੇ ਹਿੰਦੂ ਰਾਜੇ ਏਨੇ ਗਏ ਗੁਜ਼ਰੇ ਸਨ ਕਿ ਉਹਨਾਂ ਵਿਚ ਮੁਲਕ ਕੌਮ ਦੇ ਧਰਮ ਪ੍ਰਤੀ ਕੋਈ ਸਨੇਹ ਨਹੀਂ ਸੀ। ਉਹਨਾਂ ਨੂੰ ਤਾਂ ਗੱਦੀ ਤੇ ਦੌਲਤ ਪਿਆਰੀ ਸੀ। ਉਹਨਾਂ ਨੇ ਮੁਗ਼ਲ ਸੈਨਾ ਦੇ ਮੋਢੇ ਨਾਲ ਮੋਢਾ ਲਾ ਕੇ ਸਿੱਖਾਂ ਨੂੰ ਮੂਲੋਂ ਹੀ ਬਰਬਾਦ ਕਰਨ ਵਿਚ ਸਰਗਰਮ ਭਾਗ ਲਿਆ।

ਇਕ ਗਲ ਮੈਨੂੰ ਹੋਰ ਬੜੀ ਚੁੱਭਦੀ ਸੀ। ਸੌਂਹ ਖਾਣ ਨੂੰ ਵੀ ਕੋਈ ਵੀ ਹਿੰਦੂ ਖ਼ਾਲਸਾ ਫੌਜ ਵਿਚ ਭਰਤੀ ਨਹੀਂ ਸੀ ਹੋਇਆ। ਸਗੋਂ ਸੁਚਾ ਨੰਦ, ਰਾਜਾ ਚੇਤ ਸਿੰਘ, ਛਤਰਸਾਲ, ਬੁੰਦੇਲਾ, ਰਾਜਾ ਗੋਪਾਲ, ਭਦਾਵੜੀਆ, ਉਦਿੱਤ ਸਿੰਘ ਬੁੰਦੇਲਾ, ਰਾਜਾ ਭੂਪ ਪ੍ਰਕਾਸ਼, ਕਿਰਪਾਲ ਦੇਵ ਤੇ ਧਰੁਵ ਦੇਵ, ਸੰਤੋਖ ਰਾਏ ਕਲਾਨੌਰ, ਸਾਂਵਲ ਦਾਸ ਤੇ ਟਿਕਾ ਰਾਮ ਦਰੋਗਾ ਤੇ ਕਈ ਹੋਰ ਹਿੰਦੂ ਰਾਜਿਆਂ ਤੇ ਜਰਨੈਲਾਂ ਨੇ ਸਿੱਖ ਸੈਨਾ ਵਿਰੁੱਧ ਯੁੱਧ ਲੜੇ। ਜਿੰਨਾਂ ਦੀ ਖਾਤਿਰ ਸਿੱਖ ਫੌਜਾਂ ਜਾਨ ਧੜ ਦੀ ਬਾਜੀ ਲਗਾ ਰਹੀਆਂ ਸਨ, ਉਹੀ ਹਿੰਦੂ ਰਾਜੇ ਤੇ ਚੌਧਰੀ ਸਿੱਖਾਂ ਦਾ ਖਾਨਾ ਖ਼ਰਾਬ ਕਰਨ ਵਿਚ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਸਨ। ਇਹ ਬੇਵਫਾਈ, ਬੇਸ਼ੁਦਰੇਪਣ ਤੇ ਅਕ੍ਰਿਤ ਘਣਤਾ ਦੀ ਜਿਉਂਦੀ ਜਾਗਦੀ ਮਿਸਾਲ ਸੀ। ਲੋਹਗੜ੍ਹ ਦੀ ਲੜਾਈ ਵਿਚ ਨਜ਼ਦੀਕ ਇਲਾਕਿਆਂ ਦੇ ਹਿੰਦੂ ਰਾਜਿਆਂ ਨੇ ਮੁਗਲ ਸੈਨਾ ਰਲਕੇ, ਸਾਨੂੰ ਲੋਹਗੜ੍ਹ ਕਿਲ੍ਹੇ ਵਿਚੋਂ ਨਿਕਲਣ ਲਈ ਮਜ਼ਬੂਰ ਕੀਤਾ। ਗੁਰਦਾਸ ਨੰਗਲ ਵਿਚ ਵੀ ਉਹਨਾਂ ਘੱਟ ਨਹੀਂ ਕੀਤੀ। ਉਥੇ ਵੀ ਸੰਤੋਖ ਰਾਏ ਨੇ ਸਿੱਖ ਫੌਜਾਂ ਦੀ ਮੁਖਬਰੀ ਕਰਕੇ ਉਹਨਾਂ ਦਾ ਵਧ ਤੋਂ ਵਧ ਨੁਕਸਾਨ ਕੀਤਾ।

ਇਹ ਵੀ ਇਕ ਹਕੀਕਤ ਹੈ ਕਿ ਰਾਜਸਥਾਨ ਦੇ ਰਾਜਪੂਤਾਂ ਜੇਕਰ ਉਸ ਵਕਤ ਸਿੱਖ ਸੈਨਾ ਦਾ ਸਾਥ ਦਿੰਦੇ ਤਾਂ ਉੱਤਰੀ ਭਾਰਤ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ। ਜੇਕਰ ਰਾਜਪੂਤ ਰਾਜੇ ਉਸ ਵਕਤ ਮੁਗ਼ਲ ਫੌਜ ਦਾ ਸਾਥ ਨਾ ਦਿੰਦੇ ਤਾਂ ਮੁਗਲ ਫੌਜ ਦੀ ਤਾਕਤ ਅੱਧੀ ਰਹਿ ਜਾਣੀ ਸੀ। ਅਸੀਂ ਵੀ ਮੁੜ ਪੰਜਾਬ ਉੱਤੇ ਕਬਜ਼ਾ ਕਰ ਲੈਣਾ ਸੀ ਤੇ ਰਾਜਪੂਤਾਂ ਹੱਥੋਂ ਮੁਗ਼ਲਾਂ ਨੂੰ ਸ਼ਿਕੱਸਤ ਹੋਣ ਦਾ ਪੂਰਾ ਖ਼ਦਸ਼ਾ ਸੀ। ਬੇਇਤਫਾਕੀ ਨੇ ਸਾਡੇ ਮੁਲਕ ਦਾ ਬੇਹਿਸਾਬਾ ਨੁਕਸਾਨ ਕੀਤਾ ਹੈ। ਇਸ ਲਈ ਰਾਜਪੂਤਾਂ ਨੇ ਆਪਣਾ ਠੇਠ ਛੱਡ ਦਿੱਤਾ ਸੀ। ਉਹਨਾਂ ਨੇ ਮੁਗ਼ਲਾਂ ਨਾਲ ਸਮਝੌਤਾ ਕਰ ਲਿਆ ਸੀ। ਇਹ ਕਿਸ ਕਿਸਮ ਦੀ ਕੌਮ ਪ੍ਰਸਤੀ ਹੈ? ਰਾਜਪੂਤਾਂ ਨੇ ਆਪਣੀਆਂ ਹਕੂਮਤਾਂ ਬਚਾਉਣ ਲਈ ਆਪਣੀਆਂ ਭੈਣਾਂ ਤੇ ਬੇਟੀਆਂ ਦੇ ਰਿਸ਼ਤੇ ਮੁਗ਼ਲਾਂ ਨਾਲ ਕੀਤੇ

ਸਨ। ਪਰ ਮੈਂ ਅਜਿਹੇ ਕੌਮੀ ਸਮਰਪਣ ਨਾਲ ਕੱਤਈ ਸਹਿਮਤ ਨਹੀਂ ਸੀ। ਮੇਰੇ ਵਿਚ ਵੀ ਰਾਜਪੂਤੀ ਖ਼ੂਨ ਸੀ ਤੇ ਉੱਪਰੋਂ ਮੇਰੇ ਸਤਿਗੁਰੂ ਦੀ ਅਪਾਰ ਕਿਰਪਾ। ਜੇਕਰ ਮਰਹੱਟੇ, ਰਾਜਪੂਤ ਤੇ ਸਿੱਖ ਰਲ ਮਿਲ ਕੇ, ਸਲਾਹ ਮਸ਼ਵਰੇ ਨਾਲ ਚਲੇ ਹੁੰਦੇ ਤਾਂ ਹਿੰਦੋਸਤਾਨ ਵਿਚੋਂ ਮੁਗ਼ਲ ਰਾਜ ਦੀ ਸਫਾ ਵਲੇਟੀਆਂ ਜਾਣੀਆਂ ਸਨ। ਜੰਗਲ ਦੀਆਂ ਗਾਵਾਂ ਵਾਂਗ ਅਸੀਂ ਅਲੱਗ ਅਲੱਗ ਸ਼ੇਰ ਨਾਲ ਜੂਝਦੇ ਰਹੇ ਤੇ ਨਤੀਜਾ ਨਿਕਲਿਆਂ ਸਭਨਾਂ ਦੀ ਤਬਾਹੀ। ਇਹੀ ਹਾਲ ਸਾਡਾ ਹੋਇਆ ਸੀ। ਇਹਨਾਂ ਮੁਗ਼ਲਾਂ, ਪਠਾਣਾਂ, ਤੁਰਕਾਂ ਤੇ ਹੋਰ ਜਰਵਾਣਿਆਂ ਨੇ ਸਾਡੀ ਬੇਇਤਫਾਕੀ ਤੇ ਥੋਥੀ ਹੈਂਕੜਬਾਜੀ ਕਾਰਨ ਸਾਨੂੰ ਪਿਛਲੀਆਂ ਸੱਤ ਸਦੀਆਂ ਤੋਂ ਲਗਾਤਾਰ ਲੁਟਿਆ ਹੈ। ਗੁਰੂ ਜੀ ਨੇ ਮੈਨੂੰ ਇਹਨਾਂ ਜਰਵਾਣਿਆਂ ਤੇ ਲੁਟੇਰਿਆਂ ਨੂੰ ਮਾਰ ਮੁਕਾਉਣ ਲਈ ਪੰਜਾਬ ਵਲ ਭੇਜਿਆ ਸੀ। ਸਾਡੀ ਸੰਗਦਿਲੀ ਸੋਚ ਹੀ ਸਾਡੀ ਬਰਬਾਦੀ ਤੇ ਸ਼ਿਕਸਤ ਦਾ ਕਾਰਨ ਬਣਦੀ ਰਹੀ।

ਜਦੋਂ ਤੋਂ ਬਹਾਦਰ ਸ਼ਾਹ ਤੇ ਫਾਰੁਖਸੀਅਰ ਆਪਣੀ ਸ਼ਾਹੀ ਲੌ-ਲਸ਼ਕਰ ਵਾਲੀਆਂ ਲੱਖਾਂ ਦੀਆਂ ਫੌਜਾਂ ਲੈ ਕੇ ਸਾਡੇ ਵਿਰੁੱਧ ਆ ਖੜ੍ਹੇ ਹੋਏ ਤਾਂ ਸਾਡੇ ਪੈਰ ਉਖੜਨੇ ਸ਼ੁਰੂ ਹੋ ਗਏ। ਸਾਡੇ ਕੋਲ ਖਾਲੀ ਕਿਰਪਾਨਾਂ, ਭਾਲੇ ਤੇ ਤੀਰ ਸਨ ਤੇ ਉਹਨਾਂ ਕੋਲ ਤੋਪਾਂ, ਬੰਦੂਕਾਂ ਤੇ ਖ਼ਤਰਨਾਕ ਅਗ ਲਾਊ ਅਸਲਾ ਸੀ। ਉਹਨਾਂ ਕੋਲ ਤੇਜ਼ ਤਰਾਕ ਅਰਬੀ ਘੋੜੇ ਤੇ ਸਾਡੇ ਸਿੰਘ ਪੈਦਲ ਹੀ ਲੜਾਈ ਦੇ ਮੈਦਾਨ ਵਿਚ ਜੂਝਦੇ ਸਨ। ਸਾਡੇ ਕੋਲ ਵੀ ਘੋੜੇ ਸਨ ਪਰ ਲੋੜ ਨਾਲੋਂ ਕਾਫੀ ਘੱਟ। ਨੰਦੇੜ ਵਿਖੇ ਹੀ ਮੈਂ ਗੁਰੂ ਜੀ ਨਾਲ ਸੰਭਾਵਤ ਗੁਰੀਲਾ ਜੰਗ ਬਾਰੇ ਗਲਬਾਤ ਕੀਤੀ ਸੀ। ਗੁਰੂ ਜੀ ਨੇ ਵੀ ਅਜਿਹੀ ਜੰਗ ਦੀ ਲੋੜ ਵੇਲੇ ਹਮਾਇਤ ਕੀਤੀ ਸੀ। ਇਸ ਗੁਰੀਲਾ ਨੀਤੀ ਅਨੁਸਾਰ ਅਗੇ ਭਾਰੀ ਫੌਜ ਵੇਖਕੇ ਪਿੱਛੇ ਹਟਣ ਦਾ ਫੈਸਲਾ ਕਰਦਾ ਤਾਂ ਮੇਰੇ ਕਈ ਸਲਾਹਕਾਰ, ਖ਼ਾਸ ਕਰਕੇ ਬਾਬਾ ਬਿਨੋਦ ਸਿੰਘ ਤੇ ਕਾਹਨ ਸਿੰਘ ਮੇਰੀ ਡਟਕੇ ਵਿਰੋਧਤਾ ਕਰਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਸਾਨੂੰ ਦੌੜਨ ਦੀ ਜਗਾ ਦੁਸ਼ਮਣ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ। ਸਮਝੌਤੇ ਵਿਚ ਸਾਨੂੰ ਕਾਫੀ ਕੁਝ ਹਾਸਿਲ ਹੋ ਸਕਦਾ ਹੈ ਤੇ ਅਸੀਂ ਹੋਣ ਵਾਲੇ ਨੁਕਸਾਨ ਤੋਂ ਸੁਰਖ਼ਰੂ ਹੋ ਸਕਦੇ ਹਾਂ। ਪਰ ਮੈਂ ਅਜਿਹੀ ਨੀਤੀ ਨਾਲ ਕਦੀ ਵੀ ਸਹਿਮਤ ਹੋਇਆ। ਇਹ ਬਾਬਿਆਂ ਦਾ ਜੱਥਾ ਬਧੋਰੁਤੀ ਮੇਰੇ ਨਾਲ ਤੁਰ ਪੈਂਦਾ ਪਰ ਅੰਦਰੋਂ ਇਹ ਮੇਰੇ ਨਾਲ ਸਹਿਮਤ ਨਹੀਂ ਸਨ। ਇਸ ਲਈ ਹੌਲੀ-ਹੌਲੀ ਸਾਡੀ ਖ਼ਾਲਸਾ ਫੌਜ ਵਿਚ ਧੜੇਬਾਜ਼ੀ ਸ਼ੁਰੂ ਹੋ ਗਈ। ਇਹ ਕਲੇਸ਼ ਦਿਨੋ ਦਿਨ ਵੱਧਣ ਲਗਾ। ਬਾਜ਼ ਸਿੰਘ ਤੇ ਫਤਹਿ ਸਿੰਘ ਵੀ ਭਾਵੇਂ ਮੇਰੇ ਪਕੇ ਸਮਰਥਕ ਸਨ, ਹੌਲੀ-ਹੌਲੀ ਬਾਬਿਆਂ ਦੀ ਬੋਲੀ ਬੋਲਣ ਲਗੇ। ਇਸ ਬੇਇਤਫਾਕੀ ਨਾਲ ਸਾਡੀ ਸਮੁੱਚੀ ਤਾਕਤ ਘੱਟਣ ਲਗੀ। ਇਸ ਨਾਲ ਮੇਰੀ ਦ੍ਰਿੜਤਾ ਤੇ ਇਕਾਗਰਤਾ ਵੀ ਭੰਗ ਹੋਈ।

ਜਦੋਂ ਅਸੀਂ ਸਰਹੰਦ ਫਤਹਿ ਕਰਨ ਲਈ ਚਪੜ ਚਿੜੀ ਦੇ ਮੈਦਾਨ ਵਿਚ ਇਕੱਤਰ ਹੋਏ ਸੀ ਤਾਂ ਮੇਰੇ ਪਿਆਰੇ ਹਾਲੇ ਵੀ ਮੈਨੂੰ ਹੋਰ ਇੰਤਜ਼ਾਰ ਕਰਨ ਲਈ ਮਸ਼ਵਰੇ ਦੇ ਰਹੇ

ਸਨ। ਉਹਨਾਂ ਨੂੰ ਸਰਹੰਦ ਦੀਆਂ ਮੁਗਲ ਫੌਜਾਂ ਕੋਲੋਂ ਡਰ ਲਗ ਰਿਹਾ ਸੀ। ਵਜ਼ੀਰ ਖ਼ਾਨ ਖ਼ੁਦ ਵੀ ਇਕ ਸਫ਼ਲ ਜਰਨੈਲ ਤੇ ਯੋਧਾ ਸੀ। ਉਸਨੂੰ ਦਿੱਲੀ ਦਰਬਾਰ ਵਲੋਂ ਹਰ ਸੰਭਵ ਮਦਦ ਮਿਲੀ ਹੋਈ ਸੀ। ਪਰ ਮੈਂ ਡੱਟਣ ਦਾ ਪੂਰਾ ਇਰਾਦਾ ਧਾਰ ਲਿਆ ਸੀ। ਮੇਰੇ ਸਲਾਹਕਾਰ ਅਜੇ ਦੋਚਿਤੀ ਵਿਚ ਸਨ। ਪਰ ਚਾਣਚੱਕ ਜਦੋਂ ਮਾਝੇ ਸਿੰਘਾਂ ਦਾ ਪੰਜ ਹਜ਼ਾਰ ਦਾ ਜੱਥਾ ਸਾਡੇ ਵਿਚ ਆ ਰੱਲਿਆ ਤਾਂ ਮੇਰੇ ਸਲਾਹਕਾਰ ਵੀ ਲੜਨ ਮਰਨ ਲਈ ਤਿਆਰ ਹੋ ਗਏ। ਮੇਰਾ ਹੌਂਸਲਾ ਹੋਰ ਬੁਲੰਦ ਹੋਇਆ ਇਸੇ ਦੌਰਾਨ ਇਕ ਹਿੰਦੂਆਂ ਤੇ ਮੁਸਲਮਾਨਾਂ ਦੀ ਫੌਜ ਦਾ ਇਕ ਹੋਰ ਦਸਤਾ ਜਿਸ ਵਿਚ ਹਜ਼ਾਰ ਕੁ ਹਥਿਆਰ ਬੰਦ ਸਿਪਾਹੀ ਸਨ, ਸਾਡੀ ਫੌਜ ਵਿਚ ਆ ਰਲਿਆ। ਉਹਨੀਂ ਦਿਨੀਂ ਮੁਸਲਮਾਨ, ਜੋ ਕਿ ਵਧੇਰੇ ਪਠਾਣ ਸਨ ਸਾਡੀ ਫੌਜ ਵਲੋਂ ਵੀ ਮੁਗ਼ਲ ਫੌਜ ਵਿਰੁੱਧ ਲੜਨ ਆ ਜਾਂਦੇ ਸਨ। ਅਸਾਂ ਉਹਨਾਂ ਨੂੰ ਆਪਣੀ ਪਛਾਣ ਦੇਣ ਲਈ ਕਿਹਾ ਤਾਂ ਉਹਨਾਂ ਦਾ ਸਰਦਾਰ ਬੋਲਿਆ, ਅਸੀਂ ਸਿੰਘ ਜੀ ਸਰਹੰਦ ਤੋਂ ਆਏ ਹਾਂ। ਵਜ਼ੀਰ ਖਾਨ ਤੇ ਸੁੱਚਾ ਨੰਦ ਨੇ ਸਾਡੇ ਉੱਪਰ ਬੇਸ਼ੁਮਾਰ ਜ਼ੁਲਮ ਕੀਤੇ ਹਨ। ਮੈਂ ਦੀਵਾਨ ਸੁੱਚਾ ਨੰਦ ਦਾ ਭਜੀਤਾ ਗੰਡਾ ਮਲ ਆਪਣੇ ਇਕ ਹਜ਼ਾਰ ਹਿੰਦੂ ਸਿਪਾਹੀਆਂ ਨੂੰ ਨਾਲ ਲੈਕੇ, ਵਜ਼ੀਰ ਖ਼ਾਨ ਦੀਆਂ ਫੌਜਾਂ ਵਿਚੋਂ ਬਗਾਵਤ ਕਰਕੇ ਆਪਦੀ ਫੌਜ ਵਿਚ ਸ਼ਾਮਿਲ ਹੋਕੇ, ਵਜ਼ੀਰ ਖਾਨ ਵਿਰੁੱਧ ਜੂਝਣ ਲਈ ਆਇਆ ਹਾਂ। ਅਸੀਂ ਵਜ਼ੀਰ ਖਾਨ ਤੇ ਸੁੱਚਾ ਨੰਦ ਨੂੰ ਸਬਕ ਸਿਖਾਣ ਆਏ ਹਾਂ। ਮੇਰੇ ਸਿੰਘਾਂ ਨੇ ਉਹਨਾਂ ਉਪਰ ਇਤਬਾਰ ਕਰ ਲਿਆ ਤੇ ਇਸ ਦਸਤੇ ਨੂੰ ਆਪਣੀ ਫੌਜ ਵਿਚ ਸ਼ਾਮਲ ਕਰਕੇ ਬਹੁਤ ਪ੍ਰਸੰਨ ਹੋਏ। ਪਰ ਮੈਨੂੰ ਇਸ ਗੰਡਾ ਮਲ ਦੀ ਕਹਾਣੀ ਉਪਰ ਇਤਬਾਰ ਨਹੀਂ ਸੀ। ਇਸ ਲਈ ਮੈਂ ਉਹਨਾਂ ਨੂੰ ਮੋੜਨ ਦੀ ਜਗਾ, ਉਹਨਾਂ ਨੂੰ ਆਪਣੀ ਫੌਜ ਦੇ ਸਭ ਤੋਂ ਪਿਛਲੇ ਪਾਸੇ ਭੇਜ ਦਿੱਤਾ।

ਜਦੋਂ ਯੁੱਧ ਸ਼ੁਰੂ ਹੋਇਆ ਤਾਂ ਸਾਡੇ ਤੋਪਚੀਆਂ ਸ਼ਾਹੀ ਫੌਜ ਦੇ ਹਾਥੀਆਂ ਉਪਰ ਗੋਲੇ ਵਰਾਉਣੇ ਸ਼ੁਰੂ ਕਰ ਦਿੱਤੇ ਤਾਂ ਹਾਥੀਆਂ ਨੇ ਇਧਰ ਉਧਰ ਭਜਣਾ ਸ਼ੁਰੂ ਕਰ ਦਿੱਤਾ। ਇਸ ਵੇਲੇ ਸ਼ਾਹੀ ਫੌਜ ਦੇ ਤੋਪਚੀਆਂ ਵੀ ਗੋਲੇ ਵਰਾਉਣੇ ਸ਼ੁਰੂ ਕਰ ਦਿੱਤੇ। ਸਾਡੇ ਸਿੰਘਾਂ ਨੂੰ ਵਾਪਿਸ ਆਕੇ ਝਿੜੀ ਵਿਚ ਰੁੱਖਾਂ ਦੀ ਆੜ ਲੈਣੀ ਪੈ ਗਈ। ਉਧਰੋਂ ਸ਼ਾਹੀ ਫੌਜਾਂ ਦੀ ਘੋੜ ਫੌਜ ਵੀ ਬੜੀ ਤੇਜ਼ੀ ਨਾਲ ਅਗੇ ਵੱਧਣ ਲਗੀ। ਉਸ ਵੇਲੇ ਸਾਡੀਆਂ ਫੌਜਾਂ ਵਿਚ ਭਗਦੜ ਮਚ ਗਈ। ਐਨ ਉਸ ਵਕਤ, ਗੰਡਾ ਮਲ ਦੀ ਫੌਜ ਨੇ ਵੀ ਪਿੱਛੇ ਵਲ ਦੌੜਨਾ ਸ਼ੁਰੂ ਕਰ ਦਿੱਤਾ। ਇਸ ਵਕਤ ਸਾਡੀਆਂ ਫੌਜਾਂ ਵੀ ਘਬਰਾਹਟ ਵਿਚ ਸਨ। ਉਸ ਵੇਲੇ ਮੈਂ ਟਿੱਬੀ ਉਪਰ ਖੜਾ ਸੀ। ਮੈਂ ਵਕਤ ਨੂੰ ਸੰਭਾਲਦੇ ਹੋਏ ਬਿਜਲੀ ਵਾਂਗ ਸ਼ਾਹੀ ਫੌਜਾਂ ਵਲ ਵਧਿਆ। ਮੈਨੂੰ ਵੇਖਕੇ ਮੇਰੇ ਸਿੰਘ ਫਿਰ ਕਾਇਮ ਹੋ ਕੇ ਅਗੇ ਵਧਣ ਲਗੇ। ਇਸੇ ਹੀ ਵੇਲੇ ਬਾਜ਼ ਸਿੰਘ, ਤੇ ਫਤਹਿ ਸਿੰਘ ਨੇ ਵਜ਼ੀਰ ਖਾਨ ਦੇ ਹਾਥੀ ਨੂੰ ਘੇਰਾ ਪਾ ਲਿਆ। ਵਜ਼ੀਰ ਖਾਨ ਉੱਤੇ ਬੈਠਾ ਸਿੰਘਾਂ ਨੂੰ ਕੁੱਤੇ ਬਿਲੇ ਕਹਿ ਰਿਹਾ ਸੀ। ਅਸੀਂ ਫੌਰਨ ਉਸ ਉਪਰ ਝੱਪਟ ਪਏ ਤੇ ਉਸਨੂੰ ਹਾਥੀ ਉਪਰੋਂ ਹੇਠ

ਲਾਹ ਲਿਆ ਤੇ ਬਾਜ ਸਿੰਘ ਨੇ ਉਸਦਾ ਸਿਰ ਕਲਮ ਕਰ ਦਿੱਤਾ। ਮੈਂ ਉਸਨੂੰ ਸ਼ਾਬਾਸ ਦਿੱਤੀ। ਇਸ ਕਥਾ ਨੂੰ ਬਿਆਨ ਕਰਨ ਦਾ ਮੰਤਵ ਇਹ ਹੈ ਕਿ ਹਿੰਦੂ ਨੇ ਸਾਡਾ ਸਾਥ ਦੇਣ ਦੀ ਜਗ੍ਹਾ, ਸਾਡੀ ਹਸਤੀ ਨੂੰ ਮਿਟਾਉਣ ਦੀ ਕੋਸ਼ਿਸ ਕੀਤੀ। ਗੰਡਾ ਮਲ ਦੀ ਕਰਤੂਤ ਮੈਂ ਕਦੀ ਨਹੀਂ ਭੁਲਿਆ। ਇਕ ਵਾਰੀ ਤਾਂ ਇਹਨਾਂ ਪਾਜੀਆਂ ਦੇ ਮੈਦਾਨ ਛੱਡਣ ਕਾਰਨ, ਸਾਡੀ ਫੌਜ ਵਿਚ ਘਬਰਾਹਟ ਤੇ ਭਗਦੜ ਮੱਚ ਗਈ ਸੀ। ਅਸੀਂ ਬੜੀ ਮੁਸ਼ਕਿਲ ਨਾਲ ਇਹ ਵੇਲਾ ਸੰਭਾਲਿਆ। ਮੇਰੇ ਸਿੰਘ ਸੁੱਚਾ ਨੰਦ ਜੋ ਕਿ ਸਾਡੇ ਨਾਲ ਲੜਨ ਮੈਦਾਨ ਵਿਚ ਆਇਆ ਸੀ। ਉਸਨੂੰ ਘੇਰਨ ਲਈ.ਉਸਦੇ ਸਾਹਮਣੇ ਗਏ ਤਾਂ ਉਹ ਤਾਂ ਬਹੁਤ ਹੀ ਬੁਜ਼ਦਿਲ ਨਿਕਲਿਆ। ਉਹ ਬਿਨਾਂ ਲੜਨ ਤੋਂ ਪਿੱਛੇ ਵਲ ਭਜਕੇ ਸਰਹੰਦ ਜਾ ਵੜਿਆ। ਵਜ਼ੀਰ ਖਾਨ ਵਾਂਗ ਖ਼ਾਲਸਾ ਫੌਜ ਨੇ ਉਹਨੂੰ ਜੋਕਿ ਇਕ ਹਵੇਲੀ ਵਿਚ ਜਾ ਕੇ ਲੁਕ ਗਿਆ ਸੀ, ਉਥੇ ਜਾ ਫੜਿਆ ਤੇ ਉਹ ਨੂੰ ਡਾਹਢਾ ਜ਼ਲੀਲ ਕਰਕੇ ਮਾਰ ਮੁਕਾਇਆ।

ਕੁਝ ਗਲਾਂ ਮੈਨੂੰ ਨੰਦੇੜ ਵਿਖੇ ਵੀ ਅਖਰਦੀਆਂ ਸਨ। ਜਦੋਂ ਸਤਿਗੁਰੂ ਜੀ ਨੇ ਮੈਨੂੰ ਗਲੇ ਲਗਾਕੇ, ਆਪਣੇ ਹੱਥੀਂ ਆਪਣਾ ਸਿੰਘ ਸਜਾਇਆ ਸੀ ਤੇ ਮੇਰਾ ਨਾਮ ਬੰਦਾ ਸਿੰਘ ਬਹਾਦਰ ਰੱਖਿਆ ਸੀ ਤਾਂ ਇਹ ਗਲ ਗੁਰੂ ਜੀ ਦੇ ਕੁਝ ਸਿੰਘਾਂ ਨੂੰ ਚੰਗੀ ਨਹੀਂ ਸੀ ਲਗੀ। ਭਾਵੇਂ ਮੈਂ ਉਹ ਬੋਲੀ ਸਹੀ ਤਰ੍ਹਾਂ ਨਹੀਂ ਬੋਲ ਸਕਦਾ ਸੀ ਜੋ ਗੁਰੂ ਦੇ ਸਿੰਘ ਆਮ ਤੌਰ ਤੇ ਬੋਲਦੇ ਸਨ। ਪਰ ਜਿਹੜੀ ਬੋਲੀ ਜੰਮੂ ਸੂਬੇ ਵਿਚ ਬੋਲੀ ਜਾਂਦੀ ਸੀ ਉਹ ਵੀ ਪੰਜਾਬੀ ਬੋਲੀ ਨਾਲ ਰਲਦੀ ਮਿਲਦੀ ਹੀ ਸੀ। ਬਾਕੀ ਮਹਾਂਰਾਸ਼ਟਰ ਵਿਚ ਆਉਣ ਤੋਂ ਪਹਿਲਾਂ ਮੈਂ ਛੇ ਸੱਤ ਸਾਲ ਪੰਜਾਬ ਵਿਚ ਹੀ ਘੁੰਮਦਾ ਫਿਰਦਾ ਰਿਹਾ ਸੀ। ਇਸ ਲਈ ਮੈਨੂੰ ਪੰਜਾਬੀ ਬੋਲਣੀ ਵੀ ਆਉਂਦੀ ਤੇ ਸਮਝਣੀ ਵੀ। ਥੋੜ੍ਹਾ ਬਹੁਤਾ ਫਰਕ ਤਾਂ ਹਰੇਕ ਪੱਚੀ ਤੀਹ ਕੋਹ ਤੇ ਪੈ ਹੀ ਜਾਂਦਾ ਹੈ। ਗੁਰੂ ਜੀ ਵੀ ਮਲਵਈਆਂ ਜਾਂ ਮਝੈਲਾਂ ਵਾਂਗ ਹੀ ਬੋਲਦੇ ਸਨ। ਉਹਨਾਂ ਦੀ ਬੋਲੀ ਵਿਚ ਸਾਧ ਭਾਸ਼ਾ ਦਾ ਵੀ ਕੁਝ ਅੰਸ਼ ਸੀ ਪਰ ਮਿਲਾ ਜੁਲਾਕੇ ਅਸੀਂ ਸਾਰੇ ਇਕ ਦੂਜੇ ਨੂੰ ਚੰਗੀ ਤਰ੍ਹਾਂ ਸਮਝਦੇ ਸੀ। ਬਹੁਤ ਸਮਾਂ ਨੰਦੇੜ ਤੇ ਨਾਸਿਕ ਦੇ ਆਸ ਪਾਸ ਰਹਿਣ ਕਰਕੇ ਮੈਂ ਮਰਾਠੀ ਵੀ ਅਸਾਨੀ ਨਾਲ ਬੋਲ ਲੈਂਦਾ ਸੀ। ਸੋ ਬੋਲੀ ਦਾ ਕੋਈ ਮਸਲਾ ਨਹੀਂ ਸੀ।

ਗੁਰੂ ਜੀ ਦੇ ਨਜ਼ਦੀਕੀ ਸਿੰਘ, ਜਿੰਨਾਂ ਨੇ ਅਭੀ ਨਭੀ ਵੇਲੇ ਗੁਰੂ ਜੀ ਦਾ ਸਾਥ ਦਿੱਤਾ ਸੀ ਤੇ ਉਹਨਾਂ ਨਾਲ ਮੁਗ਼ਲਾਂ ਖ਼ਿਲਾਫ ਯੁੱਧ ਲੜੇ ਸਨ, ਉਹ ਵੀ ਗੁਰੂ ਜੀ ਵਲੋਂ ਵਿਸ਼ੇਸ਼ ਕ੍ਰਿਪਾ ਗ੍ਰਹਿਣ ਕਰਨੀ ਆਪਣਾ ਹੱਕ ਸਮਝਦੇ ਸਨ। ਬਾਬਾ ਬਿਨੋਦ ਤੇ ਕਾਹਨ ਸਿੰਘ ਆਪਣੇ ਗੁਰੂ ਖਾਨਦਾਨ ਦੇ ਪਿਛੋਕੜ ਦਾ ਅਕਸਰ ਜ਼ਿਕਰ ਕਰਦੇ ਸਨ। ਇਸੇ ਕਰਕੇ ਬਹੁਤੇ ਸਿੰਘ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ। ਗੁਰੂ ਜੀ ਖ਼ੁਦ ਵੀ ਬਾਬਾ ਜੀ ਨੂੰ ਸਤਿਕਾਰ ਵਜੋਂ ਆਪਣੇ ਆਸ ਪਾਸ ਹੀ ਰੱਖਦੇ ਸਨ। ਸ਼ਾਇਦ ਇਸੇ ਕਰਕੇ ਉਹ ਦਿਲ ਹੀ ਦਿਲ ਵਿਚ ਉਮੀਦ ਰੱਖਦੇ ਸਨ ਕਿ ਗੁਰੂ ਜੀ ਤੋਂ ਬਾਅਦ ਪੰਥ ਦੀ ਵਾਗਡੋਰ ਉਹਨਾਂ ਨੂੰ ਵੀ ਸੌਂਪੀ ਜਾਵੇਗੀ। ਉਹ ਤਰੇਹਨ ਖਤਰੀ ਸਨ ਅਤੇ

ਦੂਜੇ ਸਤਿਗੁਰੂ ਵੀ ਇਸੇ ਬਰਾਦਰੀ ਵਿਚੋਂ ਸਨ। ਪਰ ਸਚ ਮੁੱਚ ਹੀ ਗੁਰੂ ਅੰਗਦ ਦੇਵ ਜੀ ਦੇ ਜਾਨਸੀਨ ਸਨ, ਇਸ ਬਾਰੇ ਪੁਖਤਾ ਤੌਰ ਤੇ ਕੋਈ ਨਹੀਂ ਸੀ ਜਾਣਦਾ। ਇਹ ਸਤਿਗੁਰੂ ਜੀ ਨੇ ਹੀ ਆਪਣੇ ਜਾਨਸ਼ੀਨ ਦੀ ਚੋਣ ਕਰਨੀ ਸੀ। ਪਰ ਬਾਬਿਆਂ ਦਾ ਇਹ ਭੁਲੇਖਾ ਗੁਰੂ ਜੀ ਨੇ ਆਪਣੇ ਹੁੰਦਿਆਂ ਹੀ ਕੱਢ ਦਿੱਤਾ ਸੀ। ਉਹਨਾਂ ਨੇ ਆਪਣੇ ਕਰ ਕੰਵਲਾਂ ਨਾਲ ਪੰਜ ਪੈਸਿਆਂ ਤੇ ਨਾਰੀਅਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ ਕੇ ਸਿੱਖਾਂ ਦਾ ਅਗਲਾ ਗੁਰੂ ਥਾਪਿਆ ਸੀ। ਕੋਈ ਦੇਹ ਧਾਰੀ ਗੁਰੂ ਦਾ ਝਮੇਲਾ ਮੁਕਾ ਦਿੱਤਾ ਸੀ.। ਦੂਜਾ ਪੰਥ ਦੀ ਅਗਵਾਈ ਲਈ ਉਹ ਬਿਹਤਰ ਜਾਣਦੇ ਸਨ। ਕਿ ਕੌਣ ਮੁਖੀ ਹੋਵੇਗਾ? ਉਹਨਾਂ ਨੇ ਆਪਣੇ ਤੌਰ ਤੇ ਆਪਣੇ ਪੁਰਾਣੇ ਸੇਵਕਾਂ ਨੂੰ ਵੀ ਪਰਤਾਇਆ ਪਰਖਿਆ ਹੋਵੇਗਾ। ਜਦੋਂ ਮੈਂ ਉਹਨਾਂ ਦੇ ਸੰਪਰਕ ਵਿਚ ਆਇਆ ਤਾਂ ਮੈਨੂੰ ਵੀ ਉਹਨਾਂ ਕਈ ਮਹੀਨੇ ਪਰਖਿਆ ਹੋਵੇਗਾ। ਇਸ ਲਈ ਅਖ਼ੀਰ ਵਿਚ ਜੇਕਰ ਉਹਨਾਂ ਮੇਰੇ ਸਿਰ ਤੇ ਹੱਥ ਰੱਖਿਆ ਤਾਂ ਕਿਸੇ ਵੀ ਤਰ੍ਹਾਂ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਰਹਿੰਦੀ। ਪਰ ਲਗਦਾ ਹੈ ਕਿ ਬਾਬਾ ਬਿਨੋਦ ਸਿੰਘ ਨੇ ਇਹ ਰੰਜਸ਼ ਹਮੇਸ਼ਾਂ ਆਪਣੇ ਦਿਲ ਵਿਚ ਰੱਖੀ ਤੇ ਭਵਿੱਖ ਵਿਚ ਉਸਦਾ ਕਈ ਮੌਕਿਆਂ ਤੇ ਇਜ਼ਹਾਰ ਕੀਤਾ। ਸ਼ਕ ਸ਼ੁਭਿਆਂ, ਨਫ਼ਰਤ ਨੂੰ ਜਿੰਨਾਂ ਮਰਜ਼ੀ ਛਿਪਾਕੇ ਰਖੋ, ਇਹ ਛਿਪਾਇਆ ਪੂਰੀ ਤਰ੍ਹਾਂ ਛਿਪਦੀਆਂ ਨਹੀਂ। ਵੇਲੇ ਕੁਵੇਲੇ ਆਪਣੀ ਹੋਂਦ ਦਾ ਝਲਕਾਰਾ ਪਾ ਜਾਂਦੀਆਂ ਹਨ।

ਜਦੋਂ ਅਸੀਂ ਸਰਹਿੰਦ ਸੂਬੇ ਦੇ ਕਿਸੇ ਪਰਗੰਨੇ ਉਪਰ ਹਮਲਾ ਕਰਕੇ, ਉਥੋਂ ਦੇ ਪਾਪੀਆਂ ਤੇ ਜ਼ਾਲਮਾਂ ਦਾ ਨਾਸ ਕਰਦੇ ਸਾਂ ਤਾਂ ਉਸ ਵੇਲੇ ਸਾਡੇ ਹੱਥ ਲੁਟਮਾਰ ਦੀ ਕਾਫੀ ਧੰਨ ਦੌਲਤ ਆ ਜਾਇਆ ਕਰਦੀ ਸੀ। ਮੈਂ ਆਪਣੇ ਸੁਭਾਅ ਮੁਤਾਬਿਕ ਇਸ ਮਾਲ ਵਿਚੋਂ ਅੱਧਾ ਗ਼ਰੀਬ ਗੁਰਬਿਆਂ ਵਿਚ ਹੀ ਵੰਡ ਦਿਆ ਕਰਦਾ ਸੀ। ਉਸ ਵੇਲੇ ਵੀ ਬਾਬਾ ਬਿਨੋਦ ਸਿੰਘ ਮੇਰੀ ਇਸ ਅਦਾ ਨਾਲ ਸਹਿਮਤ ਨਹੀਂ ਸੀ। ਉਸਦਾ ਵਿਚਾਰ ਸੀ ਕਿ ਅਜਿਹਾ ਸਾਰਾ ਮਾਲ ਸਾਨੂੰ ਕੋਲ ਰੱਖਣਾ ਚਾਹੀਦਾ ਹੈ। ਕਿਉਂਕਿ ਸਾਨੂੰ ਉਸ ਵਕਤ ਪਾਈ ਪਾਈ.ਦੀ ਲੋੜ ਸੀ। ਪਰ ਮੇਰੇ ਸਿੰਘ ਕੋਈ ਤਨਖ਼ਾਹ ਵਗੈਰਾ ਨਹੀਂ ਲੈਂਦੇ ਸਨ। ਉਹ ਵੀ ਆਪਣਾ ਘਰ ਬਾਹਰ ਟੱਬਰ ਟੋਰ ਛੱਡਕੇ ਮੇਰੇ ਪਾਸ ਆਏ ਸਨ। ਉਹਨਾਂ ਦੀ ਵੀ ਲੋੜ ਸੀ। ਮੈਂ ਉਹਨਾਂ ਦੀ ਲੋੜ ਪੂਰੀ ਕਰਦਾ ਸੀ ਤੇ ਉਹ ਅਗਲੀ ਮੁਹਿੰਮ ਵੇਲੇ ਬੜੇ ਉਤਸ਼ਾਹ ਨਾਲ ਲੜਦੇ ਸਨ। ਇਸ ਵਿਧੀ ਨਾਲ ਹੀ ਮੈਂ ਕਈ ਪਰਗਨਿਆਂ ਉਪਰ ਕਬਜਾ ਕੀਤਾ ਸੀ ਪਰ ਬਾਬੇ ਨਕ ਮੂੰਹ ਵਟੀ ਰੱਖਦੇ ਸਨ।

ਜਿਹੜਾ ਇਲਾਕਾ ਅਸੀਂ ਫਤਹਿ ਕਰ ਲੈਂਦੇ ਸੀ, ਉਸ ਦਾ ਪ੍ਰਬੰਧ ਕਰਨਾ ਵੀ ਸਾਡੀ ਜ਼ਿੰਮੇਵਾਰੀ ਸੀ। ਅਸੀਂ ਲੋਕਾਂ ਦੀ ਖਾਤਿਰ ਮੈਦਾਨ ਵਿਚ ਉਤਰੇ ਸੀ ਤੇ ਉਹਨਾਂ ਨੂੰ ਫਿਰ ਜ਼ਾਲਮਾਂ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ ਸੀ। ਜਦੋਂ ਪ੍ਰਬੰਧ ਲਈ ਕਿਸੇ ਸਿਰਕੱਢ ਸਿੰਘ ਦੀ ਡਿਊਟੀ ਲਗਾਉਂਦਾ ਤਾਂ ਇਹ ਬਾਬੇ ਮੇਰੇ ਨਾਲ ਮਤਭੇਦ ਰੱਖਦੇ ਸਨ। ਮੇਰੀ ਮਨਸਾ ਇਹ ਹੁੰਦੀ ਸੀ ਕਿ ਜਿਸ ਸਿੰਘ ਨੇ ਸਭ ਤੋਂ ਵੱਧ ਸੂਰਮਗਤੀ

ਵਿਖਾਈ ਹੋਵੇ, ਮੈਂ ਉਸੇ ਨੂੰ ਪ੍ਰਬੰਧਕ ਲਗਾਉਣ ਦਾ ਫੈਸਲਾ ਕਰਦਾ ਸੀ। ਪਰ ਇਹ ਲੋਕ ਮੇਰੇ ਫੈਸਲੇ ਨਾਲ ਘਟ ਹੀ ਸੰਤੁਸ਼ਟ ਹੁੰਦੇ ਸਨ। ਉਹ ਆਪਣੇ ਕਿਸੇ ਸਿਫਾਰਸ਼ੀ ਨੂੰ ਪ੍ਰਬੰਧਕ ਬਣਾਉਣਾ ਚਾਹੁੰਦੇ ਸਨ। ਪਰ ਕਿਉਂਕਿ ਆਖ਼ਰੀ ਫੈਸਲਾ ਮੇਰੇ ਹੱਥ ਹੁੰਦਾ ਸੀ, ਇਸ ਲਈ ਉਹਨਾਂ ਨੂੰ ਸ਼ਰੀਕਾਂ ਦੇ ਦਾਣੇ ਵਾਂਗ ਢਿੱਡ ਦੁਖਦਿਆਂ ਵੀ ਖਾਣਾ ਪੈਂਦਾ ਸੀ।

ਸਾਡੀ ਖ਼ਾਲਸਾ ਫੌਜ ਜਿਸ ਇਲਾਕੇ ਨੂੰ ਵੀ ਫਤਹਿ ਕਰਦੀ ਉਸਦੇ ਜ਼ਿਮੀਦਾਰਾਂ ਤੇ ਜਗੀਰਦਾਰਾਂ ਪਾਸੋਂ ਜ਼ਮੀਨ ਖੋਹ ਕੇ ਕਿਸਾਨਾਂ ਤੇ ਮੁਜ਼ਾਰਿਆਂ ਦੇ ਹਵਾਲੇ ਕਰ ਦਿੰਦੀ ਸੀ ਤੇ ਇਸ ਸੰਬੰਧੀ ਕਾਗਜ਼ਾਤ ਵੀ ਉਹਨਾਂ ਦੇ ਹਵਾਲੇ ਕਰ ਦਿੰਦੀ ਸੀ। ਕਲ ਜਿੰਨਾਂ ਦੀ ਸਮਾਜ ਜਾਂ ਪਿੰਡ ਵਿਚ ਕੋਈ ਵੁੱਕਤ ਨਹੀਂ ਸੀ ਉਹ ਮੇਰੇ ਹੁਕਮਾਂ ਨਾਲ ਮਾਲਿਕ ਬਣ ਜਾਂਦੇ ਸਨ। ਮੇਰੇ ਸਲਾਹਕਾਰਾਂ ਨੂੰ ਇਹ ਵੀ ਗਲ ਮੰਜ਼ੂਰ ਨਹੀਂ ਸੀ। ਉਹ ਇਹ ਜ਼ਮੀਨ ਜ਼ਿਮੀਦਾਰਾ ਪਾਸ ਹੀ ਰੱਖਣ ਦੇ ਚਾਹਵਾਨ ਸਨ ਤੇ ਇੰਨਾਂ ਨੂੰ ਸੁਧਾਰਨ ਦੀ ਇੱਛਾ ਰੱਖਦੇ ਸਨ। ਮੇਰੇ ਸਲਾਹਕਾਰਾਂ ਦੀ ਇਹ ਰਾਏ ਸੀ ਕਿ ਇਸ ਤਰ੍ਹਾਂ ਕਰਨ ਨਾਲ ਸਮਾਜ ਨਹੀਂ ਚਲ ਸਕਦਾ। ਮਜ਼ਾਰੇ ਤੇ ਕੰਮੀ ਲੋਕ ਸਰਕਾਰ ਨੂੰ ਸਹੀ ਢੰਗ ਨਾਲ ਮਾਲੀਆ ਜਾਂ ਲਗਾਣ ਨਹੀਂ ਦੇਣਗੇ ਜਾਂ ਫਿਰ ਹੇਰਾ ਫੇਰੀਆਂ ਕਰਨਗੇ। ਇਸ ਤਰ੍ਹਾਂ ਸਾਡੀ ਸਰਕਾਰ ਸਹੀ ਤਰ੍ਹਾਂ ਚਲ ਨਹੀਂ ਸਕੇਗੀ। ਪਰ ਮੈਂ ਇਸ ਰਾਏ ਨਾਲ ਕਦੀ ਵੀ ਸਹਿਮਤ ਨਹੀਂ ਹੁੰਦਾ ਸੀ ਕਿਉਂਕਿ ਮੈਂ ਬਚਪਨ ਵਿਚ ਖ਼ੁਦ ਜ਼ਿਮੀਦਾਰਾਂ ਨੂੰ ਆਪਣੇ ਮਜ਼ਾਰਿਆਂ ਨਾਲ ਵਧੀਕੀਆਂ ਕਰਦੇ ਵੇਖਿਆ ਸੀ ਪਰ ਮੇਰੇ ਸਲਾਹਕਾਰਾਂ ਨੂੰ ਸ਼ਾਇਦ ਇਹ ਜ਼ਾਤੀ ਤਜ਼ਰਬਾ ਨਹੀਂ ਸੀ। ਇਸ ਲਈ ਮੈਂ ਜ਼ਿਮੀਦਾਰੀ ਤੇ ਮਨਸੂਬੇਦਾਰੀ ਦੇ ਆਹੁਦੇ ਖ਼ਤਮ ਕਰ ਦਿੱਤੇ ਸਨ ਜੋ ਸਰਕਾਰ ਤੇ ਹਲਵਾਹਕ ਦਰਮਿਆਨ ਇਕ ਦਲਾਲ ਵਜੋਂ ਕੰਮ ਕਰਦੇ ਸਨ। ਬਟਾਈ ਦਾ ਸਿਸਟਮ ਖ਼ਤਮ ਕਰਕੇ ਕਾਨਕੂਤ ਦਾ ਸਿਸਟਮ ਸ਼ੁਰੂ ਕੀਤਾ ਗਿਆ। ਇਸ ਸਿਸਟਮ ਤਹਿਤ ਖੜੀ ਫਸਲ ਦਾ ਮੂਲ ਕਰਕੇ, ਸਰਕਾਰ ਦਾ ਹਿੱਸਾ ਰੁੱਪਈਆਂ ਵਿਚ ਨਿਸਚਤ ਕਰ ਦਿੱਤਾ ਜਾਂਦਾ ਸੀ। ਇਹ ਰਕਮ ਅਸੀਂ ਨਕਦ ਰੂਪ ਵਿਚ ਵਸੂਲਿਆ ਕਰਨੀ ਸੀ। ਪਰ ਮੇਰੇ 'ਖੈਰਖਾਹ' ਇਸ ਗਲੋਂ ਵੀ ਸਹਿਮਤ ਨਹੀਂ ਸਨ। ਉਹਨਾਂ ਦਾ ਇਹ ਵਿਚਾਰ ਸੀ ਕਿ ਇਹ ਸਕੀਮ ਅਮਲੀ ਰੂਪ ਵਿਚ ਕਾਮਯਾਬ ਨਹੀਂ ਹੋਵੇਗੀ। ਪਰ ਮੇਰੇ ਵਿਰੋਧੀਆਂ ਨੂੰ ਇਹ ਅੱਕ ਵੀ ਚਟਣਾ ਪਿਆ।

ਮੈਂ ਜੋ ਸਿੱਖ ਪੰਥ ਬਾਰੇ ਸਮਝ ਸਕਿਆ ਸੀ ਉਹ ਇਹ ਸੀ ਕਿ ਸਿੱਖ ਧਰਮ ਵਿਚ ਜਾਤਪਾਤ ਦਾ ਕੋਈ ਵਜੂਦ ਨਹੀਂ। ਪੰਜ ਪਿਆਰਿਆਂ ਨੇ ਜਾਤ ਪਾਤ ਦੇ ਵਖਰੇਵੇਂ ਨੂੰ ਸਦਾ ਲਈ ਮਿੱਟਾ ਦਿੱਤਾ ਸੀ। ਸਿੱਖ ਪੰਥ ਵਿਚ ਜਾਤ ਪਾਤ ਕੌਮ, ਕੁਨਬੇ ਤੇ ਬਰਾਦਰੀ ਦਾ ਕੋਈ ਚੱਕਰ ਨਹੀਂ ਸੀ। ਜਦੋਂ ਸਿੱਖ ਅੰਮ੍ਰਿਤ ਛੱਕਦੇ ਹਨ ਤਾਂ ਉਹ ਜਾਤਾਂ ਪਾਤਾਂ ਤੋਂ ਉਪਰ ਉੱਠ ਜਾਂਦੇ ਹਨ। ਉਹਨਾਂ ਦੀ ਕੋਈ ਜਾਤਪਾਤ ਜਾਂ ਕੁਨਬਾ ਨਹੀਂ ਰਹਿੰਦਾ। ਉਹਨਾਂ ਦਾ ਇਕੋ ਪਿਤਾ ਗੁਰੂ ਗੋਬਿੰਦ ਸਿੰਘ ਤੇ ਇਕੋ ਮਾਤਾ ਸਾਹਿਬ ਦੇਵਾ ਹੁੰਦੀ

ਸੀ। ਅੰਮ੍ਰਿਤ ਛੱਕ ਕੇ ਵੀ ਜੇਕਰ ਕੋਈ ਜਾਤਾਂ ਪਾਤਾਂ ਵਿਚ ਵਿਤਕਰੇ ਕਰਦਾ ਹੈ ਤਾਂ ਉਹ ਗੁਰੂ ਦਾ ਸਿੱਖ ਨਹੀਂ ਕੋਈ ਹੋਰ ਹੀ ਬਦਬਲਾ ਹੋਵੇਗੀ। ਮੈਂ ਗੁਰੂ ਜੀ ਦੇ ਪੂਰਨਿਆਂ ਉਪਰ ਚਲਕੇ ਅਖੌਤੀ ਨੀਵੀਆਂ ਜਾਤਾਂ ਤੇ ਗ਼ਰੀਬ ਗੁਰਬਿਆਂ ਨੂੰ ਸਰਦਾਰੀਆਂ ਮਾਲਕੀਆਂ ਤੇ ਚੌਧਰਾਂ ਬਖ਼ਸ਼ੀਆਂ ਅਤੇ ਜਦੋਂ ਵੀ ਅਸੀਂ ਕਿਸੇ ਕਿਸਾਨ ਜਾਂ ਮਜ਼ਾਰੇ ਨੂੰ ਮਾਲਕੀ ਦੇ ਕਾਗਜ਼ ਪੱਤਰ ਪੇਸ਼ ਕਰਦੇ ਤਾਂ ਪਿੰਡ ਦੇ ਸਭਨਾਂ ਲਈ ਇਹ ਜ਼ਰੂਰੀ ਸੀ ਕਿ ਉਹ ਇਸ ਮਾਲਕੀ ਨੂੰ ਤਸਲੀਮ ਕਰਨ। ਨਵੇਂ ਸਿਸਟਮ ਮੁਤਾਬਿਕ ਇਹ ਨਵੇਂ ਮਾਲਿਕ ਇਲਾਕੇ ਦੇ ਲੋਕਾਂ ਨਾਲ ਇਨਸਾਫ਼ ਕਰਨ ਦੇ ਪਾਬੰਦ ਸਨ। ਗੁਰੂ ਦੇ ਸਿੱਖ ਦਾ ਇਹ ਪਵਿੱਤਰ ਫਰਜ਼ ਹੈ ਕਿ ਉਹ ਆਪਣੀ ਅੰਤਰ ਆਤਮਾਂ ਨੂੰ ਸਨਮੁੱਖ ਰੱਖਕੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਵੇ, ਸਭ ਨਾਲ ਨਿਆਂ ਕਰੇ ਤੇ ਪਾਪੀਆਂ ਤੇ ਬੇਈਮਾਨਾ ਦਾ ਖ਼ਾਤਮਾਂ ਕਰੇ।

ਪਰ ਮੇਰੇ ਸਲਾਹਕਾਰਾਂ ਵਿਚ ਸਾਰੇ ਜਾਤਪਾਤ ਦੇ ਚੰਦਰੇ ਚੱਕਰ ਵਿਚੋਂ ਨਿਕਲਣ ਲਈ ਹਾਲੇ ਤਿਆਰ ਨਹੀਂ ਸਨ। ਬਾਬਿਆਂ ਦਾ ਟੋਲਾ ਤਾਂ ਜੋ ਆਪਣੇ ਆਪ ਨੂੰ ਤਰੇਹਨ ਖਤਰੀ ਤੇ ਸਰੇਸ਼ਟ ਤੇ ਸਵਰਨ ਜਾਤੀ ਅਖਵਾਉਂਦੇ ਸਨ, ਉਹ ਗੁਰੂ ਜੀ ਦੇ ਪੰਥ ਨੂੰ ਸਮਝਣ ਤੋਂ ਅਸਮਰਥ ਸਨ। ਉਹ ਤਾਂ ਗਲ ਗਲ ਵਿਚ ਆਪਣੀ ਜਾਤ ਗੋਤ ਦੀ ਚਰਚਾ ਕਰਨ ਦੇ ਆਦੀ ਸਨ। ਉਹ ਸੋਚਦੇ ਸਨ ਕਿ ਬੰਦਾ ਸਿੰਘ ਫਜ਼ੂਲ ਕੰਮੀਆਂ ਕਮੀਣਾਂ ਨੂੰ ਮਾਲਕੀਆਂ ਦੇ ਰਿਹਾ ਹੈ ਜੋ ਮਾਲਕੀ ਦੇ ਯੋਗ ਨਹੀਂ ਹਨ। ਇਸੇ ਆਧਾਰ ਤੇ ਉਹ ਉਸ ਜ਼ਿਮੀਦਾਰਾਂ ਨੂੰ ਕਾਇਮ ਰੱਖਣ ਦੇ ਹਾਮੀ ਸਨ। ਇਸੇ ਕਾਰਨ ਹੀ ਉਹ ਸਿੱਖ ਪੰਥ ਦੀ ਵਾਗਡੋਰ ਕਿਸੇ ਰਾਜਪੂਤ ਦੀ ਜਗ੍ਹਾ ਕਿਸੇ ਖਤਰੀ ਨੂੰ ਸੌਂਪਣ ਦੇ ਹਕ ਵਿਚ ਸਨ। ਜਦੋਂ ਅਸੀਂ ਲੋਹਗੜ੍ਹ ਦੇ ਕਿਲ੍ਹੇ ਵਿਚੋਂ ਨਿਕਲ ਕੇ ਬਾਹਰ ਜਾਣ ਲਗੇ ਅਤੇ ਸਾਡੀਆਂ ਸ਼ਿਕੋਸਤਾਂ ਦਾ ਦੌਰ ਸ਼ੁਰੂ ਹੋਇਆ, ਇਹਨਾਂ ਬਾਬਿਆਂ ਦੀ ਚੜ੍ਹ ਮਚ ਗਈ ਸੀ। ਇਸ ਵੇਲੇ ਇਹ ਚਾਹੁੰਦੇ ਸਨ ਕਿ ਅਸੀਂ ਮੁਗ਼ਲਾਂ ਨਾਲ ਸਮਝੌਤਾ ਕਰਕੇ, ਜਗੀਰਾਂ ਲੈ ਲਈਏ ਤੇ ਅਰਾਮ ਨਾਲ ਜੀਵਨ ਬਤੀਤ ਕਰੀਏ। ਪਰ ਮੇਰੇ ਲਈ ਮੁਗਲਾਂ ਨਾਲ ਸਮਝੌਤਾ ਕਰਨਾ ਨਿਰੀ ਮੌਤ ਸੀ। ਮੁਗ਼ਲ ਲੋਕ, ਝੂਠੇ ਸਮਝੌਤੇ ਕਰਦੇ ਸਨ। ਇਹਨਾਂ ਨੇ ਸਮਝੌਤਾ ਕਰਕੇ ਸਾਡੇ ਸਿੰਘਾਂ ਨੂੰ ਜਗੀਰ ਭੇਂਟ ਕਰਨੀਆਂ ਸਨ ਤੇ ਮਤਲਬ ਨਿਕਲਣ ਤੇ ਇਹ ਜਗੀਰਾਂ ਫਿਰ ਜ਼ਬਤ ਕਰ ਲੈਣੀਆਂ ਸਨ। ਮੁਗ਼ਲਾਂ ਦੀ ਬੇਵਫਾਈ ਤੇ ਕੁਫਰ ਬਚਨ ਕਰਨ ਦੇ ਕਈ ਕਿੱਸੇ ਮੈਂ ਪਹਿਲਾਂ ਹੀ ਸੁਣ ਚੁੱਕਿਆ ਸੀ। ਇਹਨਾਂ ਹਾਕਮਾਂ ਦਾ ਕੋਈ ਦੀਨ ਮਜ਼੍ਹਬ ਨਹੀਂ ਸੀ ਤੇ ਮੇਰੇ ਗੁਰੂ ਜੀ ਨੇ ਅਜਿਹੇ ਮਨਸੂਬਿਆਂ ਤੋਂ ਸੁਚੇਤ ਰਹਿਣ ਦੀ ਮੈਨੂੰ ਹਦਾਇਤ ਕੀਤੀ ਸੀ। ਇਸ ਲਈ ਮੈਂ ਆਪਣੀ ਖ਼ਾਲਸਾ ਪੰਚਾਇਤ ਦੀ ਇਹ ਤਜ਼ਵੀਜ਼ ਨਾ ਮੰਨੀ ਤੇ ਕਿਸੇ ਕਿਸਮ ਦੀ ਮੁਗ਼ਲਾਂ ਨਾਲ ਸੰਧੀ ਪੱਤਰ ਕਰਨ ਤੋਂ ਕੋਰਾ ਇਨਕਾਰ ਕਰ ਦਿੱਤਾ। ਮੇਰੇ ਸਲਾਹਕਾਰ ਮੇਰੇ ਇਸ ਫੈਸਲੇ ਨਾਲ ਨੱਕ ਮੂੰਹ ਵੱਟਣ ਲੱਗੇ ਪਰ ਮੈਂ ਤਾਂ ਗੁਰੂ ਜੀ ਦੇ ਬਚਨਾਂ ਤੇ ਫੁੱਲ ਚੜ੍ਹਾਉਣ ਲਈ ਠਾਣੀ ਹੋਈ ਸੀ।

ਚੜ੍ਹਦੇ ਸੂਰਜ ਨੂੰ ਸਭ ਸਲਾਮ ਕਰਦੇ ਹਨ। ਜਦੋਂ ਮੈਂ ਇਕ ਪਰਗੰਨੇ ਤੋਂ ਬਾਅਦ ਦੂਜਾ ਪਰਗੰਨਾ ਫਤਹਿ ਕਰ ਰਿਹਾ ਸੀ ਤਾਂ ਮੇਰੀ ਸਲਾਹਕਾਰ ਖ਼ਾਲਸਾ ਪੰਚਾਇਤ ਮੇਰੀ ਉਪਮਾਂ ਵਿਚ ਝੂਮ ਰਹੀ ਸੀ। ਮੇਰੀ ਕਿਸੇ ਸਲਾਹ ਜਾਂ ਨੀਤੀ ਨੂੰ ਉਥੱਲਣ ਦੀ ਇਹਨਾਂ ਵਿਚ ਹਿੰਮਤ ਨਹੀਂ ਸੀ। ਪਰ ਜਦੋਂ ਬਾਦਸ਼ਾਹੀ ਫੌਜਾਂ ਲਖਾਂ ਦੀ ਨਫਰੀ ਵਿਚ ਆ ਗਈਆਂ ਤਾਂ ਮੈਨੂੰ ਪਹਾੜਾਂ ਵਲ ਦੌੜਨਾ ਪਿਆ। ਮੈਨੂੰ ਤੇ ਮੇਰੀਆਂ ਫੌਜਾਂ ਨੂੰ ਮੈਦਾਨ ਛੱਡਕੇ ਦੌੜਨਾ ਪਿਆ ਤੇ ਹੋਰ ਕਈ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਇਸ ਸੂਰਤੇ ਹਾਲ ਨਾਲ ਮੇਰੇ ਕੁਝ ਸਲਾਹਕਾਰ ਸਹਿਮਤ ਨਹੀਂ ਸਨ। ਉਹ ਹੁਣ ਸਭ ਕੁਝ ਛੱਡ ਛੱਡਾਕੇ ਆਰਾਮ ਦੀ ਜ਼ਿੰਦਗੀ ਬਤੀਤ ਕਰਨਾ ਚਾਹੁੰਦੇ ਸਨ। ਪਰ ਮੇਰੇ ਲਈ ਇਹ ਆਰਾਮ ਨਹੀਂ, ਕਿਆਮਤ ਦੀ ਘੜੀ ਸੀ। ਸ਼ਾਇਦ ਉਹ ਨਿੱਤ ਦੀਆਂ ਲੜਾਈਆਂ ਤੋਂ ਉਕਤਾਅ ਗਏ ਸਨ ਤੇ ਹੁਣ ਅਰਾਮ ਤਲਬੀ ਦਾ ਜੀਵਨ ਬਸਰ ਕਰਨਾਂ ਚਾਹੁੰਦੇ ਸਨ। ਪਰ ਸਾਡੀ ਮੁਹਿੰਮ ਵਿਚ ਇਸਤਰ੍ਹਾਂ ਅਰਾਮ ਤਲਬੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਅਸੀਂ ਜ਼ੁਲਮ ਖ਼ਿਲਾਫ ਲੜ ਰਹੇ ਸਾਂ। ਜ਼ਾਲਿਮ ਬਹੁਤ ਜੋਰੂ ਤੇ ਜ਼ਾਬਿਰ ਸੀ। ਅਸੀਂ ਆਪਣੀ ਮੁਹਿੰਮ ਨੂੰ ਅੱਧ ਵਿਚਕਾਰ ਛੱਡਕੇ ਕਿਵੇਂ ਜਾਬਰ ਨਾਲ ਕੋਈ ਸੰਧੀ ਕਰ ਸਕਦੇ ਸੀ। ਸੰਧੀ ਦੀਆਂ ਤਜ਼ਵੀਜ਼ਾਂ ਹਰ ਰੋਜ਼ ਆ ਰਹੀਆਂ ਸਨ। ਪਰ ਇਹ ਸੰਧੀਆਂ ਨਹੀਂ ਸਾਜਿਸ਼ਾਂ ਸਨ। ਹੁਕਮਰਾਨ ਲੋਕ ਬਾਗੀਆਂ ਨੂੰ ਨਥ ਪਾਉਣ ਲਈ ਕਈ ਛੜਯੰਤਰ ਖੇਲਦੇ ਹਨ। ਇਹ ਉਹਨਾਂ ਦੀ ਕੁਟਲ ਨੀਤੀ ਦਾ ਇਕ ਹਿੱਸਾ ਹੁੰਦਾ ਹੈ। ਪਰ ਸਾਡੇ ਕੁਝ ਸਲਾਹਕਾਰ ਇਸ ਸਾਜਿਸ਼ ਨੂੰ ਬੇਨਕਾਬ ਕਰਨ ਦੇ ਅਸਮਰੱਥ ਸਨ। ਉਹ ਸਮਝਦੇ ਸਨ ਕਿ ਦੁਸ਼ਮਣ ਸਾਡੇ ਉਪਰ ਮਿਹਰਬਾਨ ਹੋ ਗਿਆ ਹੈ ਪਰੰਤੂ ਇਹ ਇਕ ਹੁਕਮਰਾਨੀ ਸਿਆਸਤ ਦਾ ਇਕ ਸ਼ਗੂਫਾਤੇ ਜੁਮਲਾ ਸੀ, ਜਿਸਨੂੰ ਮੇਰੇ ਸਾਥੀ ਸਮਝ ਨਹੀਂ ਰਹੇ ਸਨ।

ਮੇਰੇ ਸਤਿਗੁਰੂ ਨੇ ਮੇਰੀ ਇਕ ਹੋਰ ਡਿਊਟੀ ਲਗਾਈ ਹੋਈ ਸੀ। ਖਾਲੀ ਮੁਗ਼ਲਾਂ ਨੇ ਹੀ ਨਹੀਂ, ਸਗੋਂ ਪਹਾੜੀ ਹਿੰਦੂ ਰਾਜਿਆਂ ਨੇ ਵੀ ਗੁਰੂ ਜੀ ਨੂੰ ਬਹੁਤ ਪਰੇਸ਼ਾਨ ਤੇ ਤੰਗ ਕੀਤਾ ਸੀ। ਉਹਨਾਂ ਨੇ ਕੋਈ ਵੀ ਮੌਕਾ ਜ਼ਾਇਆ ਨਹੀਂ ਸੀ ਕੀਤਾ, ਜਿਸ ਨਾਲ ਸਿੱਖਾਂ ਨੂੰ ਬਰਬਾਦ ਨਾ ਕੀਤਾ ਜਾਵੇ। ਇਹ ਹਿੰਦੂ ਸ਼ਾਸਕ ਬਹੁਤ ਹੀ ਨਿਕੰਮੇ, ਬੁਜ਼ਦਿਲ ਤੇ ਦੇਸ਼ ਧਰੋਹੀ ਸਨ। ਇਹਲਾਂ ਦਾ ਕੋਈ ਦੀਨ ਮਜ਼੍ਹਬ ਨਹੀਂ ਸੀ। ਇਹ ਹਰਹੀਲੇ ਆਪਣੀ ਗੱਦੀ ਕਾਇਮ ਰੱਖਣਾਂ ਚਾਹੁੰਦੇ ਸਨ। ਇਹ ਬ੍ਰਾਹਮਣਵਾਦੀ ਲੋਕ ਸਨ ਜਿਹੜੇ ਆਪਣੀ ਪਰਜਾ ਨੂੰ ਹਰ ਹੀਲੇ ਨੀਵਾਂ ਵਿਖਾਉਣ ਦੀ ਰੌਅ ਵਿਚ ਸਨ। ਇਹ ਲੋਕ ਕਦਾਚਿਤ ਨਹੀਂ ਸਨ ਚਾਹੁੰਦੇ ਕਿ ਨਵੀਆਂ ਜਾਂਤਾਂ ਦੇ ਲੋਕ ਸਾਡੇ ਬਰਾਬਰ ਖਲੋ ਜਾਣ ਪਰ ਖ਼ਾਲਸਾ ਪੰਥ ਵਿਚ ਨੀਵੀਆਂ ਜਾਤੀਆਂ ਦਾ ਬੋਲ ਬਾਲਾ ਸੀ। ਇਹਨਾਂ ਲੋਕਾਂ ਨੇ ਗੁਰੂ ਦੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਸੀ। ਵੱਡੀਆਂ ਜਾਤਾਂ ਵਾਲੇ ਖਤਰੀ ਤੇ ਪੰਡਿਤ ਤਾਂ ਸਿੱਖ ਧਰਮ ਦੇ ਪੱਕੇ ਦੁਸ਼ਮਣ ਸਨ। ਗੁਰੂ ਜੀ ਨਾਲ ਇਹਨਾਂ ਨੇ ਗਹਿਗੋਚ ਲੜਾਈਆਂ ਲੜੀਆਂ ਤੇ ਭਾਂਜ ਖਾਧੀ। ਸਿੰਘਾਂ ਦੇ ਸਾਹਮਣੇ ਇਹ ਚੂਹੇ

ਸਨ। ਇਹ ਕੌਤਕ ਮੈਂ ਉਸ ਵੇਲੇ ਵੇਖਿਆ ਜਦੋਂ ਅਸੀਂ ਮੁਗ਼ਲ ਫੌਜ ਦਾ ਜਮਾਵੜਾ ਵੇਖਕੇ, ਪਹਾੜਾਂ ਵਲ ਨਿਕਲ ਗਏ। ਭਾਵੇਂ ਸਾਡੇ ਕੁਝ ਸਲਾਹਕਾਰਾਂ ਨੇ ਇਸਦਾ ਬੁਰਾ ਮਨਾਇਆ ਪਰ ਮੈਂ ਤਾਂ ਗੁਰੂ ਸਾਹਿਬ ਨਾਲ ਕੀਤੇ ਕੌਲ ਇਕਰਾਰ ਨਿਭਾਅ ਰਿਹਾ ਸੀ।

ਮੈਂ ਜਦੋਂ ਆਪਣੇ ਸਿੰਘਾਂ ਨਾਲ ਪਹਾੜੀ ਰਾਜਿਆਂ ਦੇ ਸਨਮੁਖ ਹੋਇਆ ਤਾਂ ਉਹ ਮੇਰੀ ਆਮਦ ਵੇਖਕੇ ਭੈਭੀਤ ਹੋ ਗਏ। ਉਹਨਾਂ ਕਦੀ ਸੋਚਿਆ ਵੀ ਨਹੀਂ ਸੀ ਕਿ ਖ਼ਾਲਸਾ ਫੌਜ ਸਾਡੇ ਨਾਲ ਲੜਨ ਲਈ ਆਵੇਗੀ। ਸਾਨੂੰ ਤਾਂ ਇਹ ਮੌਕਾ ਸਤਿਗੁਰੂ ਨੇ ਦਿੱਤਾ ਸੀ। ਅਸਾਂ ਇਸ ਮੌਕੇ ਦਾ ਭਰਪੂਰ ਲਾਹਾ ਲਿਆ। ਇਹਨਾਂ ਰਾਜਿਆਂ ਨੇ ਗੁਰੂ ਜੀ ਨਾਲ ਯੁੱਧ ਕੀਤੇ ਸਨ ਤੇ ਮੁਗ਼ਲ ਸੈਨਾਂ ਨੂੰ ਨਾਲ ਲੈ ਕੇ ਸਾਨੂੰ ਨੀਵਾਂ ਵਿਖਾਉਣ ਲਈ ਟਿੱਲ ਦਾ ਜ਼ੋਰ ਲਗਾਇਆ ਸੀ। ਇਹਨਾਂ ਲੋਕਾਂ ਨੇ ਸਾਡੀ ਮੁਗਲਾਂ ਵਿਰੁੱਧ ਜੰਗ ਵਿਚ ਵੀ ਸ਼ਾਹੀ ਫੌਜ ਦੀ ਤਨ ਮਨ ਧਨ ਨਾਲ ਮਦਦ ਕੀਤੀ ਸੀ। ਸਾਨੂੰ ਇਸ ਗਲ ਦਾ ਵੀ ਗਿਲਾ ਸੀ ਇਹ ਰਾਜੇ ਹੁਣ ਮੇਰੇ ਸਾਹਮਣੇ ਸਨ। ਜਿਸ ਇਲਾਕੇ ਵਿਚ ਵੀ ਅਸੀਂ ਖ਼ਾਲਸਾ ਫੌਜ ਲੈ ਕੇ ਧਾਵਾ ਬੋਲਦੇ ਤਾਂ ਮੁਕਾਬਲੇ ਤੋਂ ਪਹਿਲਾਂ ਹੀ ਇਹ ਲੋਕ ਰਣ ਭੂਮੀ ਛੱਡਕੇ ਦੌੜ ਜਾਂਦੇ ਸਨ। ਇਹ ਲੋਕ ਸਾਡੇ ਸਾਹਮਣੇ ਨਜ਼ਰਾਨੇ ਵਜੋਂ ਕਈ ਤੋਹਫੇ ਤੇ ਢੇਰ ਸਾਰੀ ਧੰਨ ਦੌਲਤ ਲੈਕੇ ਆਉਂਦੇ ਸਨ। ਮੇਰੇ ਦਿਲ ਵਿਚ ਕਈ ਵਾਰ ਇਹ ਖ਼ਿਆਲ ਆਉਂਦਾ ਕਿ ਜੇਕਰ ਇਹ ਲੋਕ ਸਾਡੀ ਤਰਫੋਂ ਵੀ ਲੜਦੇ ਤਾਂ ਸਾਨੂੰ ਕੋਈ ਫਾਇਦਾ ਨਹੀਂ ਸੀ ਹੋਣਾ। ਇਹ ਤਾਂ ਜਮਾਂ ਦੁਧ ਪੀਣੇ ਮਜਨੂੰ ਸਨ। ਭਾਵੇਂ ਇਹ ਰਾਜੇ ਮਹਾਂਰਾਜੇ ਕਹਿਲਵਾਉਣ ਵਾਲੇ ਲੋਕ ਬਹੁਤੇ ਰਾਜਪੂਤ ਹੀ ਸਨ ਪਰ ਇਹਨਾਂ ਵਿਚ ਰਾਜਪੂਤਾਂ ਵਾਲੀ ਕੋਈ ਕਰਤੂਤ ਨਹੀਂ ਸੀ। ਇਹ ਖਾਲੀ ਨਾਂ ਦੇ ਹੀ ਰਾਜਪੂਤ ਸਨ ਜਾਂ ਰਾਜਪੂਤਾਂ ਦੇ ਪੁਤਲੇ ਸਨ। ਮੈਨੂੰ ਜਿੰਨਾਂ ਚਿਰ ਸਮਾਂ ਮਿਲਿਆ ਮੈਂ ਇਹਨਾਂ ਨੂੰ ਨੀਵਾਂ ਵਿਖਾਉਂਦਾ ਰਿਹਾ ਪਰ ਇਹ ਲੋਕ, ਜ਼ਲੀਲ ਹੋਕੇ ਆਪਣੇ ਆਪ ਨੂੰ ਰਾਜਾ ਅਖਵਾਉਣ ਵਿਚ ਆਪਣੀ ਸ਼ਾਨ ਸਮਝਦੇ ਸਨ। ਇਹ ਕੈਸੀ ਰਾਜਪੂਤੀ ਹੈ? ਇਹਨਾਂ ਨਾਲ ਹਮਲਿਆਂ ਵੇਲੇ ਬਹੁਤ ਸਾਰਾ ਧੰਨ ਮਾਲ ਸਾਡੇ ਕਾਬੂ ਆ ਗਿਆ, ਜਿਸਨੇ ਸਾਨੂੰ ਗੁਰਦਾਸ ਨੰਗਲ ਦੇ ਘੇਰੇ ਸਮੇਂ ਸਾਥ ਦਿੱਤਾ। ਇਸ ਮਾਲ ਅਸਬਾਬ ਨਾਲ ਅਸੀਂ ਅਠ ਮਹੀਨੇ ਇਰਦ ਗਿਰਦ ਇਲਾਕੇ ਪਾਸੋਂ ਖਾਧ ਸਮੱਗਰੀ ਖ਼੍ਰੀਦਦੇ ਰਹੇ। ਨਹੀਂ ਤਾਂ ਅਸੀਂ ਮਹੀਨੇ ਬਾਅਦ ਹੀ ਇਥੋਂ ਬਾਹਿਰ ਨਿਕਲ ਜਾਣਾ ਸੀ।

ਗੁਰੂ ਜੀ ਨੇ ਜਿੰਨੇ ਵੀ ਯੁੱਧ ਲੜੇ ਸੰਨ ਤੇ ਬਹੁਤ ਸਾਰੇ ਜਿੱਤੇ ਵੀ ਸਨ। ਪਰ ਗੁਰੂ ਜੀ ਨੇ ਕਿਸੇ ਵੀ ਇਲਾਕੇ ਉੱਪਰ ਕਬਜ਼ਾ ਕਰਕੇ ਉਥੇ ਆਪਣੀ ਹਕੂਮਤ ਕਾਇਮ ਨਹੀਂ ਕੀਤੀ। ਹੁਕਮ ਕਾਇਮ ਕਰਨਾ ਇਹ ਗੁਰੂ ਜੀ ਦਾ ਉਦੇਸ਼ ਨਹੀਂ ਸੀ। ਉਹ ਤਾਂ ਜ਼ੁਲਮ ਖਿਲਾਫ ਲੜਦੇ ਅਤੇ ਉਸਨੂੰ ਪਛਾੜ ਕੇ ਆਪ ਵੀ ਪਿੱਛੇ ਪਰਤ ਜਾਂਦੇ ਸਨ। ਇਸ ਨਾਲ ਸਾਨੂੰ ਖ਼ਾਸ ਪ੍ਰਾਪਤੀ ਨਹੀਂ ਸੀ ਹੋਈ। ਅਸਲ ਵਿਚ ਗੁਰੂ ਜੀ ਇਕ ਪਹੁੰਚੀ ਹੋਈ ਆਤਮਾਂ ਸਨ। ਉਹ ਰਾਜ ਕਰਨ ਲਈ ਕੋਈ ਮੁਹਿੰਮ ਨਹੀਂ ਸਨ ਲੜਦੇ। ਇਹੀ

ਕਾਰਨ ਸੀ ਕਿ ਕਈ ਯੁੱਧਾਂ ਵਿਚ ਕਾਮਯਾਬੀ ਦੇ ਬਾਵਜੂਦ ਸਿੱਖ ਆਪਣੀ ਹੋਂਦ ਕਾਇਮ ਕਰਨ ਵਿਚ ਕਾਮਯਾਬ ਨਹੀਂ ਹੋਏ ਸਨ। ਇਸ ਨੀਤੀ ਅਧੀਨ ਸਿੱਖਾਂ ਦੀ ਬੇਪਨਾਹ ਹਾਨੀ ਹੋਈ। ਉਹਨਾਂ ਨੂੰ ਥਾਂ ਕੁੱਥਾਂ ਭਟਕਣਾ ਪਿਆ। ਆਨੰਦਪੁਰ ਸਾਹਿਬ ਛੱਡਣਾ ਪਿਆ। ਗੁਰੂ ਜੀ ਨੂੰ ਆਪਣਾ ਸਾਰਾ ਸਰਬੰਸ ਵਾਰਨਾ ਪਿਆ ਤੇ ਪੰਜਾਬ ਛੱਡ ਕੇ ਨੰਦੇੜ ਜਾਣਾ ਪਿਆ। ਬਹਾਦਰ ਸ਼ਾਹ ਦੀ ਮਦਦ ਕਰਨੀ ਪਈ ਤੇ ਉਸਦੇ ਲਾਰਿਆਂ ਲੱਪਿਆ ਨਾਲ ਗੁਜ਼ਰਾਨ ਕਰਨਾ ਪਿਆ। ਅਖ਼ੀਰ ਜਦ ਉਸਨੇ ਆਪਣਾ ਅਸਲੀ ਰੂਪ ਵਿਖਾਇਆ ਤਾਂ ਗੁਰੂ ਜੀ ਨੇ ਆਪਣਾ ਰਸਤਾ ਤੇ ਨੀਤੀ ਬਦਲੀ। ਨੰਦੇੜ ਵਿਖੇ ਜਦ ਉਹਨਾਂ ਦੀ ਮੇਰੇ ਨਾਲ ਮੁਲਾਕਾਤ ਹੋਈ ਤਾਂ ਉਹਨਾਂ ਨੇ ਮੈਨੂੰ ਸਿੱਖ ਇਤਿਹਾਸ ਤੇ ਗੁਰ ਮਰਿਯਾਦਾ ਸਮਝਾਉਣ ਬਾਅਦ ਜ਼ੁਲਮ ਤੇ ਜ਼ਾਲਿਮਾਂ ਨੂੰ ਖ਼ਤਮ ਕਰਨ ਲਈ ਪੰਜਾਬ ਵਲ ਤੋਰਿਆ ਉਹਨਾਂ ਨੇ ਆਪ ਵੀ ਪੰਜਾਬ ਆਉਣਾ ਸੀ। ਪਰੰਤੂ ਸਿਹਤ ਵਿਚ ਦਿਨੋ ਦਿਨ ਗਿਰਾਵਟ ਆਉਣ ਕਰਕੇ, ਉਹ ਕੁਝ ਸਿੰਘਾਂ ਨਾਲ ਪਿੱਛੇ ਹੀ ਰਹੇ ਤੇ ਇਧਰ ਆਉਣ ਦਾ ਉਹਨਾਂ ਨੂੰ ਕੁਦਰਤ ਨੇ ਮੌਕਾ ਹੀ ਨਾ ਦਿੱਤਾ। ਮੇਰਾ ਆਪਣਾ ਵਿਚਾਰ ਹੈ ਕਿ ਜੇਕਰ ਉਹ ਇਧਰ ਆ ਜਾਂਦੇ ਤਾਂ ਜਿਸ ਤਰ੍ਹਾਂ ਸਾਰਾ ਪੰਜਾਬ ਜਾਗ ਪਿਆ ਸੀ, ਉਤਰੀ ਭਾਰਤ ਵਿਚ ਮੁਗ਼ਲ ਰਾਜ ਦਾ ਖ਼ਾਤਮਾਂ ਤਹਿ ਸੀ। ਮੈਂ ਤਾਂ ਉਹਨਾਂ ਦਾ ਅਨਿਨ ਭਗਤ ਸਾਂ। ਉਹਨਾਂ ਦੇ ਨਾਮ ਦੇ ਦਰਸ਼ਨ ਲਈ ਤਾਂ ਸਿੱਖ ਜਗਤ ਨੇ ਹੇਠਲੀ ਉਪਰ ਕਰ ਦੇਣੀ ਸੀ। ਪਰ ਅਜਿਹਾ ਕੁਦਰਤ ਤੇ ਕਾਦਿਰ ਨੂੰ ਮੰਜ਼ੂਰ ਨਹੀਂ ਸੀ।

ਦੂਜੀ ਗਲ ਇਹ ਵੀ ਹੈ ਕਿ ਜੇਕਰ ਮੇਰੀ ਖ਼ਾਲਸਾ ਪੰਚਾਇਤ ਤੇ ਮੇਰੇ ਸਿੰਘ ਮੇਰਾ ਪੂਰਾ ਸਹਿਯੋਗ ਦਿੰਦੇ ਤਾਂ ਹੋ ਸਕਦਾ ਸੀ ਕਿ ਅਸੀਂ ਵੀ ਗੁਰੂ ਜੀ ਦੇ ਸੁਪਨੇ ਸਕਾਰ ਕਰ ਦਿੰਦੇ। ਲੋਹਗੜ੍ਹ ਦੇ ਕਿਲ੍ਹੇ ਵਿਚ ਮੇਰੇ ਤੇ ਬਾਬਾ ਬਿਨੋਦ ਸਿੰਘ ਦੇ ਮਤਭੇਦ ਬਹੁਤ ਗੂੜ੍ਹੇ ਹੋ ਗਏ। ਬਾਬਾ ਜੀ ਚਾਹੁੰਦੇ ਸਨ ਕਿ ਅਸੀਂ ਕਿਲ੍ਹੇ ਤੋਂ ਬਾਹਰ ਨਿਕਲਕੇ ਮੁਗਲਾਂ ਦੀ ਈਨ ਮੰਨ ਲਈਏ। ਭਾਈ ਬਾਜ ਸਿੰਘ ਤਾਂ ਪਹਿਲਾਂ ਹੀ ਮੇਰੇ ਨਾਲ ਇਹ ਇਕਰਾਰ ਕਰਕੇ ਆਪਣਾ ਬਾਰਾਂ ਹਜ਼ਾਰ ਦਾ ਜੱਥਾ ਲੈ ਕੇ ਅਨੰਦਪੁਰ ਸਾਹਿਬ/ਮਾਖੋਵਾਲੀ ਪਹੁੰਚ ਗਿਆ ਸੀ। ਉਸਨੇ ਮੇਰੇ ਨਾਲ ਇਹ ਕੌਲ ਕੀਤਾ ਸੀ ਕਿ ਉਹ ਬਾਹਰ ਜਾਕੇ ਮੁਗ਼ਲਾਂ ਨਾਲ ਬਾਹਰੋਂ ਟੱਕਰ ਲਵੇਗਾ ਪਰ ਉਸਨੇ ਕੋਈ ਟੱਕਰ ਨਾ ਲਈ ਤੇ ਬਾਅਦ ਵਿਚ ਫਿਰ ਵੀ ਮੁਗ਼ਲਾਂ ਦੇ ਕਾਬੂ ਆ ਗਿਆ। ਦੂਜਾ ਬਾਬਾ ਬਿਨੋਦ ਸਿੰਘ ਜੋ ਕਿ ਪਹਿਲਾਂ ਹੀ ਆਪਣੇ ਪੁੱਤਰ ਤੇ ਪੋਤਰੇ ਰਾਹੀਂ ਲਾਹੌਰ ਦੇ ਸੂਬੇਦਾਰ ਨਾਲ ਰਲਿਆ ਹੋਇਆਸੀ, ਉਹ ਵੀ ਬਾਹਰ ਜਾਣ ਦੇ ਬਹਾਨੇ ਲਭ ਰਿਹਾ ਸੀ। ਉਸਨੇ ਮੈਨੂੰ ਸਲਾਹ ਦਿੱਤੀ ਕਿ ਆਪਾਂ ਮੁਗ਼ਲ ਫੌਜਾਂ ਦਾ ਮੁਕਾਬਲਾ ਕਰਦੇ ਬਾਹਰ ਨਿਕਲ ਜਾਈਏ ਤੇ ਬਾਹਰ ਜਾ ਕੇ ਹੋਰਨਾਂ ਸਿੰਘਾਂ ਨਾਲ ਰਲਕੇ ਸ਼ਾਹੀ ਫੌਜ ਦਾ ਟਾਕਰਾ ਕਰੀਏ। ਪਰ ਮੈਨੂੰ ਉਸਦੀ ਸਾਜਿਸ਼ ਦਾ ਪਤਾ ਲਗ ਚੁੱਕਾ ਸੀ। ਉਹ ਮੁਗ਼ਲ ਫੌਜ ਨਾਲ ਸਮਝੌਤੇ ਤਹਿਤ ਬਾਹਰ ਨਿਕਲਣਾ ਚਾਹੁੰਦਾ ਸੀ ਪਰ ਮੈਨੂੰ ਕਿਸੇ ਨੇ ਬਾਹਰ ਸਹੀ ਸਲਾਮਤ ਬਾਹਰ

ਨਹੀਂ ਨਿਕਲਣ ਦੇਣਾ ਸੀ। ਉਸਨੇ ਨਿਕਲ ਜਾਣਾ ਸੀ ਤੇ ਮੈਨੂੰ ਸ਼ਾਹੀ ਫੌਜ ਨੇ ਗ੍ਰਿਫਤਾਰ ਕਰ ਲੈਣਾ ਸੀ। ਮੈਂ ਬਾਬਾ ਜੀ ਦੀ ਇਸ ਸਕੀਮ ਨਾਲ ਸਹਿਮਤ ਨਾ ਹੋਇਆ ਪਰ ਉਸਨੂੰ ਸਹਿਮਤੀ ਦੇ ਦਿੱਤੀ ਕਿ ਉਹ ਆਪਣੇ ਸਾਥੀਆਂ ਸਮੇਤ ਬਾਹਰ ਨਿਕਲ ਜਾਵੇ।

ਇਸਤਰ੍ਹਾਂ ਅਨੰਦਪੁਰ ਸਾਹਿਬ ਵੇਲੇ ਵੀ ਮਾਝੇ ਦੇ ਚਾਲੀ ਸਿੰਘ ਗੁਰੂ ਜੀ ਨੂੰ ਬੇਦਾਵਾ ਦੇ ਕੇ ਬਾਹਰ ਨਿਕਲ ਗਏ ਸਨ। ਉਹਨਾਂ ਨੇ ਮੁਗ਼ਲਾਂ ਨਾਲ ਅੱਟੀ ਸੱਟ ਰਲਾਈ ਹੋਈ ਸੀ। ਹੁਣ ਵੀ ਅਜਿਹੀ ਚਾਲ ਚਲਾਈ ਜਾ ਰਹੀ ਸੀ। ਮੈਂ ਬਾਬਾ ਜੀ ਨੂੰ ਬਾਹਰ ਜਾਣ ਦੀ ਸਹਿਮਤੀ ਦੇ ਦਿੱਤੀ। ਬਾਬਾ ਜੀ ਮੇਰੇ ਸਾਹਮਣੇ ਕਿਰਪਾਨ ਸੂਤ ਕੇ ਖੜ ਗਏ ਸਨ। ਮੈਂ ਸੋਚਿਆ ਕਿ ਇਹ ਸਾਡੇ ਆਪਸ ਵਿਚ ਲੜਨ ਦਾ ਵੇਲਾ ਨਹੀਂ। ਉਹ ਮੁਗ਼ਲ ਫੌਜ ਦੀ ਸਹਿਮਤੀ ਤੇ ਸਕੀਮ ਨਾਲ, ਇਕ ਸਮਝੌਤੇ ਤਹਿਤ, ਸਹੀ ਸਲਾਮਤ ਬਾਹਰ ਨਿਕਲਦੇ ਅੰਮ੍ਰਿਤਸਰ ਆ ਗਏ। ਕਿਸੇ ਨੇ ਉਹਨਾਂ ਦਾ ਵਾਲ ਵਿੰਗਾ ਨਾ ਕੀਤਾ। ਮੈਨੂੰ ਪਤਾ ਲਗਾ ਕਿ ਬਾਬਾ ਜੀ ਦਾ ਬੇਟਾ ਬਾਬਾ ਕਾਹਨ ਸਿੰਘ ਪਹਿਲਾਂ ਹੀ ਮੁਗ਼ਲਾਂ ਦੀ ਸ਼ਰਨ ਵਿਚ ਜਾ ਚੁੱਕਾ ਹੈ। ਉਸਦਾ ਬੇਟਾ ਲਾਹੌਰ ਦੇ ਸੂਬੇਦਾਰ ਕੋਲ ਆਪਣੇ ਪੰਜ ਹਜ਼ਾਰ ਸਿੰਘਾਂ ਨਾਲ ਉਸਦਾ ਮੁਲਾਜ਼ਮ ਹੈ। ਇਹ ਸਭ ਕੁਝ ਸੁਣਕੇ ਮੈਨੂੰ ਬਹੁਤ ਦੁਖ ਹੋਇਆ। ਬਾਬਾ ਬਿਨੋਦ ਸਿੰਘ ਵੀ ਸਿੱਧਾਂ ਬਾਬਾ ਕਾਹਨ ਸਿੰਘ ਕੋਲ ਜਾਕੇ, ਮੁਗ਼ਲ ਹਕੂਮਤ ਦਾ ਨਿੱਘ ਮਾਨਣ ਲਗਾ। ਇਹ ਸਰਾਸਰ ਇਕ ਗ਼ਦਾਰੀ ਸੀ, ਜਿਸ ਕਾਰਨ ਖ਼ਾਲਸਾ ਪੰਥ ਨੂੰ ਅੰਤਾਂ ਦਾ ਨੁਕਸਾਨ ਹੋਇਆ। ਸਾਡੀ ਮੁਹਿੰਮ ਦਾ ਮੂੰਹ ਦੂਜੇ ਪਾਸੇ ਹੋ ਗਿਆ। ਜੇਕਰ ਇਹਨਾਂ ਬਾਬਿਆਂ ਵਾਂਗ ਮੈਂ ਜਾਨ ਹੀ ਬਚਾਉਣੀ ਹੁੰਦੀ ਤਾਂ ਮੈਂ ਵੀ ਘੇਰੇ ਦੇ ਪਹਿਲੇ ਦਿਨਾਂ ਵਿਚ ਅਸਾਨੀ ਨਾਲ ਬਾਹਰ ਨਿਕਲ ਸਕਦਾ ਸੀ। ਪਰ ਮੈਂ ਤਾਂ ਅਜਿਹਾ ਸੁਪਨੇ ਵਿਚ ਕਿਆਸ ਨਹੀਂ ਸੀ ਕੀਤਾ। ਅਸੀਂ ਜੇਕਰ ਸਾਰੇ ਜਾਣੇ ਇਕ ਮੁੱਠ, ਇਕ ਜੁਟ ਤੇ ਇਕ ਦੂਜੇ ਦੇ ਸਹਿਯੋਗੀ ਰਹਿੰਦੇ ਤਾਂ ਉਤਰੀ ਹਿੰਦੋਸਤਾਨ ਦੇ ਕਈ ਸੂਬਿਆਂ ਵਿਚੋਂ ਅਸਾਂ ਮੁਗਲ ਹਕੂਮਤ ਦੀਆਂ ਜੜਾਂ ਪੁਟ ਦੇਣੀਆਂ ਸਨ। ਪਰ ਈਸ਼ਵਰ ਨੂੰ ਸ਼ਾਇਦ ਇਹ ਹੀ ਮੰਜ਼ੂਰ ਸੀ।

ਜਦੋਂ ਮੈਂ ਆਪਣੇ ਸਾਥੀਆਂ ਦੀ ਰਾਏ ਨਾਲ ਸਹਿਮਤ ਨਾ ਹੁੰਦਾ ਤਾਂ ਉਹ ਮੇਰੇ ਵਿਰੁੱਧ ਸਾਜਿਸ਼ਾਂ ਘੜਨ ਲਗ ਪਏ। ਉਹਨਾਂ ਨੇ ਮੇਰੇ ਦੋਖੀਆਂ ਅਤੇ ਮੁਗ਼ਲ ਹਕੂਮਤ ਨਾਲ ਗੰਢ ਤੁਪ ਕਰਕੇ ਮੈਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ। ਜਦ ਤੋਂ ਗੁਰੂ ਸਾਹਿਬ ਨੇ ਮੈਨੂੰ ਸਭ ਤੋਂ ਉੱਚੀ ਪਦਵੀ ਦਿੱਤੀ ਸੀ, ਉਸ ਦਿਨ ਤੋਂ ਮੇਰੀ ਵਿਰੋਧਤਾ ਸ਼ੁਰੂ ਹੋ ਗਈ ਸੀ। ਉਸ ਵਕਤ ਤਾਂ ਗੁਰੂ ਸਾਹਿਬ ਨਾਲ ਕਿੰਤੂ ਪ੍ਰੰਤੂ ਕਰਨਾ ਸੰਭਵ ਨਹੀਂ ਸੀ, ਇਸ ਲਈ ਮੇਰੇ ਵਿਰੋਧੀ ਕਿਸੇ ਢੁਕਵੇਂ ਸਮੇਂ ਦੀ ਉਡੀਕ ਵਿਚ ਸਨ। ਜਦੋਂ ਮੈਂ ਪੰਜਾਬ ਆ ਕੇ ਆਪ ਵੀ ਜ਼ੁਲਮ ਖਿਲਾਫ ਮੁਹਿੰਮ ਸ਼ੁਰੂ ਕੀਤੀ ਤਾਂ ਪੰਥ ਨੇ ਮੇਰਾ ਭਰਪੂਰ ਸਾਥ ਦਿੱਤਾ। ਉਹ ਤਾਂ ਮੈਨੂੰ ਗੁਰੂ ਮਹਾਂਰਾਜ ਦਾ ਰੂਪ ਹੀ ਸਮਝਦੇ ਸਨ ਉਹ ਮੇਰੇ ਦਰਸ਼ਨ ਕਰਨ ਲਈ ਸਿਹਰੇ ਖਾਂਡੇ ਵਲ ਉਮੜ ਪਏ ਸਨ। ਉਹਨਾਂ ਨੇ ਗੁਰੂ

ਮਹਾਰਾਜ ਦੇ ਹੁਕਮਨਾਮੇ ਨੂੰ ਪੜ੍ਹਦਿਆਂ ਸੁਣਦਿਆਂ ਹੀ ਮੇਰੇ ਵਲ ਵਹੀਰਾਂ ਘਤ ਦਿੱਤੀਆਂ ਸਨ। ਉਹ ਮੇਰੇ ਲਈ ਆਪਣਾ ਸਾਰਾ ਕੁਝ ਤਿਆਗ ਕੇ ਧਰਮ ਯੁੱਧ ਕਰਨ ਆਏ ਸਨ। ਇਸ ਵਕਤ ਵੀ ਮੇਰੇ ਕੁਝ ਦੋਖੀਆਂ ਨੂੰ ਮੇਰੇ ਖਿਲਾਫ਼ ਅਵਾਜ਼ ਉਠਾਉਣ ਦਾ ਮੌਕਾ ਨਾ ਮਿਲਿਆ। ਉਹ ਦੜ ਵਟ ਕੇ ਭਲੇ ਸਮੇਂ ਦੀ ਇੰਤਜ਼ਾਰ ਕਰਨ ਲਗੇ। ਪਰ ਜਦੋਂ ਬਾਦਸ਼ਾਹ ਹੀ ਸ਼ਾਹੀ ਫੌਜ ਨੇ ਬਾਕੀ ਰਾਜਪੂਤ ਰਾਜਿਆਂ ਨੂੰ ਨਾਲ ਲੈ ਕੇ ਮੈਨੂੰ ਲੋਹਗੜ੍ਹ ਜਾਂ ਗੁਰਦਾਸ ਨੰਗਲ ਵਿਚ ਘੇਰਾ ਪਾ ਲਿਆ ਤੇ ਮੈਂ ਤੇ ਖ਼ਾਲਸਾ ਫੌਜ ਮੁਸੀਬਤਾਂ ਵਿਚ ਘਿਰ ਗਈ ਤਾਂ ਮੇਰੇ ਵਿਰੋਧੀਆਂ ਨੂੰ ਮੇਰੇ ਵਿਰੁੱਧ ਸਾਜਸ਼ਾਂ ਕਰਨ ਦਾ ਮੌਕਾ ਮਿਲ ਗਿਆ। ਮੈਂ ਉਹਨਾਂ ਉਪਰ ਅੰਧ ਵਿਸ਼ਵਾਸ ਕਰਦਾ ਸੀ ਪਰੰਤੂ ਉਹ ਮੈਨੂੰ ਮੁਸੀਬਤਾਂ ਨਾਲ ਘਿਰਿਆ ਵੇਖਕੇ ਮੇਰੇ ਵਿਰੁੱਧ ਇਕੱਠੇ ਹੋ ਕੇ ਸਾਜ਼ਸ਼ਾਂ ਕਰਨ ਲਗੇ। ਇਹ ਸਰਾਸਰ ਬੇਸ਼ੁਕਰਾਪਣ ਸੀ, ਜਿਸਦੀ ਮੈਨੂੰ ਆਪਣੇ ਸਾਥੀਆਂ ਤੋਂ ਉਮੀਦ ਨਹੀਂ ਸੀ। ਅਸਾਂ ਨੰਦੇੜ ਵਿਖੇ, ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਭ ਨੇ ਮਿਲਕੇ ਇਹ ਅਰਦਾਸਾ ਸੋਧਿਆ ਸੀ ਕਿ ਜ਼ੁਲਮ ਨੂੰ ਨਾਸ ਕਰਨ ਲਈ ਅਸੀਂ ਮਰਨੇ ਦੱਮ ਤੱਕ ਇਕ ਜੁਟ ਰਹਾਂਗੇ।

ਪਰ ਇਧਰ ਆਕੇ ਇਹ ਸਾਰੇ ਕੌਲ ਇਕਰਾਰ ਉਹ ਵਿਸਾਰ ਬੈਠੇ ਸਨ। ਬਾਬਾ ਬਿਨੋਦ ਸਿੰਘ ਦੇਹ ਧਾਰੀ ਗੁਰੂ ਦੀ ਪਰੰਪਰਾ ਦੇ ਹਕ ਵਿਚ ਸੀ। ਉਹ ਆਪਤਾ ਗੁਰੂ ਬਣ ਨਾ ਸਕਿਆ ਉਸਨੇ ਮਾਤਾ ਸੁੰਦਰੀ ਦੇ ਮੁਤ ਬੰਨੇ ਅਜੀਤ ਸਿੰਘ ਨੂੰ ਯਾਰਵਾਂ ਗੁਰੂ ਥਾਪਣ ਦੀ ਕੋਸ਼ਿਸ਼ ਕੀਤੀ ਸੀ। ਮਾਤਾ ਸੁੰਦਰੀ ਵੀ ਇਸ ਕਾਰਜ ਵਿਚ ਸ਼ਾਮਿਲ ਸੀ। ਮੁਗਲ ਹਾਕਮ ਵੀ ਸਿੱਖਾਂ ਦਾ ਅਜਿਹਾ ਗੁਰੂ ਹੀ ਚਾਹੁੰਦੇ ਸਨ, ਜਿਹੜਾ ਉਹਨਾਂ ਦਾ ਹਥ ਠੋਕਾ ਹੋਵੇ। ਮੁਗ਼ਲ ਦਰਬਾਰ ਦਿੱਲੀ ਨੇ ਅਜੀਤ ਸਿੰਘ ਨੂੰ ਸਿੱਖਾਂ ਦੇ ਗੁਰੂ ਦਾ ਖਿਤਾਬ ਦਿੱਤਾ ਸੀ। ਦਿੱਲੀ ਦੇ ਆਲੇ ਦੁਆਲੇ ਦੇ ਸਿੱਖ ਅਜੀਤ ਸਿੰਘ ਕਾਫੀ ਸਾਲਾਂ ਤੱਕ ਗੁਰੂ ਮੰਨਕੇ ਹੀ ਪੂੱਜਦੇ ਰਹੇ ਅਤੇ ਉਸਦੀ ਮੌਤ ਤੋਂ ਬਾਅਦ ਉਸਦੇ ਪੁੱਤਰ ਹਠੀ ਸਿੰਘ ਨੂੰ ਵੀ। ਇਹ ਗੁਰਗੱਦੀ ਮਾਤਾ ਸੁੰਦਰੀ ਦੇ ਦਿਹਾਂਤ ਬਾਅਦ ਹੀ ਖ਼ਤਮ ਹੋਈ। ਇਸੇ ਕਾਰਨ ਮੁਗ਼ਲ ਹਕੂਮਤ ਮੈਨੂੰ ਵੀ ਗੁਰੂ ਹੀ ਤਸੱਵਰ ਕਰਦੀ ਸੀ। ਬਹੁਤ ਸਮਾਂ ਤਾਂ ਉਹ ਮੈਨੂੰ ਗੁਰੂ ਗੋਬਿੰਦ ਸਿੰਘ ਹੀ ਸਮਝਦੇ ਰਹੇ। ਜਦੋਂ ਮੈਂ ਗ੍ਰਿਫਤਾਰ ਹੋਇਆ ਤਾਂ ਜਾਕੇ ਉਹਨਾਂ ਨੂੰ ਅਸਲੀਅਤ ਦਾ ਪਤਾ ਚਲਿਆ। ਅਜੀਤ ਸਿੰਘ ਦੀ ਇਹ ਤੀਬਰ ਖਾਹਸ਼ ਸੀ ਕਿ ਮੁਗ਼ਲ ਹਕੂਮਤ ਉਸਨੂੰ ਗੁਰੂ ਗੋਬਿੰਦ ਸਿੰਘ ਦਾ ਜਾਨਸ਼ੀਨ ਤਸਲੀਮ ਕਰੇ। ਇਸੇ ਮਕਸਦ ਲਈ ਅਜੀਤ ਸਿੰਘ ਨੂੰ ਅੰਮ੍ਰਿਤਸਰ ਲਿਆਂਦਾ ਗਿਆ ਤੇ ਅਕਾਲ ਤਖ਼ਤ ਦਾ ਪ੍ਰਬੰਧ ਮੀਣੇ ਸਿੱਖਾਂ ਪਾਸੋਂ ਖੋਹ ਕੇ ਉਸਨੂੰ ਸੌਂਪ ਦਿੱਤਾ ਗਿਆ। ਮੁਗ਼ਲ ਸਰਕਾਰ ਵਲੋਂ ਬਹੁਤ ਸਾਰੇ ਤੋਹਫੇ ਤੇ ਖਿਲਤ ਅਜੀਤ ਸਿੰਘ ਨੂੰ ਪੇਸ਼ ਕੀਤੀ ਗਈ। ਇਸ ਦੇ ਫਲਸਰੂਪ ਅਜੀਤ ਸਿੰਘ ਨੇ ਅਕਾਲ ਤਖ਼ਤ ਤੋਂ ਮੇਰੀ ਹਾਰ ਤੇ ਮੁਗ਼ਲ ਹਕੂਮਤ ਦੀ ਜਿੱਤ ਦੀ ਅਰਦਾਸ ਵੀ ਕੀਤੀ। ਇਹ ਸਭ ਕੁਝ ਮੇਰੇ ਵਿਰੋਧੀ ਮੈਨੂੰ ਹਰਾਉਣ ਤੇ ਨੀਵਾਂ ਦਿਖਾਉਣ ਲਈ ਕਰ ਰਹੇ ਸਨ। ਸਾਡੀ ਮੁਹਿੰਮ ਲਈ ਇਹ ਘਾਤਕ ਸੀ।

ਚੌਥਾ ਕਾਂਡ

ਇਸੇ ਹੀ ਵਕਤ ਬਾਬਾ ਬਿਨੋਦ ਸਿੰਘ ਤੇ ਉਸਦਾ ਬੇਟ਼ਾ ਕਾਹਨ ਸਿੰਘ, ਮਾਤਾ ਸੁੰਦਰੀ ਤੇ ਅਜੀਤ ਸਿੰਘ ਦੇ ਸੰਪਰਕ ਵਿਚ ਸਨ। ਅਜੀਤ ਸਿੰਘ ਬਾਬੇ ਬਿਨੋਦ ਸਿੰਘ ਨੂੰ ਆਪਣਾ ਮੁਰਸ਼ਦ ਤੇ ਮੁੱਖੀ ਸਮਝਦੇ ਸਨ। ਅਜੀਤ ਸਿੰਘ ਦੀਆਂ ਤਮਾਮ ਕਾਰਵਾਈਆਂ ਪਿੱਛੇ ਇਹਨਾਂ ਪਿਉ ਪੁੱਤਰਾਂ ਦਾ ਸਿੱਧਾ ਹੱਥ ਸੀ। ਕਾਹਨ ਸਿੰਘ ਦੀ ਲਾਹੌਰ ਦਰਬਾਰ ਤੱਕ ਸਿੱਧੀ ਪਹੁੰਚ ਸੀ ਤੇ ਉਸਦਾ ਬੇਟਾ ਮੀਰੀ ਸਿੰਘ ਤਾਂ 500 ਸਿੱਖ ਫੌਜ ਦਾ ਮੁੱਖੀ ਬਣਕੇ ਲਾਹੌਰ ਦਰਬਾਰ ਦੀ ਮੁਲਾਜ਼ਮਤ ਕਰ ਰਿਹਾ ਸੀ। ਬਾਬਾ ਕਾਹਨ ਸਿੰਘ ਨੇ ਵੀ ਮੁਗ਼ਲ ਦਰਬਾਰ ਵਲੋਂ ਇਕ ਜਗੀਰ ਵੀ ਹਾਸਿਲ ਕਰ ਲਈ ਸੀ। ਜਦੋਂ ਗੁਰਦਾਸ ਨੰਗਲ ਦੇ ਘੇਰੇ ਵਿਚੋਂ ਨਿਕਲਕੇ ਬਾਬਾ ਬਿਨੋਦ ਸਿੰਘ ਬਾਹਰ ਆਪਣੇ ਸਿੰਘਾਂ ਨਾਲ ਆਇਆ ਤਾਂ ਉਹ ਵੀ ਸਿੱਧਾ ਅੰਮ੍ਰਿਤਸਰ ਹੀ ਆਇਆ। ਉਸਦੀ ਉਸਦੇ ਪੁੱਤ ਪੋਤਰੇ ਵਾਂਗ ਮੁਗਲ ਸਰਕਾਰ ਨਾਲ ਪੂਰੀ ਅੱਟੀ ਸੱਟੀ ਸੀ, ਇਸੇ ਲਈ ਗੁਰਦਾਸ ਨੰਗਲ ਤੋਂ ਅੰਮ੍ਰਿਤਸਰ ਦੇ ਸਫ਼ਰ ਦੌਰਾਨ ਕਿਸੇ ਸਰਕਾਰੀ ਬੰਦੇ ਨੇ ਉਸਦੀ ਹਵਾ ਵਲ ਨਾ ਵੇਖਿਆ। ਮੇਰੇ ਕੋਲੋਂ ਜਦੋਂ ਉਹ ਬਾਹਰ ਆਇਆ ਸੀ ਕਿ ਉਹ ਬਾਹਰ ਜਾ ਕੇ ਸਿੰਘਾਂ ਦੀਆਂ ਬਿਖਰੀਆਂ ਫੌਜਾਂ ਨੂੰ ਇਕੱਤਰ ਕਰਕੇ, ਗੁਰਦਾਸ ਨੰਗਲ ਦੇ ਘੇਰੇ ਨੂੰ ਖਦੇੜਨ ਦੀ ਕੋਸ਼ਿਸ਼ ਕਰੇਗਾ। ਹੱਥੀਂ ਤੋਰੇ ਸੱਜਣਾਂ ਨੂੰ ਨਾਲੇ ਯਾਦ ਕਰਾਂ ਨਾਲੇ ਰੋਵਾਂ। ਪਰ ਇਹ ਇਕ ਛਲ ਕੱਪਟ ਹੀ ਸੀ। ਜਦੋਂ ਦਿਲ ਨਾ ਮਿਲੇ ਹੋਣ ਤਾਂ ਅੱਖੀਆਂ ਨਹੀਂ ਮਿਲਦੀਆਂ। ਜਦੋਂ ਘਰ ਦੇ ਚਰ਼ਾਗ ਨਾ਼ਲ ਘਰ ਨੂੰ ਅਗ ਲਗ ਜਾਵੇ ਤਾਂ ਇਸ ਨਾਲੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ? ਮੈਂ ਇਹ ਦੁੱਖ ਆਪਣੇ ਕੁਝ ਸਾਥੀਆਂ ਨਾਲ ਸਾਂਝਾ ਕੀਤਾ ਤਾਂ ਕਿ ਮੇਰਾ ਦਿਲ ਹੌਲਾ ਹੋਵੇ। ਪਰ ਮੈਂ ਆਮ ਸਿੰਘ ਨੂੰ ਇਹ ਕਦੀ ਨਹੀਂ ਜਿਤਾਇਆ ਕਿ ਮੇਰੇ ਨਾਲ ਕੀ ਕੀ ਹੋ ਰਿਹਾ ਹੈ। ਸ਼ਾਇਦ ਗੁਰੂ ਨੂੰ ਇਹ ਹੀ ਮੰਜ਼ੂਰ ਸੀ।

ਮੇਰੇ ਸੁਣਨ ਵਿਚ ਇਹ ਵੀ ਆਇਆ ਕਿ ਮੇਰੇ ਵਿਰੋਧੀ ਸਾਡੀਆਂ ਹਾਰਾਂ ਦਾ ਕਾਰਨ ਮੇਰੇ ਵਲੋਂ ਗੁਰੂ ਜੀ ਵਲੋਂ ਮਨਮੁੱਖ ਹੋਣਾ ਸੀ। ਉਹਨਾਂ ਇਹ ਪ੍ਰਚਾਰ ਮੇਰੇ ਸਿੰਘਾਂ ਕੋਲ ਕੀਤਾ ਸੀ ਤੇ ਕਰ ਰਹੇ ਸਨ ਕਿ "ਮੈਂ ਗੁਰੂ ਜੀ ਨਾਲ ਬਚਨ ਕੀਤਾ ਸੀ ਕਿ ਮੈਂ ਸਦਾ ਬ੍ਰਹਮਚਾਰੀ ਰਹਾਂਗਾ ਤੇ ਕਦੀ ਵੀ ਗ੍ਰਹਿਸਥੀ ਨਹੀਂ ਬਣਾਂਗਾ। ਉਹਨਾਂ ਅਨੁਸਾਰ ਗੁਰੂ ਜੀ ਨੇ ਮੈਨੂੰ ਆਖਿਆ ਸੀ ਕਿ ਜਿੰਨਾਂ ਸਮਾਂ ਮੈਂ ਜਤੀ਼ ਸਤੀ ਰਹਾਂਗਾ, ਮੇਰੀ ਹਰ ਮੈਦਾਨ ਵਿਚ ਫਤਹਿ ਹੋਵੇਗੀ। ਜਤੀ ਸਤੀ ਮਨੁੱਖ ਵਿਚ ਅੰਤਾਂ ਦੀ ਸ਼ਕਤੀ ਹੁੰਦੀ ਹੈ।

ਜੇਕਰ ਉਹ ਔਰਤਾਂ ਦਾ ਸੰਗ ਸਾਥ ਕਰੇਗਾ ਤਾਂ ਉਸਦੀ ਦਲੇਰੀ ਖ਼ਤਮ ਹੋ ਜਾਵੇਗੀ।" ਇਹ ਇਲਜ਼ਾਮ ਸਰਾਸਰ ਸਿੱਖ ਪੰਥ ਦੇ ਬੁਨਿਆਦੀ ਅਸੂਲਾਂ ਦੇ ਖਿਲਾਫ਼ ਹੈ। ਸਿੱਖ ਪੰਥ ਗ੍ਰਿਹਸਥੀਆਂ ਦਾ ਧਰਮ ਹੈ। ਸਾਡੇ ਸਭੇ ਗੁਰੂ ਸਾਹਿਬਾਨ ਗ੍ਰਿਹਸਥੀ ਸਨ। ਗੁਰੂ ਜੀ ਨੇ ਗ੍ਰਿਹਸਥ ਵਿਚ ਰਹਿ ਕੇ ਵੀ ਆਪਣਾ ਨਿਤਨੇਮ ਤੇ ਕਾਰ ਵਿਹਾਰ ਕਰਨਾ ਸਾਨੂੰ ਸਿਖਾਇਆ ਸੀ। ਕਈ ਗੁਰੂ ਸਾਹਿਬਾਨ ਨੇ ਤਾਂ ਇਕ ਤੋਂ ਵੱਧ ਸ਼ਾਦੀਆਂ ਵੀ ਕੀਤੀਆਂ ਸਨ। ਮੇਰੇ ਉਪਰ ਮੇਰੇ ਗੁਰੂ ਅਜਿਹੀ ਕੋਈ ਪਾਬੰਦੀ ਨਹੀਂ ਸੀ ਲਗਾਈ ਤੇ ਨਾ ਹੀ ਅਜਿਹੀ ਪਾਬੰਦੀ ਲਗਾਉਣੀ ਜਾਇਜ਼ ਸੀ। ਇਹ ਮਨਘੜਤ ਗਲ ਬਾਬਿਆਂ ਨੇ ਮੈਨੂੰ ਸਿੰਘਾਂ ਵਿਚ ਬਦਨਾਮ ਕਰਨ ਲਈ ਧਮਾਈ ਸੀ। ਮੇਰੀਆਂ ਹਾਰਾਂ ਦਾ ਕਾਰਨ ਮੇਰੇ ਗ੍ਰਿਹਸਥੀ ਹੋਣਾ ਨਹੀਂ ਸੀ ਬਲਕਿ ਇਹਨਾਂ ਦਾ ਮੁੱਖ ਕਾਰਨ ਮੇਰੇ ਸਲਾਹਕਾਰਾਂ ਦਾ ਮੇਰੇ ਨਾਲ ਅਸਹਿਯੋਗ ਸੀ। ਇਤਫਾਕ ਨਾਲ ਹੀ ਬਰਕਤ ਹੁੰਦੀ ਹੈ। ਬੇਇਤਫਾਕੀਆਂ ਜਿੱਤਾਂ ਨੂੰ ਹਾਰਾਂ ਵਿਚ ਬਦਲ ਦਿੰਦੀਆਂ ਹਨ। ਸਾਡੀਆਂ ਹਾਰਾਂ ਦੇ ਕੁਝ ਹੋਰ ਵੀ ਕਾਰਨ ਸਨ ਪਰ ਮੇਰੀਆਂ ਸ਼ਾਦੀਆਂ ਨਾਲ ਇਹਨਾਂ ਦਾ ਕੋਈ ਦੂਰ ਦਾ ਵੀ ਵਾਸਤਾ ਨਹੀਂ ਸੀ। ਮੈਂ ਹੁਣ ਬੈਰਾਗੀ ਨਹੀਂ ਸੀ। ਗੁਰੂ ਦਾ ਅੰਮ੍ਰਿਤ ਛਕੱਣ ਉਪਰੰਤ ਮੈਂ ਗੁਰੁ ਦਾ ਨਿਮਾਣਾ ਸਿੱਖ ਬਣ ਗਿਆ ਸੀ। ਇਸ ਲਈ ਮੇਰੇ ਵਿਰੁੱਧ ਸ਼ਾਦੀਆਂ ਵਾਲਾ ਇਲਜ਼ਾਮ ਸਰਾਸਰ ਬੇ-ਬੁਨਿਆਦ ਸੀ। ਇਸ ਜ਼ਹਿਰਲੀਲੇ ਪ੍ਰਚਾਰ ਨਾਲ ਭੋਲੇ ਭਾਲੇ ਸਿੱਖਾਂ ਉਪਰ ਇਹ ਵੀ ਅਸਰ ਹੋਇਆ ਹੋਵੇਗਾ ਕਿ ਮੈਂ ਗੁਰੂ ਨਾਲ ਕੀਤੇ ਕੌਲਕਰਾਰਾਂ ਨੂੰ ਨਿਭਾਇਆ ਨਹੀਂ। ਜਿਹੜੇ ਲੋਕ ਬਾਬਿਆਂ ਦੇ ਭਲਾਵੇ ਵਿਚ ਆ ਗਏ ਸਨ, ਉਹ ਮੈਨੂੰ ਗੁਰੂ ਘਰ ਦਾ ਮੁਜਰਮ ਸਮਝਦੇ ਹੋਣਗੇ। ਸਿਆਣੇ ਸਿੰਘ ਇਸ ਨੂੰ ਬਾਬਿਆਂ ਦਾ ਛੜਯੰਤਰ ਸਮਝਦੇ ਹੋਣਗੇ।

ਮੇਰੇ ਵਿਰੁੱਧ ਇਹ ਵੀ ਅਫ਼ਵਾਹ ਫੈਲਾਈ ਗਈ ਕਿ ਮੈਂ ਆਪਣੇ ਆਪ ਨੂੰ ਦਸਵੇਂ ਪਾਤਸ਼ਾਹ ਦਾ ਜਾਨਸ਼ੀਨ ਸਮਝਕੇ, ਗੁਰੂ ਸਾਹਿਬ ਵਰਗਾ ਹੀ ਪਹਿਰਾਵਾ ਪਹਿਨ ਲਿਆ ਤੇ ਖੰਡੇ ਦੀ ਪਾਹੁਲ ਦੀ ਜਗਾ, ਚਰਨਾਮਤ ਲੈਣੀ ਸ਼ੁਰੂ ਕਰ ਦਿੱਤੀ ਹੈ। ਇਹ ਗਲ ਵੀ ਮੇਰੇ ਬਾਰੇ ਨਿਰਮੂਲ ਸੀ। ਜ਼ਦੋਂ ਸਭਨਾਂ ਸਿੰਘਾਂ ਦੇ ਸਾਹਮਣੇ ਗੁਰੂ ਜੀ ਨੇ ਖ਼ੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਗੁਰੂ ਥਾਪਿਆ ਸੀ ਤਾਂ ਉਸ ਵਕਤ ਬਾਬੇ ਵੀ ਉਥੇ ਮੌਜੂਦ ਸਨ। ਇਹਨਾਂ ਲੋਕਾਂ ਨੇ ਇਕ ਪਾਸੇ ਮਾਤਾ ਸੁੰਦਰੀ ਦੇ ਮਤ ਬੰਨੇਪੁੱਤਰ ਨੂੰ ਗੁਰੂ ਥਾਪਣ ਦਾ ਯਤਨ ਕੀਤਾ ਤੇ ਦੂਜੇ ਪਾਸੇ ਮੈਨੂੰ ਵੀ ਇਸ ਛੜਯੰਤਰ ਦਾ ਭਾਗੀ ਬਣਾਉਣ ਦੀ ਕੋਸ਼ਿਸ਼ ਕੀਤੀ। ਇਸਦਾ ਇਕ ਸਰੋਤ ਹੋਰ ਵੀ ਸੀ। ਲਾਹੌਰ ਦਰਬਾਰ ਤੇ ਵਜ਼ੀਰ ਖਾਨ ਨੇ ਵੀ ਮੈਨੂੰ ਗੁਰੂ ਕਹਿ ਕੇ ਪ੍ਰਚਾਰਿਆ। ਉਹ ਆਮ ਲੋਕਾਂ ਵਿਚ ਇਹ ਪ੍ਰਚਾਰ ਕਰ ਰਹੇ ਸਨ ਕਿ ਗੁਰੂ ਗੋਬਿੰਦ ਸਿੰਘ, ਬੰਦਾ ਸਿੰਘ ਬਹਾਦਰ ਦੇ ਨਾਮ ਹੇਠ, ਆਪਣੇ ਪਰਿਵਾਰ ਦਾ ਬਦਲਾ ਲੈਣ ਆਏ ਹਨ ਤੇ ਲੋਕਾਂ ਦਾ ਅੰਧਾ ਧੁੰਦ ਕਤਲੇਆਮ ਕਰ ਰਹੇ ਹਨ। ਕੀ ਅਜਿਹਾ ਕਤਲੇਆਮ ਕਿਸੇ ਧਾਰਮਿਕ ਗੁਰੂ ਨੂੰ ਸੋਭਦਾ ਹੈ? ਅਜਿਹਾ ਪ੍ਰਚਾਰ ਤਾਂ ਸਰਕਾਰ ਖ਼ੁਦ ਮੇਰੇ ਖ਼ਿਲਾਫ ਕਰ ਰਹੀ ਸੀ। ਦੂਜੇ ਪਾਸੇ ਮੇਰੇ ਸਿੰਘ

ਵੀ ਮੈਨੂੰ ਆਪ ਹੁਦਰਾ ਗਰਦਾਨ ਕੇ ਮੈਨੂੰ ਬਦਨਾਮ ਕਰਨ ਦੀ ਕੋਝੀ ਚਾਲ ਚਲ ਰਹੇ ਸਨ। ਭਾਵੇਂ ਬਹੁਤ ਸਾਰੇ ਸਿੱਖ ਮੇਰੀ ਅਸਲੀਅਤ ਨੂੰ ਜਾਣਦੇ ਬੁਝਦੇ ਸਨ ਪਰੰਤੂ ਜਦੋਂ ਆਪਣੀ ਹੀ ਬੁਕਲ ਵਿਚੋਂ ਅਜਿਹੇ ਡੰਗ ਮਾਰਨ ਲਗ ਪਵੇ ਤਾਂ ਮੇਰੀ ਸਿੱਖੀ ਸੇਵਕੀ ਵਿਚ ਫ਼ਰਕ ਪੈਣਾ ਲਾਜ਼ਮੀ ਸੀ। ਕੁਝ ਮੇਰੇ ਸਿੰਘ ਜੋ ਕਿ ਨਿਤ ਦੀਆਂ ਲੜਾਈਆਂ ਤੋਂ ਖਫ਼ਾ ਸਨ ਤੇ ਉਹ ਘਰਾਂ ਨੂੰ ਪਰਤਣਾਂ ਚਾਹੁੰਦੇ ਸਨ ਜਾਂ ਮੌਤ ਤੋਂ ਡਰਦੇ ਸਨ। ਸਾਡੇ ਮਾਰਗ ਵਿਚ ਮੌਤ ਤੋਂ ਡਰਨ ਵਾਲਾ ਸਿੰਘ ਬਹੁਤਾ ਸਮਾਂ ਸਾਡੇ ਸੰਗ ਨਹੀਂ ਟਿੱਕ ਸਕਦਾ। ਉਸਨੂੰ ਤਾਂ ਸਾਡੇ ਕੋਲੋਂ ਜੁਦਾ ਹੋਣ ਦਾ ਕੋਈ ਬਹਾਨਾ ਹੀ ਚਾਹੀਦਾ ਸੀ। ਇਹ ਅਫ਼ਵਾਹਾਂ ਉਹਨਾਂ ਲਈ ਬਹਾਨੇ ਦਾ ਰੂਪ ਧਾਰਨ ਕਰ ਰਹੀਆਂ ਸਨ।

ਮੇਰੇ ਵਿਰੋਧੀਆਂ ਨੇ ਮੇਰੇ ਵਿਰੁਧ ਇਹ ਪ੍ਰਚਾਰ ਵੀ ਕੀਤਾ ਕਿ ਮੈਂ ਹੰਕਾਰੀ ਹਾਂ ਤੇ ਖ਼ਾਲਸੇ ਦੀਆਂ ਜਿੱਤਾਂ ਦਾ ਸਿਹਰਾ ਆਪਣੇ ਸਿਰ ਬੰਨਣਾ ਚਾਹੁੰਦਾ ਹਾਂ। ਮਾਹੌਲ ਇਸ ਤਰ੍ਹਾਂ ਦਾ ਬਣ ਗਿਆ ਸੀ ਕਿ ਲੋਕ ਲਹਿਰ ਕਾਰਨ ਸਾਡੀ ਹਰ ਮੈਦਾਨ ਵਿਚ ਫਤਹਿ ਹੋ ਰਹੀ ਸੀ ਤੇ ਇਸ ਦੀ ਵਜ੍ਹਾ ਉਹ ਮੈਨੂੰ ਸਮਝਦੇ ਸਨ। ਮੈਂ ਲੜਨ ਮਰਨ ਤੋਂ ਕਦੀ ਨਹੀਂ ਸੀ ਡਰਦਾ। ਮਰਨਾ ਤਾਂ ਇਕ ਦਿਨ ਸਭਨੇ ਹੈ। ਕਿਉਂ ਨਾ ਸੂਰਮਿਆਂ ਵਾਂਗ ਮਰਿਆ ਜਾਵੇ, ਜਿਸਨੂੰ ਲੋਕ ਵੀ ਯਾਦ ਰੱਖਣ। ਮੇਰਾ ਅਟੁੱਟ ਵਿਸ਼ਵਾਸ ਸੀ ਕਿ ਮੁਗ਼ਲਾ ਕੋਲ ਅਜਿਹੀ ਕੋਈ ਗੋਲੀ ਜਾਂ ਤਲਵਾਰ ਨਹੀਂ, ਜਿਹੜੀ ਮੈਨੂੰ ਖ਼ਤਮ ਕਰ ਸਕੇ। ਜਦ ਕਿਸੇ ਦੀ ਵਧੀ ਹੋਵੇ ਤਾਂ ਉਸਨੂੰ ਵਰ੍ਹਦੀਆਂ ਗੋਲੀਆਂ ਵਿਚ ਵੀ ਕੋਈ ਆਂਚ ਨਹੀਂ ਆ ਸਕਦੀ। ਜਦੋਂ ਘਟ ਜਾਵੇਗੀ ਤਾਂ ਘਰ ਵਿਚ ਹੀ ਮੌਤ ਨੇ ਘੇਰ ਲੈਣਾ ਹੈ। ਮੈਂ ਲੜਨ ਵੇਲੇ ਆਪਣੀ ਫੌਜ ਦੇ ਅਗਲੇ ਪਾਸੇ ਹੁੰਦਾ ਸੀ। ਮੇਰੀ ਪਿੱਠ ਤੇ ਦੁਸ਼ਮਣ ਦਾ ਕੋਈ ਵਾਰ ਨਹੀਂ ਸੀ ਹੋਇਆ ਕਿਉਂਕਿ ਮੈਂ ਦੁਸ਼ਮਣ ਨੂੰ ਕਦੀ ਪਿੱਠ ਦਿੱਤੀ ਹੀ ਨਹੀਂ ਸੀ। ਇਹਨਾਂ ਕਾਰਨਾਂ ਕਰਕੇ ਸਾਡੀ ਹਰ ਯੁੱਧ ਵਿਚ ਫਤਹਿ ਹੁੰਦੀ ਸੀ ਤੇ ਮੇਰੇ ਸਾਥੀ ਮੇਰੀ ਜਿੱਤਾਂ ਤੋਂ ਖਫਾ ਸਨ। ਜਿੱਤ ਵੇਲੇ ਬਹੁਤ ਲੋਕ ਮੇਰੇ ਹੀ ਆਲੇ ਦੁਆਲੇ ਘੁੰਮਦੇ ਫਿਰਦੇ ਸਨ।

ਪਰ ਇਸਦਾ ਮਤਲਬ ਇਹ ਨਹੀਂ ਕਿ ਮੇਰੀ ਖ਼ਾਲਸਾ ਫੌਜ ਵਿਚ ਮੈਂ ਹੀ ਯੋਧਾ ਸੀ। ਮੇਰੇ ਪੰਜ ਸਲਾਹਕਾਰ ਬਾਬਾ ਬਨੋਦ ਸਿੰਘ, ਕਾਹਨ ਸਿੰਘ, ਬਾਜ ਸਿੰਘ, ਫਤਹਿ ਸਿੰਘ, ਰਾਮ ਸਿੰਘ ਤੇ ਰਣ ਸਿੰਘ, ਇਕ ਤੋਂ ਵਧਕੇ ਇਕ ਸੂਰਮੇ ਤੇ ਸਿਰਲੱਥ ਸਨ। ਉਹ ਯੁੱਧ ਵਿਚ ਮੇਰੇ ਅੰਗ ਸੰਗ ਰਹਿੰਦੇ ਸਨ ਅਤੇ ਅਸੀਂ ਇਕ ਦੂਜੇ ਤੋਂ ਪ੍ਰੇਰਨਾ ਲੈ ਕੇ ਜੰਗ ਵਿਚ ਜੂਝਦੇ ਸਾਂ। ਇਹਨਾਂ ਸੂਰਮਿਆਂ ਨੇ ਹੀ ਬਹੁਤ ਸਾਰੇ ਮੈਦਾਨ ਮਾਰੇ ਸਨ। ਲੋਕ ਇਹਨਾਂ ਵਾਂਗ ਮੇਰੀ ਵੀ ਇੱਜ਼ਤ ਕਰਦੇ ਸਨ। ਮੈਂ ਕਦੀ ਵੀ ਇਹ ਨਹੀਂ ਚਾਹਿਆ ਕਿ ਫਲਾਣੇ ਪਰਗੰਨੇ ਜਾਂ ਨਗਰ ਦਾ ਪ੍ਰਬੰਧਕ ਬਣਾ। ਮੈਂ ਇਹ ਕਾਰਜ ਹਮੇਸ਼ਾਂ ਆਪਣੇ ਯੋਧੇ ਸਿੰਘਾਂ ਨੂੰ ਸੌਂਪਦਾ ਸੀ। ਇਸ ਲਈ ਮੇਰੇ ਵਿਰੁੱਧ ਹੰਕਾਰੀ ਜਾਂ ਅਭਿਮਾਨ ਦਾ ਝੂਠਾ ਦੋਸ਼ ਲਗਾਇਆ ਜਾ ਰਿਹਾ ਸੀ। ਇਹ ਕੇਵਲ ਮੈਨੂੰ ਸਿੰਘਾਂ ਤੋਂ ਬੇਮੁੱਖ ਕਰਨ ਲਈ ਮੇਰੇ ਦੋਖੀਆਂ ਦੀ ਇਕ ਕੋਝੀ ਤੇ ਕਾਲੀ ਕਰਤੂਤ ਸੀ। ਪਹਿਲਾਂ ਇਹ ਲੋਕ ਮੇਰੇ

ਵਿਸ਼ਵਾਸ਼ ਦੇ ਪਾਤਰ ਸਨ, ਪਰ ਹੌਲੀ-ਹੌਲੀ ਇਹਨਾਂ ਸਭਨਾਂ ਉਪਰ ਮੈਨੂੰ ਵਫਾਦਾਰੀ ਦਾ ਸੰਦੇਹ ਹੋਣ ਲਗਾ ਸੀ। ਇਹੀ ਲੋਕ ਮੇਰੀ ਤਾਕਤ ਸਨ ਤੇ ਇਹੀ ਹੁਣ ਮੇਰੇ ਲਈ ਬਿਪਤਾ ਬਣ ਰਹੇ ਸਨ। ਇਹਨਾਂ ਦਾ ਕਿਰਦਾਰ ਸ਼ੱਕੀ ਹੋ ਰਿਹਾ ਸੀ।

ਮੈਂ ਇਹ ਵੀ ਸੁਣਿਆ ਕਿ ਮੇਰੇ ਵਿਰੁੱਧ ਇਹ ਵੀ ਇਲਜ਼ਾਮ ਹੈ ਕਿ ਮੈਂ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ਨਹੀਂ ਬੋਲਦਾ ਤੇ ਇਸਦੀ ਜਗਾ ਫਤਹਿ ਦਰਸ਼ਨ ਦਾ ਜੈਕਾਰਾ ਬੋਲਦਾ ਹਾਂ। ਇਹ ਵੀ ਦੋਸ਼ ਨਿਰਮੂਲ ਹੈ। ਸਾਡੀ ਵਿਰੋਧੀ ਫੌਜ, ਯੁਧ ਵੇਲੇ ਅੱਲਾਹੂ ਅ਼ਕਬਰ ਤੇ ਯਾ-ਅਲੀ-ਯਾ-ਅਲੀ ਦੇ ਨਾਹਰੇ ਲਾਉਂਦੇ ਸਨ। ਅਸੀਂ ਇਸਦੇ ਮੁਕਾਬਲੇ ਵਾਹਿਗੁਰੂ ਜੀ ਕਾ ਖ਼ਾਲਸਾ ਦਾ ਜੈਕਾਰਾ ਛੱਡਕੇ ਸੀ ਪਰ ਇਹ ਲੰਮਾਂ ਹੋਣ ਕਰਕੇ ਅਸੀਂ ਕਦੀ ਕਦੀ ਫਤਹਿ ਦਰਸ਼ਨ ਵੀ ਬੋਲਦੇ ਸੀ। ਇਹ ਯਾ-ਅਲੀ ਵਾਂਗ ਜਲਦੀ ਨਾਲ ਬੋਲਿਆ ਜਾਂਦਾ ਸੀ ਤੇ ਨਾਲੇ ਸਾਨੂੰ ਸਾਡੀ ਫਤਹਿ ਦੀ ਯਾਦ ਕਰਾਉਂਦਾ ਸੀ। ਪਰ ਇਹ ਕਹਿਣਾਂ ਕਿ ਅਸੀਂ ਵਾਹਿਗੁਰੂ ਜੀ ਕਾ ਖ਼ਾਲਸਾ ਦੀ ਜਗਾ ਫਤਹਿ ਦਰਸ਼ਨ ਬੋਲਦੇ ਸੀ, ਇਹ ਬਿਲਕੁਲ ਕੋਰਾ ਕੁਫਰ ਸੀ। ਮੈਂ ਤਾਂ ਜਦੋਂ ਵੀ ਕਿਸੇ ਸਿੰਘ ਨੂੰ ਮਿਲਦਾ ਸੀ, ਜਾਂ ਇਕ ਸਿੰਘ ਦੂਜੇ ਨੂੰ ਮਿਲਦਾ ਸੀ, ਇਹੀ ਜੈਕਾਰਾ ਗਜਾਉਣ ਦੀ ਪਰੰਪਰਾ ਚਾਲੂ ਰਖੀ ਸੀ। ਫਤਹਿ ਦਰਸ਼ਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੇਰੀ ਖ਼ਾਲਸਾ ਫੌਜ ਜਾਣਦੀ ਸੀ ਕਿ ਮੇਰੇ ਵਿਰੁੱਧ ਅਜਿਹਾ ਦੋਸ਼ ਨਹੀਂ ਲਗਾਇਆ ਜਾ ਸਕਦਾ। ਮੈਂ ਖੰਡੇ ਦੀ ਪਾਹੁਲ ਦਾ ਤਾਂ ਕੋਈ ਰਿਵਾਜ਼ ਹੀ ਨਹੀਂ ਸੀ। ਇਹ ਤਾਂ ਸਾਡੀ ਹੀਣਤਾ ਦੀ ਨਿਸ਼ਾਨੀ ਸੀ। ਮੇਰੇ ਵਿਰੁੱਧ ਅਜਿਹਾ ਪ੍ਰਚਾਰ ਕਰਨਾ ਮੇਰੇ ਵਿਰੁੱਧ ਬਹੁਤ ਘਾਤਕ ਸਾਬਤ ਹੋ ਰਿਹਾ ਸੀ। ਮੇਰੇ ਦੋਖੀ ਮੈਨੂੰ ਗੈਰ ਸਿੱਖੀ ਪਰੰਪਰਾਵਾਂ ਦਾ ਧਾਰਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ ਪਰੰਤੂ ਮੈਨੂੰ ਤਾਂ ਸਾਰਾ ਬਲ ਹੀ ਖੰਡੇ ਬਾਟੇ ਦੀ ਪਾਹੁਲ ਤੋਂ ਮਿਲਿਆ ਸੀ। ਅਜਿਹੇ ਪ੍ਰਚਾਰ ਦੀ ਮੈਂ ਕਦੀ ਤਵਕੋਂ ਵੀ ਨਹੀਂ ਸੀ ਕੀਤੀ। ਇਹ ਘਟੀਆ ਸੋਚ ਵਾਲੇ ਸਿੱਖਾਂ ਦੇ ਮਨਾਂ ਦੀ ਕਾਢ ਸੀ। ਮੇਰਾ ਜੀਵਨ ਇਕ ਆਈਨੇ ਵਾਂਗ ਸੀ। ਮੇਰੇ ਵਿਚ ਕੋਈ ਦੋਗਲਾਪਣ ਨਹੀਂ ਸੀ। ਮੇਰੇ ਕਹਿਣੀ ਤੇ ਕਥਨੀ ਵਿਚ ਉਨੀਂ ਇਕੀ ਦਾ ਫ਼ਰਕ ਸੀ ਪਰ ਇਹ ਲੋਕ ਤਾਂ ਮੈਨੂੰ ਪਖੰਡੀ ਸਾਬਤ ਕਰਨ ਦੀ ਨਾਕਾਮ ਕੋਸ਼ਿਸ਼ ਕਰ ਰਹੇ ਸਨ। ਗੁਰੂ ਦੀ ਖਾਮੋਸ਼ ਲਾਠੀ ਦਾ ਇਹਨਾਂ ਨੂੰ ਕੋਈ ਚਿਤ ਚੇਤਾ ਨਹੀਂ ਸੀ। ਜਦੋਂ ਗੁਰੂ ਪੰਥ ਦਾ ਇਤਿਹਾਸ ਰਚਿਆ ਜਾਵੇਗਾ, ਲੋਕ ਮੈਨੂੰ ਸ਼ਾਬਾਸ਼ ਦੇਣਗੇ ਤੇ ਮੇਰੇ ਦੋਖੀਆਂ ਨੂੰ ਲਾਹਨਤਾਂ ਪਾਉਣਗੇ।

ਮੇਰੀਆਂ ਸਕੀਮਾਂ ਦੇ ਵਿਰੋਧਤਾ ਕਰਨ ਵਾਲੇ ਬੁਰੇ ਦੇ ਘਰ ਜਾ ਪਹੁੰਚੇ। ਮੇਰੇ ਬਾਰੇ ਇਹ ਵੀ ਦੰਦ ਕਥਾ ਚਲਾਈ ਗਈ ਕਿ ਮੈਂ ਅੰਮ੍ਰਿਤਧਾਰੀ ਸਿੱਖ ਹੀ ਨਹੀਂ, ਸਗੋਂ ਇਕ ਬੈਰਾਗੀ ਸਾਧ ਹਾਂ। ਇਸੇ ਲਈ ਮੈਂ ਸਿੱਖਾਂ ਨਾਲ ਬਹੁਤਾ ਲਗਾਓ ਨਹੀਂ ਰੱਖਦਾ। ਮੈਂ ਵੈਸ਼ਨੋ ਭੋਜਨ ਖਾਂਦਾ ਹਾਂ ਜਦੋਂ ਕਿ ਸਿੰਘ ਬਹੁਤ ਮਾਸਾਹਾਰੀ ਹੁੰਦੇ ਹਨ। ਇਹ ਦੋਸ਼ ਤਾਂ ਮੇਰੀ ਸਮੁੱਚੀ ਸ਼ਖ਼ਸੀਅਤ ਦਾ ਕਤਲ ਕਰਨ ਵਾਲੀ ਗਲ ਸੀ। ਇਤਿਹਾਸ ਗਵਾਹ ਹੈ

ਕਿ ਗੁਰੂ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਮੈਂ ਬੈਰਾਗੀ ਸਾਧੂ ਸੀ। ਮੇਰਾ ਨਾਮ ਮਾਧੋ ਦਾਸ ਸੀ ਤੇ ਮੇਰਾ ਧਰਮ ਹਿੰਦੂ ਰਾਜਪੂਤ ਸੀ। ਪਰ ਜਦ ਮੈਂ ਨੰਦੇੜ ਵਿਖੇ ਆਪਣੇ ਡੇਰੇ ਤੇ ਗੁਰੂ ਜੀ ਦੇ ਸਨਮੁਖ ਹੋਇਆ ਤੇ ਉਹਨਾਂ ਨਾਲ ਬਚਨ ਕੀਤੇ ਤਾਂ ਮੇਰਾ ਇਕ ਨਵਾਂ ਜਨਮ ਹੋਇਆ। ਮੈਂ ਸੁਣਿਆ ਹੋਇਆ ਸੀ ਕਿ ਗੁਰੂ ਨਾਨਕ ਦਾ ਘਰ ਬਹੁਤ ਜ਼ਾਹਰੀ ਹੈ। ਭਾਈ ਲਹਿਣਾ ਜੀ, ਗੁਰੂ ਅੰਗਦ ਦੇਵ ਬਣਨੇ ਤੋਂ ਪਹਿਲਾਂ ਦੇਵੀ ਦੇ ਭਗਤ ਤੇ ਬੁਤ ਪੂਜਕ ਸਨ। ਉਹਨਾਂ ਵਿਚ ਸਿੱਖੀ ਸਰੂਪ ਜਾਂ ਸੀਰਤ ਵਾਲੀ ਕੋਈ ਗਲ ਨਹੀਂ ਸੀ। ਇਹ ਤਾਂ ਜਦੋਂ ਗੁਰੂ ਨਾਨਕ ਦੇਵ ਜੀ ਦੀ ਉਹਨਾਂ ਪਰ ਕ੍ਰਿਪਾ ਹੋਈ ਤਾਂ ਉਹਨਾਂ ਨੂੰ ਦੂਜਾ ਅਧਿਆਤਮਕ ਜੀਵਨ ਮਿਲਿਆ ਇਹ ਗੁਰੂ ਘਰ ਦਾ ਹੀ ਕ੍ਰਿਸ਼ਮਾ ਸੀ ਕਿ ਮੇਰੇ ਵਰਗੇ ਨਾਂਗੇ ਸਾਧ ਨੂੰ ਜਦੋਂ ਜੀਵਨ ਦੀ ਕੋਈ ਸੇਧ ਜਾਂ ਦਿਸ਼ਾ ਨਹੀਂ ਸੀ, ਉਹ ਗੁਰੂ ਘਰ ਦੀਆਂ ਬਰਕਤਾਂ ਨਾਲ ਸਰਸ਼ਾਰ ਹੋ ਗਿਆ। ਇਸ ਘਟਨਾ ਤੋਂ ਪਹਿਲਾਂ ਮੈਂ ਘਮੰਡੀ ਤੇ ਪਖੰਡੀ ਸਾਂ। ਮੇਰੇ ਵਰਗੇ ਕਈ ਪਖੰਡੀ ਹਿੰਦੋਸਤਾਨ ਵਿਚ ਆਪੋ ਆਪਣੀਆਂ ਦੁਕਾਨਾਂ ਚਲਾ ਰਹੇ ਸਨ। ਪਰ ਗੁਰੂ ਜੀ ਸ਼ਾਇਦ ਉਚੇਚੇ ਮੇਰੇ ਪਾਸ ਹੀ ਆਏ ਸਨ। ਉਹਨਾਂ ਨੇ ਆਪਣੀਆਂ ਬਹੁਤ ਸਾਰੀਆਂ ਸ਼ਕਤੀਆਂ ਮੇਰੇ ਉਪਰ ਕ੍ਰਿਪਾ ਕਰਕੇ ਭਰ ਦਿੱਤੀਆਂ। ਇਸ ਮਿਲਣੀ ਤੋਂ ਬਾਅਦ ਮੈਂ ਹਰਗਿਜ਼ ਉਹ ਬੈਰਾਗੀ ਨਹੀਂ ਰਿਹਾ ਸੀ।

ਇਹੀ ਕਾਰਨ ਹੈ ਕਿ ਜਦੋਂ ਗੁਰੂ ਜੀ ਦੇ ਆਦੇਸ਼ ਮੁਤਾਬਿਕ ਪੰਜਾਬ ਵਲ ਆਇਆ ਤਾਂ ਬਹੁਤੇ ਲੋਕ ਮੈਂ ਗੁਰੂ ਹੀ ਸਮਝ ਬੈਠੇ ਸਨ। ਵੇਖਣ ਵਾਲੇ ਦਸਦੇ ਹਨ ਕਿ ਮੇਰੀ ਸ਼ਕਲ ਕੁਝ ਹਦ ਤੱਕ ਮੇਰੇ ਸਤਿਗੁੰਰ ਨਾਲ ਮਿਲਦੀ ਸੀ। ਨਾਲ ਉਹ ਇਹ ਵੀ ਸੋਚਦੇ ਸਨ ਕਿ ਅਜਿਹੇ ਜ਼ਲਾਲ ਤੇ ਚੜ੍ਹਦੀ ਕਲ੍ਹਾ ਵਾਲਾ ਸ਼ਕਸ, ਸਾਡਾ ਗੁਰੂ ਹੀ ਹੋ ਸਕਦਾ ਹੈ। ਮੈਂ ਬਥੇਰਾ ਆਖਦਾ ਕਿ ਮੈਂ ਗੁਰੂ ਨਹੀਂ ਸਗੋਂ ਉਹਨਾਂ ਦਾ ਬੰਦਾ (ਗੁਲਾਮ) ਹਾਂ। ਮੇਰੇ ਤੇ ਤੁਹਾਡੇ ਵਿਚ ਕੇਵਲ ਇਤਨਾ ਫ਼ਰਕ ਹੈ ਕਿ ਤੁਹਾਡੇ ਉਪਰ ਹਾਲੇ ਗੁਰੂ ਦੀ ਕ੍ਰਿਪਾ ਨਹੀਂ ਹੋਈ, ਜਦੋਂ ਕਿ ਮੇਰੇ ਉਪਰ ਗੁਰੂ ਜੀ ਨੇ ਕ੍ਰਿਪਾ ਕਰਕੇ ਮੇਰੀ ਧੰਨ ਧੰਨ ਕਰਾ ਦਿੱਤੀ ਹੈ। ਉਸ ਵਕਤ ਦੀ ਮੁਗ਼ਲ ਸਰਕਾਰ ਵੀ ਇਹੀ ਭੁਲੇਖਾ ਖਾ ਬੈਠੀ ਸੀ। ਉਹ ਸਮਝਦੇ ਸਨ ਕਿ ਇਤਨਾ ਹਰ ਦਿਲ ਅਜ਼ੀਜ਼, ਨਿੱਡਰ, ਸੂਝਵਾਨ, ਸਖੀ ਤੇ ਗ਼ਰੀਬ ਨਿਵਾਜ ਕੇਵਲ ਗੁਰੂ ਗੋਬਿੰਦ ਸਿੰਘ ਹੀ ਹੋ ਸਕਦਾ ਹੈ। ਇਸ ਲਈ ਸ਼ਾਇਦ ਅਕਾਲ ਪੁਰਖ ਇਹ ਭੁਲੇਖਾ ਪਾ ਕੇ ਮੇਰੀ ਮਦਦ ਕਰਨਾ ਚਾਹੁੰਦਾ ਸੀ ਜਾਂ ਫਿਰ ਇਹ ਮੇਰੇ ਸਤਿਗੁਰ ਦੀ ਲੀਲਾ ਸੀ। ਮੈਨੂੰ ਮੈਦਾਨੇ ਜੰਗ ਵਿਚ ਲੜਦਾ ਵੇਖਕੇ ਕੁਝ ਮੇਰੇ ਸਿੰਘ ਹੀ ਅੰਦਾਜ਼ਾ ਲਗਾਈ ਬੈਠੇ ਸਨ ਕਿ—'ਮੇਰੇ ਕੋਲ ਚਮਤਕਾਰੀ ਤਾਕਤਾਂ ਹਨ, ਜਿੰਨਾਂ ਸਦਕਾ ਹਮੇਸ਼ਾਂ ਮੇਰੀ ਜਿੱਤ ਹੁੰਦੀ ਹੈ। ਕੁਝ ਲੋਕ ਇਹ ਵੀ ਸਮਝੀ ਬੈਠੇ ਸਨ ਕਿ ਮੇਰੇ ਕੋਲ ਤਾਂਤਰਿਕ ਤੇ ਗੈਬੀ ਸ਼ਕਤੀਆਂ ਹਨ। ਮੈਂ ਆਪਣੀ ਮਰਜ਼ੀ ਨਾਲ ਆਪਣੇ ਆਪ ਨੂੰ ਕਿਸੇ ਵੀ ਜਗ੍ਹਾ ਹਾਜ਼ਿਰ ਜਾਂ ਗੈਰ ਹਾਜ਼ਿਰ ਕਰ ਸਕਦਾ ਸੀ। ਮੈਂ ਮਸਨੂਹੀ ਅਗਾਂ ਲਗਾਕੇ ਦੁਸ਼ਮਣਾਂ ਦੇ ਦਿਲ ਵਿਚ ਖੌਫ ਪੈਦਾ ਕਰ ਸਕਦਾ ਸੀ। ਮੈਂ ਜਿਊਂਦੇ ਜਾਗਦੇ

ਲੋਕਾਂ ਨੂੰ ਆਪਣੀਆਂ ਕਰਾਮਾਤੀ ਸ਼ਕਤੀਆਂ ਨਾਲ ਭਸਮ ਕਰ ਸਕਦਾ ਸੀ। ਮੇਰੇ ਬਾਰੇ ਅਜਿਹੇ ਕਈ ਵਹਿਮ ਜਾਂ ਭਰਮ ਪਾਲੇ ਜਾ ਰਹੇ ਸਨ। ਹਲੀਕਤ ਇਹ ਸੀ ਕਿ ਮੈਂ ਆਮ ਇਨਸਾਨਾਂ ਵਰਗਾ ਇਨਸਾਨ ਸਾਂ, ਜਿਸ ਉਪਰ ਗੁਰੂ ਜੀ ਦੀ ਅਪਾਰ ਕਿਰਪਾ ਤੇ ਸ਼ਕਤੀ ਸੀ। ਮੈਨੂੰ ਕਈ ਵਾਰ ਖ਼ੁਦ ਨੂੰ ਵੀ ਪਤਾ ਨਹੀਂ ਸੀ ਚਲਦਾ ਕਿ ਮੈਂ ਅਜਿਹਾ ਜੋਖ਼ਮ ਭਰਿਆ ਕੰਮ ਕਿਵੇਂ ਕਰ ਲਿਆ ? ਮੈਂ ਵਰ੍ਹਦੀਆਂ ਗੋਲੀਆਂ ਤੇ ਤਲਵਾਰਾਂ ਵਿਚੋਂ ਕਿਵੇਂ ਬਾਹਰ ਆ ਗਿਆ ? ਪਹਿਲਾਂ ਮੈਂ ਇਤਨਾਂ ਬਹਾਦਰ ਨਹੀਂ ਸੀ। ਇਹ ਤਾਂ ਗੁਰੂ ਜੀ ਦੀ ਹੀ ਅਦੁੱਤੀ ਕਿਰਪਾ ਸੀ ਕਿ ਮੈਨੂੰ ਲੋਕ ਬਾਬਾ ਬੰਦਾ ਸਿੰਘ ਬਹਾਦਰ ਕਹਿਣ ਲਗ ਪਏ। ਮੈਨੂੰ ਬਾਬਾ ਵੀ, ਬੰਦਾ ਵੀ, ਸਿੰਘ ਵੀ ਤੇ ਬਹਾਦਰ ਵੀ ਕਲਗੀਆਂ ਵਾਲੇ ਸਤਿਗੁਰ ਨੇ ਬਣਾਇਆ ਸੀ। ਉਹਨਾਂ ਦੀ ਕ੍ਰਿਪਾ ਨਾ ਹੁੰਦੀ ਤਾਂ ਮੈਂ ਨੰਦੇੜ ਵਿਖੇ ਪਖੰਡਾਂ ਵਿਚ ਹੀ ਆਪਣੀ ਹਯਾਤੀ ਲੁਟਾ ਦੇਣੀ ਸੀ।

ਬਾਕੀ ਰਹੀ ਚਰਨ ਪਾਹੁਲ ਦੀ ਗਲ। ਇਹ ਇਕ ਪੁਰਾਤਨ ਹਿੰਦੂ ਗੀਤ ਜ਼ਰੂਰ ਹੈ ਪਰ ਗੁਰੂ ਜੀ ਨੇ ਇਸ ਦੀ ਜਗ੍ਹਾ ਖੰਡੇ ਬਾਟੇ ਦਾ ਅੰਮ੍ਰਿਤ ਸ਼ੁਰੂ ਕਰਵਾ ਦਿੱਤਾ ਸੀ। ਇਹ ਗੀਤ ਪਹਿਲੀ ਗੀਤ ਨਾਲੋਂ ਕਿਤੇ ਪ੍ਰਭਾਵਸ਼ਾਲੀ ਤੇ ਸਿਹਤ ਦੇ ਅਸੂਲਾਂ ਅਨੁਸਾਰ ਹੈ। ਇਸ ਨਾਲ ਸਿੰਘਾਂ ਵਿਚ ਘਟੀਆਪਣ ਦਾ ਅਹਿਸਾਸ ਨਹੀਂ ਹੁੰਦਾ। ਮੈਂ ਤਾਂ ਬਾਕੀ ਸਿੰਘਾਂ ਵਾਂਗ ਪਾਹੁਲ ਵਿਚ ਹੀ ਯਕੀਨ ਰੱਖਦਾ ਹਾਂ ਤੇ ਅਸੀਂ ਸੈਂਕੜੇ ਸਿੰਘਾਂ ਨੂੰ ਰੋਜ਼ਾਨਾ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਹੀ ਉਹਨਾਂ ਨੂੰ ਸਿੱਖੀ ਵਿਚ ਸ਼ਾਮਿਲ ਕਰਦੇ ਹਾਂ। ਜਿਹੜੇ ਲੋਕ ਇਹ ਤੋਹਮਤ ਮੇਰੇ ਉਪਰ ਲਗਾ ਰਹੇ ਹਨ, ਉਹ ਵੀ ਉਥੇ ਹੀ ਹਾਜ਼ਿਰ ਹੁੰਦੇ ਹਨ ਜਦੋਂ ਅੰਮ੍ਰਿਤ ਪਾਨ ਕਰਾਉਣੇ ਦੀ ਰਸਮ ਚਲ ਰਹੀ ਹੁੰਦੀ ਹੈ। ਮੈਂ ਕਿਉਂਕਿ ਨਵਾਂ ਨਵਾਂ ਸਿੱਖ ਬਣਿਆ ਹਾਂ, ਇਸ ਲਈ ਮੇਰੇ ਵਿਚ ਕਟੜਤਾ ਆਪ ਸਿੱਖਾਂ ਨਾਲੋਂ ਵਧੇਰੇ ਹੈ। ਮੈਨੂੰ ਵਿਸ਼ਵਾਸ ਹੈ ਕਿ ਮੇਰੇ ਸਿੰਘ ਅਜਿਹੇ ਕੂੜ ਪ੍ਰਚਾਰ ਤੋਂ ਸੁਚੇਤ ਰਹਿਣਗੇ ਅਤੇ ਮੇਰੇ ਦੋਖੀਆਂ ਵਲੋਂ ਆਏ ਦਿਨ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਵਿਚ ਯਕੀਨ ਨਹੀਂ ਰੱਖਣਗੇ। ਮੈਂ ਹੁਣ ਹਿੰਦੂ ਬੈਰਾਗੀ ਨਹੀਂ। ਮੈਂ ਗੁਰੂ ਸਾਹਿਬ ਦਾ ਤਿਆਰ-ਬਰ ਸਿੱਖ ਹਾਂ। ਅਜਿਹੇ ਬੇ ਬੁਨਿਆਦ ਇਲਜ਼ਾਮ ਲਾਉਣ ਸੌਖੇ ਹਨ ਪਰ ਸਾਬਤ ਕਰਨੇ ਉਹਨੈ ਹੀ ਕਠਿਨ ਹਨ। ਉਹ ਸਿੰਘ ਮੇਰੇ ਸਾਹਮਣੇ ਆ ਕੇ ਦਸੇ ਕਿ ਕਦੋਂ ਉਸਨੇ ਮੈਨੂੰ ਚਰਨ-ਪਾਹੁਲ ਲੈਂਦੇ ਵੇਖਿਆ ਹੈ? ਸੁਣੀਆਂ ਸੁਣਾਈਆਂ ਗਲਾਂ ਤੇ ਮੇਰੇ ਪਿਆਰੇ ਸਿੰਘਾਂ ਨੂੰ ਕਦਾਚਿਤ ਯਕੀਨ ਨਹੀਂ ਕਰਨਾ ਚਾਹੀਦਾ।

ਜਦੋਂ ਉਪਰੋਕਤ ਅਫਵਾਹਾਂ ਦਾ ਸਿੰਘਾਂ ਤੇ ਕੋਈ ਅਸਰ ਨਾ ਹੋਇਆ ਤਾਂ ਉਹਨਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਖ਼ਾਲਸਾ ਫੌਜ ਨੂੰ ਨਿੱਤ ਦੀਆਂ ਹਾਰਾਂ ਦਾ ਇਸ ਲਈ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਮੈਂ ਸਿੱਖੀ ਤੋਂ ਬਹੁਤ ਦੂਰ ਚਲਾ ਗਿਆ ਹਾਂ ਤੇ ਮੇਰੇ ਵਿਚ ਬਰਾਮਣਾਂ ਵਾਲੀਆਂ ਪ੍ਰਵਿਰਤੀਆਂ ਭਾਰੂ ਹੋ ਰਹੀਆਂ ਹਨ। ਨਾਲੇ ਮੈਂ ਗੁਰੂ ਜੀ ਦੇ ਬਚਨਾਂ ਦੀ ਅਵੱਗਿਆ ਕੀਤੀ ਹੈ। ਇਸੇ ਲਈ ਮੈਂ ਤੇ ਮੇਰੇ ਸਿੰਘ ਘੋਰ ਸੰਕਟ ਵਿਚ ਫਸ ਗਏ ਹਨ। ਹਾਲਾਂ ਕਿ ਸਚਾਈ ਇਹ ਹੈ ਕਿ ਸਾਡੀਆਂ ਹਾਰਾਂ ਤੇ

ਪਰੇਸ਼ਾਨੀਆਂ ਦਾ ਮੁੱਖ ਕਾਰਨ ਸਾਡੇ ਕੁਝ ਮੁੱਖ ਜਥੇਦਾਰਾਂ ਦੀ ਕਾਣੀ ਨੀਯਤ ਸੀ। ਉਹ ਜੰਮ ਕੇ ਲੜਨ ਤੋਂ ਪਹਿਲਾਂ ਹੀ ਮੈਦਾਨ ਛੱਡਣ ਲਗ ਪੈਂਦੇ ਸਨ। ਉਹਨਾਂ ਵਿਚ ਅਫ਼ਵਾਹਾਂ ਕਾਰਨ ਦ੍ਰਿੜਤਾ ਤੇ ਜੋਸ਼ ਘੱਟ ਗਿਆ ਸੀ। ਇਸ ਸਚਾਈ ਤੋਂ ਧਿਆਨ ਪਰੇ ਹਟਾਉਣ ਲਈ ਇਹ ਤੱਤ ਖ਼ਾਲਸੇ ਦਾ ਇਕ ਨਵਾਂ ਧੜਾ ਬਣਾ ਕੇ ਮੈਨੂੰ ਬੰਦਈ ਜਾਂ ਪਹਾੜੀ ਖ਼ਾਲਸਾ ਬਣਾਕੇ ਪੇਸ਼ ਕਰਦੇ ਹਨ। ਉਹਨਾਂ ਦੀਆਂ ਨਜ਼ਰਾਂ ਵਿਚ ਮੈਂ ਤੇ ਮੇਰੇ ਸ਼ੁਭਚਿੰਤਕ ਅਸਲੀ ਖ਼ਾਲਸਾ ਨਹੀਂ ਹਨ। ਅਸਲੀ ਸਿੱਖ ਤੱਤ ਖ਼ਾਲਸਾ ਵਾਲੇ ਹਨ, ਜਿੰਨਾਂ ਦਾ ਪ੍ਰਮੁੱਖ ਬਾਬਾ ਬਿਨੋਦ ਸਿੰਘ ਤੇ ਉਹਨਾਂ ਦੇ ਪੁੱਤਰ ਪੋਤਰੇ ਸਨ। ਖ਼ਾਲਸਾ ਫੌਜ ਨੂੰ ਜਾਣ ਬੁਝਕੇ ਦੋ ਧੜਿਆਂ ਵਿਚ ਵੰਡਿਆ ਜਾ ਰਿਹਾ ਸੀ। ਗੁਰੂ ਜੀ ਨੇ ਸਭ ਧਰਮਾਂ ਤੇ ਜਾਤਾਂ ਨੂੰ ਅੰਮ੍ਰਿਤ ਛਕਾ ਕੇ ਇਕ ਜੁੱਟ ਖ਼ਾਲਸਾ ਬਣਾ ਦਿੱਤਾ ਸੀ। ਉਹਨਾਂ ਦੀਆਂ ਜਨਮ ਵਾਲੀਆਂ ਜਾਤਾਂ ਨੂੰ ਖ਼ਤਮ ਕਰ ਦਿੱਤਾ ਸੀ। ਪਰ ਬਾਬਾ ਬਿਨੋਦ ਸਿੰਘ, ਮੈਂ ਕਈ ਸਿੰਘਾਂ ਪਾਸੋਂ ਸੁਣਿਆ ਸੀ ਕਿ ਇਹ ਆਪਣੀ ਜਾਤ ਨੂੰ ਬਹੁਤ ਉੱਚਾ ਤੇ ਬਾਕੀਆਂ ਨੂੰ ਨੀਵਾਂ ਸਮਝਦੇ ਸਨ। ਉਹ ਅਕਸਰ ਕਹਿੰਦੇ ਸਨ ਕਿ ਸਾਰੇ ਗੁਰੂ ਸਾਹਿਬਾਨ ਖ਼ਤਰੀ ਬਰਾਦਰੀ ਵਿਚੋਂ ਸਨ ਤੇ ਉਹ ਵੀ ਤਰੇਹਨ ਖ਼ਤਰੀ ਹੈ, ਇਸ ਲਈ ਉਹ ਦੂਜਿਆਂ ਨਾਲੋਂ ਚੰਗੇਰਾ ਸਿੱਖ ਹੈ। ਮੇਰੀ ਸੋਚ ਮੁਤਾਬਿਕ ਅੰਮ੍ਰਿਤ ਛਕਕੇ ਵੀ ਆਪਣੀ ਪਹਿਲੀ ਜਾਤ ਗੋਤ ਦਾ ਅਭਿਮਾਨ ਰੱਖਣਾ, ਖ਼ਾਲਸਾ ਪੰਥ ਦੇ ਬੁਨਿਆਦੀ ਅਸੂਲਾਂ ਦੇ ਖ਼ਿਲਾਫ਼ ਹੈ। ਬਾਬਾ ਬਿਨੋਦ ਸਿੰਘ ਜੀ ਹੁਣ ਉਸੇ ਜਾਤੀ ਦੇ ਹਨ, ਜਿੰਨਾਂ ਵਿਚੋਂ ਅਸੀਂ ਸਾਰੇ ਹਾਂ।

ਬਾਬਾ ਜੀ ਅੰਦਰੂਨੀ ਤੌਰ ਤੇ ਚਾਹੁੰਦੇ ਸਨ ਕਿ ਉਹਨਾਂ ਨੂੰ ਖ਼ਾਲਸਾ ਪੰਥ ਦਾ ਗਿਆਰਵਾਂ ਗੁਰੂ ਬਣਾਇਆ ਜਾਵੇ। ਪਰ ਇਹ ਮੰਨਸ਼ਾਂ ਉਹਨਾਂ ਦੀ ਪੂਰੀ ਨਾ ਹੋਈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ ਪੰਥ ਦਾ ਅਗਲਾ ਗੁਰੂ ਥਾਪਿਆ ਗਿਆ ਸੀ। ਫਿਰ ਜਦੋਂ ਖ਼ਾਲਸਾ ਫੌਜ ਦੇ ਮੁੱਖੀ ਦੀ ਵਾਰੀ ਆਈ ਤਾਂ ਉਹ ਸੇਵਾ ਗੁਰੂ ਜੀ ਨੇ ਮੇਰੀ ਝੋਲੀ ਵਿਚ ਪਾ ਦਿੱਤੀ। ਉਸ ਵਕਤ ਵੀ ਬਾਬਾ ਬਿਨੋਦ ਸਿੰਘ ਹੁਰਾਂ ਨੂੰ ਦੂਜਾ ਝਟਕਾ ਲਗਾ। ਇਹ ਸਾਰੇ ਜਾਣਦੇ ਸਨ ਕਿ ਇਸ ਅਹੁਦੇ ਲਈ ਮੈਂ ਗੁਰੂ ਜੀ ਉਪਰ ਕਿਸੇ ਕਿਸਮ ਦਾ ਦਬਾਅ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਗੁਰੂ ਸਾਹਿਬ ਨੇ ਮੇਰਾ ਪਿਛੋਕੜ ਤੇ ਮੇਰਾ ਉਤਸ਼ਾਹ ਵੇਖਕੇ ਮੈਨੂੰ ਇਹ ਕਾਰਜ ਸੌਂਪਿਆ ਸੀ। ਮੈਂ ਇਹ ਨਹੀਂ ਕਹਿੰਦਾ ਕਿ ਗੁਰੂ ਜੀ ਦੇ ਨਜ਼ਦੀਕੀ ਸਿੰਘਾਂ ਵਿਚ ਕੋਈ ਕਾਬਲੀਅਤ ਨਹੀਂ ਸੀ। ਉਹ ਸਾਰੇ ਹੀ ਚੜ੍ਹਦੀ ਕਲਾ ਵਾਲੇ ਸਿੱਖ ਸਨ ਪਰ ਖ਼ਾਲਸਾ ਫੌਜ ਦਾ ਜਰਨੈਲ ਬਣਾਉਣ ਦਾ ਕੰਮ, ਨਿਰੋਲ ਉਹਨਾਂ ਦੀ ਆਪਣੀ ਚੋਣ ਸੀ। ਜਦੋਂ ਮੈਨੂੰ ਪੰਜਾਬ ਦੇ ਹਾਲਾਤ ਬਾਰੇ ਅਤੇ ਮੁਗ਼ਲ ਫੌਜ ਤੇ ਹਿੰਦੂ ਰਾਜਿਆਂ ਨਾਲ ਹੋਈਆਂ ਲੜਾਈਆਂ ਅਤੇ ਵਜ਼ੀਰ ਖਾਨ ਦੇ ਵਹਿਸ਼ੀ ਜ਼ੁਲਮਾਂ ਬਾਰੇ ਦਸਿਆ ਗਿਆ ਤਾਂ ਮੈਂ ਬਹੁਤ ਮਾਯੂਸ ਤੇ ਚਿੰਤਤ ਹੋ ਗਿਆ ਸੀ ਮੈਨੂੰ ਮੁਗਲ ਜ਼ਾਲਮਾਂ ਨਾਲ ਲੜਨਾਂ ਮੁਸ਼ਕਿਲ ਕੰਮ ਲਗਦਾ ਸੀ ਪਰ ਜਦੋਂ ਵੁਹਨਾਂ ਨੇ ਮੈਨੂੰ ਆਪਣੇ ਮੁਬਾਰਕ ਹਥਾਂ ਨਾਲ ਕਲਗੀ ਸਜਾਕੇ ਸਿੰਘ

ਬਣਾਇਆ ਤੇ ਮੇਰੀਆਂ ਅੱਖਾਂ ਵਿਚ ਝਾਕਕੇ ਕਿਹਾ, ਬੰਦਾ ਸਿੰਘ ਤੂੰ ਕੇਵਲ ਬੰਦਾ ਸਿੰਘ ਹੀ ਨਹੀਂ, ਬੰਦਾ ਸਿੰਘ ਬਹਾਦਰ ਹੈਂ। ਜਾ ਤੇਰਾ ਗੁਰੂ ਰਾਖਾ। ਮੈਨੂੰ ਇਹ ਸ਼ਬਦ ਅੱਜ ਤੱਕ ਵੀ ਯਾਦ ਹਨ ਤੇ ਉਹਨਾਂ ਦੀ ਵਿਸ਼ਮਾਦੀ ਗੂੰਜ ਅੱਜ ਵੀ ਮੇਰੀ ਸਿਮਰਤੀ ਵਿਚ ਗੂੰਜ ਰਹੀ ਹੈ।

ਜਦ ਇਹ ਅਫ਼ਵਾਹਾਂ ਵੀ ਉਹਨਾਂ ਦੇ ਕੰਮ ਨਾ ਆਈਆਂ ਤੇ ਮੇਰੇ ਦੋਖੀ ਮਾਤਾ ਸੁੰਦਰੀ ਪਾਸ ਦਿੱਲੀ ਜਾ ਪਹੁੰਚੇ। ਬਾਬਾ ਕਾਹਨ ਸਿੰਘ ਤੇ ਉਹਨਾਂ ਦਾ ਪੁੱਤਰ ਮੀਰੀ ਸਿੰਘ ਪਹਿਲਾ ਹੀ ਮੇਰੇ ਪਾਸੋਂ ਕਿਲ੍ਹੇ ਤੋਂ ਬਾਹਰ ਆਕੇ ਮੁਗ਼ਲ ਫੌਜਾਂ ਨਾਲ ਸਾਜ ਬਾਜ਼ ਕਰ ਰਹੇ ਸਨ। ਲਾਹੌਰ ਦਰਬਾਰ ਵਿਚ ਮੀਰੀ ਸਿੰਘ ਨੂੰ ਪੰਜ ਸੌ ਸਿੰਘਾਂ ਦੀ ਕਮਾਨ ਮਿਲੀ ਹੋਈ ਸੀ, ਜਿਸਦਾ ਖ਼ਰਚਾ ਸ਼ਾਹੀ ਫੌਜ ਭਰ ਰਹੀ ਸੀ। ਇਹਨਾਂ ਹੀ ਦਿਨਾਂ ਵਿਚ ਇਹਨਾਂ ਨੇ ਦਿੱਲੀ ਜਾ ਕੇ ਮਾਤਾ ਸੁੰਦਰੀ ਨਾਲ ਸੰਪਰਕ ਕੀਤਾ। ਮਾਤਾ ਜੀ ਪਹਿਲਾਂ ਹੀ ਮੁਗ਼ਲਾਂ ਦੇ ਰਹਿਮੋ ਕਰਮ ਤੇ ਸਨ। ਇਹਨਾਂ ਨੇ ਮਾਤਾ ਜੀ ਕੋਲ ਮੇਰੇ ਵਿਰੁੱਧ ਸ਼ਿਕਾਇਤਾਂ ਲਾਈਆਂ। ਉਹਨਾਂ ਨੇ ਮਾਤਾ ਜੀ ਨੂੰ ਆਖਿਆ, ਦਸਵੇਂ ਪਾਤਸ਼ਾਹ ਨੇ ਬੰਦਾ ਸਿੰਘ ਦੀ ਜ਼ੁਲਮ ਦਾ ਨਾਸ਼ ਕਰਨ ਤੇ ਵਜ਼ੀਰ ਖ਼ਾਨ ਨੂੰ ਸਜ਼ਾ ਦੇਣ ਦੀ ਜੋ ਡਿਊਟੀ ਲਗਾਈ ਸੀ, ਉਹ ਹੁਣ ਪੂਰੀ ਹੋ ਚੁੱਕੀ ਹੈ ਤੇ ਮੁਗ਼ਲ ਸਰਕਾਰ ਸਿੰਘਾਂ ਨੂੰ ਹੁਣ ਜਗੀਰਾਂ ਤੇ ਕਈ ਸਹੂਲਤਾਂ ਦੇਣ ਲਈ ਤਿਆਰ ਹੈ ਜੇਕਰ ਸਿੰਘ ਲੜਨਾ ਤਿਆਗ ਦੇਵੇ। ਮਾਤਾ ਜੀ ਕਿਉਂਕਿ ਮੁਗ਼ਲ ਹਕੂਮਤ ਦੀ ਹਿਰਾਸਤ ਵਿਚ ਸਨ। ਉਹਨਾਂ ਨੇ ਸਰਕਾਰ ਨੂੰ ਖ਼ੁਸ਼ ਕਰਨ ਲਈ ਬਾਬਿਆਂ ਨੂੰ ਇਕ ਖ਼ਤ ਲਿਖ ਭੇਜਿਆ। ਜਦੋਂ ਇਹ ਪੱਤਰ ਮੇਰੇ ਪਾਸ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਪਹੁੰਚਿਆ ਤਾਂ ਮੈਂ ਪੜ੍ਹਕੇ ਬਹੁਤ ਹੈਰਾਨ ਹੋਇਆ। ਮੈਂ ਇਹ ਪੱਤਰ ਲਿਆਉਣ ਵਾਲੇ ਸਿੰਘਾਂ ਨੂੰ ਕਿਹਾ, ਮੇਰੇ ਵਿਚਾਰ ਮੁਤਾਬਿਕ ਇਹ ਪੱਤਰ ਮਾਤਾ ਸੁੰਦਰੀ ਦਾ ਲਿਖਿਆ ਹੋਇਆ ਨਹੀਂ ਹੈ। ਇਹ ਜਾਹਲੀ ਹੈ। ਇਸ ਲਈ ਮੈਂ ਲੜਾਈ ਛੱਡਣ ਲਈ ਤਿਆਰ ਨਹੀਂ।ਉਹ ਸਿੰਘ ਮਾਯੂਸ ਹੋਕੇ ਮੇਰੇ ਪਾਸੋਂ ਚਲੇ ਗਏ। ਮੈਨੂੰ ਇਹ ਵੀ ਪਤਾ ਲਗਾ ਕਿ ਉਹ ਬਾਹਰ ਜਾਣ ਤੋਂ ਪਹਿਲਾਂ ਕਾਫੀ ਚਿਰ ਬਾਬਾ ਬਿਨੋਦ ਸਿੰਘ ਨਾਲ ਸਲਾਹ ਮਸ਼ਵਰਾ ਕਰਦੇ ਰਹੇ ਹਨ।

ਜਦੋਂ ਇਹ ਚਾਲ ਵੀ ਨਾ ਚਲੀ ਤਾਂ ਮੇਰੇ ਵਿਰੋਧੀ ਧੜੇ ਵਾਲੇ ਦੋਬਾਰਾ ਮਾਤਾ ਪਾਸ ਪਹੁੰਚ ਗਏ। ਉਹਨਾਂ ਨੇ ਇਕ ਚਾਲ ਹੋਰ ਚਲੀ। ਉਹਨਾਂ ਨੇ ਜਾਕੇ ਮੇਰੇ ਬਾਰੇ ਮਾਤਾ ਨੂੰ ਆਖਿਆ, ਮਾਤਾ ਜੀ ਬੰਦਾ ਸਿੰਘ ਆਪ ਦੀ ਲਿਖਤ ਨੂੰ ਜਾਹਲੀ ਆਖਦਾ ਹੈ ਤੇ ਕਿਸੇ ਸੂਰਤ ਵਿਚ ਲੜਾਈ ਬੰਦ ਕਰਨ ਲਈ ਤਿਆਰ ਨਹੀਂ। ਉਹ ਸੈਂਕੜੇ ਸਿੱਖ ਰੋਜ਼ ਮਰਵਾ ਰਿਹਾ ਹੈ। ਲੋਕਾਂ ਵਿਚ ਉਹਦੇ ਵਿਰੁੱਧ ਹਾਹਾਕਾਰ ਮਚੀ ਹੋਈ ਹੈ। ਜਿਹੜਾ ਮਾਤਾ ਜੀ ਦਾ ਹੁਕਮ ਨਹੀਂ ਮੰਨਦਾ, ਉਹ ਗੁਰੂ ਦਾ ਸਿੱਖ ਅਖਵਾਉਣ ਦਾ ਹਕਦਾਰ ਨਹੀਂ। ਇਸ ਮੌਕੇ ਬਾਬਾ ਬਿਨੋਦ ਸਿੰਘ ਵੀ, ਮੇਰੇ ਨਾਲ ਲਫਜ਼ੀ ਤਕਰਾਰ ਕਰਨ ਉਪਰੰਤ ਆਪਣੇ ਸਿੰਘਾਂ ਨੂੰ ਲੈ ਕੇ ਕਿਲ੍ਹੇ ਤੋਂ ਬਾਹਰ ਚਲਾ ਗਿਆ ਸੀ। ਉਹ ਵੀ ਇਸ ਸਾਜਿਸ਼ ਨੂੰ ਹੋਰ ਤੇਜ਼ ਕਰਨ ਲਈ ਦਿੱਲੀ ਜਾ ਪਹੁੰਚਾ। ਮਾਤਾ ਜੀ ਪਾਸ

ਜਾਕੇ ਉਸਨੇ ਲੂਣ ਮਸਾਲੇ ਲਗਾਕੇ ਮੇਰੀਆਂ ਬਦ ਖੋਹੀਆਂ ਕੀਤੀਆਂ ਤੇ ਗੁਰੂ ਘਰ ਦਾ ਹੁਕਮ ਨਾ ਮੰਨਣ ਵਾਲੇ ਨੂੰ ਪੰਥ ਵਿਚੋਂ ਛੇਕਣ ਦੀ ਸਲਾਹ ਦਿੱਤੀ। ਉਸਨੇ ਆਪ ਹੀ ਇਕ ਪੱਤਰ ਲਿਖਿਆ, ਜਿਸ ਵਿਚ ਮਾਤਾ ਸੁੰਦਰੀ ਵਲੋਂ ਬੰਦਾ ਸਿੰਘ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ। ਉਸ ਪੱਤਰ ਉਪਰ ਮਾਤਾ ਦੇ ਦਸਤਖ਼ਤ ਕਰਵਾ ਲਏ। ਇਹਨਾਂ ਲੋਕਾਂ ਨੇ ਅੰਮ੍ਰਿਤਸਰ ਆਕੇ ਇਹ ਧੁੰਮਾ ਦਿੱਤਾ ਕਿ ਮਾਤਾ ਨੇ ਬੰਦੇ ਨੂੰ ਪੰਥ ਵਿਚੋਂ ਛੇਕ ਦਿੱਤਾ ਹੈ। ਮੇਰੇ ਪਾਸ ਜਦੋਂ ਇਹ ਪੱਤਰ ਕਿਸੇ ਵਿਕੇ ਹੋਏ ਸਿੰਘ ਰਾਹੀਂ ਭੇਜਿਆ ਗਿਆ ਤਾਂ ਮੈਨੂੰ ਹੋਰ ਮਾਯੂਸੀ ਹੋਈ। ਮੈਂ ਆਪਣਾ ਫੈਸਲਾ ਕਾਇਮ ਰੱਖਿਆ। ਪੱਤਰ ਪੜ੍ਹਕੇ ਮੈਨੂੰ ਇਹ ਵੀ ਪਤਾ ਲੱਗਾ ਕਿ ਇਹ ਚਿੱਠੀ ਬਾਬੇ ਬਿਨੋਦ ਸਿੰਘ ਦੀ ਲਿਖੀ ਹੋਈ ਹੈ। ਕਿਉਂਕਿ ਮੈਂ ਉਹਨਾਂ ਦੀ ਲਿਖਾਈ ਪਛਾਣਦਾ ਸੀ। ਮੇਰਾ ਜਵਾਬ ਪਹਿਲਾ ਵਾਲਾ ਹੀ ਸੀ। ਮੈਂ ਆਖਿਆ, ਇਹ ਪੱਤਰ ਪਹਿਲੇ ਪੱਤਰ ਵਾਂਗ ਜਾਲੀ ਹੈ। ਮਾਤਾ ਮੇਰੇ ਵਿਰੁੱਧ ਅਜਿਹੇ ਪੱਤਰ ਹਰਗਿਜ਼ ਨਹੀਂ ਲਿਖ ਸਕਦੀ। ਪਰ ਮੈਂ ਇਹ ਵੀ ਜਾਣਦਾ ਸੀ ਕਿ ਬਾਬੇ ਮਾਤਾ ਜੀ ਨੂੰ ਮੇਰੇ ਬਾਰੇ ਗ਼ਲਤ ਮਲਤ ਗਲਾਂ ਕਰਕੇ ਗੁੰਮਰਾਹ ਕਰ ਰਹੇ ਹਨ। ਮੇਰਾ ਮਾਤਾ ਜੀ ਨੂੰ ਮਿਲਣਾ ਸੰਭਵ ਨਹੀਂ ਸੀ। ਇਸ ਲਈ ਇਹਨਾਂ ਪੱਤਰਾਂ ਦਾ ਪੂਰੀ ਤਰ੍ਹਾਂ ਨਿਤਾਰਾ ਨਾ ਹੋ ਸਕਿਆ ਪਰ ਅਫਵਾਹ ਭਾਵੇਂ ਝੂਠੀ ਹੁੰਦੀ ਹੈ ਪਰ ਲੋਕ ਤਾਂ ਆਮ ਤੌਰ ਤੇ ਲੋਕਾਂ ਦੇ ਕੱਚੇ ਹੁੰਦੇ ਹਨ। ਇਸ ਲਈ ਅਫ਼ਵਾਹਾਂ ਨੂੰ ਵੀ ਹਕੀਕਤ ਤਸਲੀਮ ਕਰ ਲੈਂਦੇ ਹਨ।

ਭਾਵੇਂ ਮੈਨੂੰ ਆਪਣੇ ਵਿਰੁੱਧ ਹੋ ਰਹੇ ਭੰਡੀ ਪ੍ਰਚਾਰ ਦੀ ਥੋੜ੍ਹੀ ਬਹੁਤ ਖ਼ਬਰ ਸੀ ਪਰ ਮੈਂ ਹਰੇਕ ਮੌਕੇ ਅਡੋਲ ਰਿਹਾ ਤੇ ਹਰਗਲ ਆਪਣੇ ਗੁਰੂ ਉੱਪਰ ਛੱਡ ਦਿੱਤੀ। ਭਾਵੇਂ ਮੇਰੇ ਵਿਚ ਵੀ ਕੁਝ ਨੁਕਸ ਹੋਣਗੇ ਪਰ ਮੈਨੂੰ ਆਪਣੇ ਗੁਰੂ ਉਪਰ ਪੂਰਨ ਭਰੋਸਾ ਸੀ। ਮੈਂ ਹਰੇਕ ਸੰਕਟ ਵਿਚ ਅਡੋਲ ਰਿਹਾ। ਮੈਂ ਆਪਣੀ ਖ਼ਾਲਸਾ ਪੰਚਾਇਤ ਨਾਲ ਕਦੀ ਤਲਖ ਕਲਾਮੀ ਨਹੀਂ ਕੀਤੀ। ਮੈਂ ਉਹਨਾਂ ਨੂੰ ਹਰੇਕ ਮੌਕੇ ਸਮਝਾਉਣ ਦੀ ਕੋਸ਼ਿਸ ਕੀਤੀ ਪਰ ਜਦੋਂ ਉਹ ਆਪਣੀ ਗਲ ਤੇ ਬਜ਼ਿਦ ਰਹੇ ਤਾਂ ਮੈਂ ਉਹਨਾਂ ਨੂੰ ਆਪਣੀ ਮਰਜ਼ੀ ਕਰਨ ਦੀ ਸਹਿਮਤੀ ਦੇ ਦਿੱਤੀ। ਜਦੋਂ ਮੈਂ ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਬਾਬੇ ਬਿਨੋਦ ਸਿੰਘ ਦੀ ਕੋਈ ਸਲਾਹ ਨਾਲ ਕਾਇਲ ਨਾ ਹੋਇਆ ਤਾਂ ਉਸਨੇ ਮੈਨੂੰ ਧਮਕਾਉਣ ਲਈ ਕਿਰਪਾਨ ਕਢ ਲਈ ਸੀ। ਮੈਂ ਉਸਨੂੰ ਕਿਹਾ, ਬਾਬਾ ਜੀ ਅਸੀਂ ਏਥੇ ਆਪਣੀਆਂ ਜਾਤੀ ਕਿੜਾਂ ਕੱਢਣ ਨਹੀਂ ਆਏ। ਅਸੀਂ ਸਾਰੇ ਰਲਕੇ ਪੰਥ ਲਈ ਜੂਝ ਰਹੇ ਹਾਂ। ਜੇਕਰ ਅਸੀਂ ਆਪਸ ਵਿਚ ਹੀ ਉਲਝ ਪਏ ਤਾਂ ਜ਼ੁਲਮ ਨਾਲ ਕੌਣ ਟੱਕਰ ਲਵੇਗਾ? ਉਸ ਵਕਤ ਮੈਂ ਪਿੱਛੇ ਹਟ ਗਿਆ ਤੇ ਬਾਬਾ ਜੀ ਨੇ ਆਪਣੇ ਜੱਥੇ ਨਾਲ ਕਿਲ੍ਹੇ ਤੋਂ ਬਾਹਰ ਜਾਣ ਦੀ ਖੁਲ੍ਹ ਦੇ ਦਿੱਤੀ। ਮੈਨੂੰ ਇਹ ਪਤਾ ਸੀ ਕਿ ਬਾਬਾ ਜੀ ਮੇਰੇ ਹਰੇਕ ਕੰਮ ਦੀ ਜਾਸੂਸੀ ਕਰਕੇ ਬਾਹਰ ਲਾਹੌਰ ਸਰਕਾਰ ਨੂੰ ਪੁਚਾ ਰਹੇ ਹਨ। ਇਸ ਲਈ ਮੈਂ ਉਹਨਾਂ ਨੂੰ ਬਾਹਰ ਜਾਣ ਦੀ ਸਹਿਮਤੀ ਦੇ ਕੇ ਇਸ ਜਾਸੂਸੀ ਤੋਂ ਤਾਂ ਨਿਜ਼ਾਤ ਪਾਈ ਸੀ। ਮੈਨੂੰ ਪਤਾ ਸੀ ਕਿ ਮੈਨੂੰ ਜ਼ਿੰਦਾ ਪਕੜਨ ਦੀ ਹਰੇਕ ਜਰਨੈਲ ਦੀ

ਡਿਊਟੀ ਲਗੀ ਹੋਈ ਹੈ। ਬਾਬਾ ਜੀ ਨੂੰ ਉਹਨਾਂ ਨੇ ਤਾਂ ਪਹਿਲਾਂ ਹੀ ਫੜ ਰਖਿਆ ਸੀ। ਮੈਂ ਜਾਲਮਾਂ ਨਾਲ ਕਿਸੇ ਕੀਮਤ ਤੇ ਸਮਝੌਤਾ ਨਹੀਂ ਕਰ ਸਕਦਾ ਸੀ। ਮੈਂ ਡਟੇ ਰਹਿਣਾ ਦਾ ਹੀ ਫੈਸਲਾ ਕੀਤਾ। ਜੇਕਰ ਮੇਰੇ ਇਹ ਸਾਥੀ ਸਿੰਘ ਜੋ ਆਪਣੇ ਆਪ ਨੂੰ ਸਿੱਖਾਂ ਵਿਚ ਬੜੇ ਆਦਰਯੋਗ ਸਮਝਦੇ ਸਨ, ਜੇਕਰ ਇਹ ਸਜਣ ਆਪੋ ਆਪਣੀਆਂ ਫੌਜਾਂ ਨਾਲ ਮੇਰੇ ਕੋਲ ਜਾ ਇਰਦ ਗਿਰਦ ਰਹਿੰਦੇ ਤਾਂ ਅਸੀਂ ਗੁਰਦਾਸ ਨੰਗਲ ਦੇ ਕਿਲ੍ਹੇ ਵਿਚੋਂ ਲੋਹਗੜ੍ਹ ਦੀ ਤਰ੍ਹਾਂ ਬਾਹਰ ਨਿਕਲਦੇ ਆਪਣੀ ਤਾਕਤ ਨੂੰ ਫਿਰ ਮਜ਼ਬੂਤ ਕਰ ਸਕਦੇ ਸੀ। ਭਾਈ ਬਾਜ ਸਿੰਘ ਨੇ ਵੀ ਇਸ ਘੇਰੇ ਨੂੰ ਤੋੜਨ ਲਈ ਸ਼ਾਹੀ ਫੌਜ ਨਾਲ ਕੋਈ ਟੱਕਰ ਨਾ ਲਈ। ਨਾ ਹੀ ਬਾਬੇ ਆਪਣੀਆਂ ਫੌਜਾਂ ਲੈ ਕੇ ਆਏ। ਮੈਨੂੰ ਮੇਰੇ ਹਾਲ ਉਪਰ ਹੀ ਛਡ ਦਿੱਤਾ ਗਿਆ। ਮੇਰੇ ਕੋਲ ਖ਼ੁਰਾਕ ਦੀ ਜ਼ਬਰਦਸਤ ਕਮੀ ਸੀ। ਗੰਦ ਮੰਦ ਖਾਣ ਕਰਕੇ ਅਸੀਂ ਤਕਰੀਬਨ ਸਾਰੇ ਬਿਮਾਰ ਪੈ ਗਏ ਸੀ। ਇਸ ਹਾਲਤ ਵਿਚ ਸਾਡੀ ਗ੍ਰਿਫਤਾਰੀ ਹੋਈ ਸੀ। ਅਸੀਂ ਮਸਾਂ 500 ਸਿੰਘ ਹੀ ਗੜ੍ਹੀ ਵਿਚ ਰਹਿ ਗਏ ਸੀ। ਗ੍ਰਿਫਤਾਰੀ ਤੋਂ ਪਹਿਲਾਂ ਅਸੀਂ ਅਧ ਮੋਏ ਪਏ ਸੀ। ਜੇਕਰ ਅਸਾਡੇ ਸਾਥੀ ਸਾਡੀ ਸਾਰ ਲੈਂਦੇ ਤੇ ਮੁਗ਼ਲ ਫੌਜ ਨੂੰ ਬਾਹਰੋਂ ਉਲਝਾਉਂਦੇ ਤਾਂ ਇਸ ਯੁੱਧ ਦਾ ਨਤੀਜਾ ਕੁਝ ਹੋਰ ਹੋਣਾ ਸੀ। ਜਦੋਂ ਕਿਸੇ ਦੇ ਘਰ ਬੇਇਤਫਾਕੀ ਤੇ ਕਲੇਸ਼ ਆ ਵੜੇ ਤਾਂ ਉਸਦਾ ਉਹੀ ਹਾਲ ਹੁੰਦਾ ਹੈ ਜੋ ਸਾਡਾ ਹੋਇਆ। ਮੇਰੇ ਨਾਲ ਮਝੈਲਾਂ ਤੇ ਬਾਬਿਆਂ ਉਹੀ ਦਗੇਬਾਜ਼ੀ ਕੀਤੀ ਜੋ ਉਹਨਾਂ ਨੇ ਆਨੰਦਪੁਰ ਵਿਖੇ ਘਿਰ ਜਾਣ ਵੇਲੇ, ਗੁਰੂ ਨੂੰ ਬੇਦਾਵਾ ਦੇ ਕੇ ਕੀਤੀ ਸੀ। ਮਰਨਾ ਤਾਂ ਇਹਨਾਂ ਭਗੌੜਿਆਂ ਨੇ ਵੀ ਇਕ ਦਿਨ ਹੈ ਪਰ ਮਰਦਾਂ ਦੀ ਮੌਤੇ ਮਰਨਾ ਬਿਲਕੁਲ ਅਲੱਗ ਹੁੰਦਾ ਹੈ।

ਮੈਂ ਤਾਂ ਕੀ ਗਿਆਰਵਾਂ ਗੁਰੂ ਬਣਨਾ ਸੀ। ਮੈਂ ਤਾਂ ਕਦੀ ਸੁਪਨੇ ਵਿਚ ਵੀ ਅਜਿਹੀ ਗੁਸਤਾਖੀ ਨਹੀਂ ਕਰ ਸਕਦਾ ਸੀ। ਮੇਰੇ ਬਹੁਤ ਸਾਰੇ ਸਿੰਘਾਂ ਨੂੰ ਭਲੀ ਭਾਂਤ ਪਤਾ ਹੋਵੇਗਾ ਕਿ ਮੈਂ ਆਪਣੇ ਗੁਰੂ ਦੇ ਹਮੇਸ਼ਾਂ ਅੰਗ ਸੰਗ ਰਹਿੰਦਾ ਸੀ। ਇਹ ਸ਼ਬਦ ਗੁਰੂ ਦੀ ਪੋਥੀ ਹਮੇਸ਼ਾਂ, ਸ਼ਾਂਤੀ ਜਾਂ ਯੁੱਧ ਵੇਲੇ ਮੇਰੇ ਸੰਗ ਹੀ ਰਹਿੰਦੀ ਸੀ। ਮੈਂ ਇਕ ਪਲ ਵੀ ਇਸਦਾ ਵਸਾਹ ਨਹੀਂ ਕਰਦਾ ਸੀ। ਮੈਂ ਤਾਂ ਕੀ ਅਜਿਹੇ ਘਟੀਆ ਕੰਮ ਕਰਨੇ ਸਨ ਪਰ ਮਾਤਾ ਸੁੰਦਰੀ ਜੀ ਦਾ ਮੁਤਬੰਦਾ ਅਜੀਤ ਸਿੰਘ ਪਾਲਤ, ਦਿੱਲੀ ਦੀ ਸਰਕਾਰ ਨਾਲ ਆਂਢ ਸਾਂਢ ਕਰਕੇ ਆਪਣੇ ਆਪ ਨੂੰ ਸਤਿਗੁਰੂ ਜੀ ਦਾ ਜਾਨਸ਼ੀਨ ਕਹਿਲਾਅ ਰਿਹਾ ਸੀ। ਇਸ ਕਾਰਜ ਵਿਚ ਬਾਬਿਆਂ ਦਾ ਟੱਬਰ ਤੇ ਮਾਤਾ ਸੁੰਦਰੀ ਜੀ ਵੀ ਸ਼ਾਮਿਲ ਸਨ। ਕਿਉਂਕਿ ਮਾਤਾ ਜੀ ਮੁਗ਼ਲਾਂ ਦੀ ਹਿਫਾਜ਼ਿਤ ਵਿਚ ਸਨ, ਇਸ ਲਈ ਉਹ ਉਹਨਾਂ ਕੋਲੋਂ, ਉਹਨਾਂ ਦੇ ਦਬਾਅ ਪਾ ਕੇ ਮੈਨੂੰ ਗ੍ਰਿਫਤਾਰ ਜਾਂ ਸਿਫ਼ਰ ਕਰਨ ਦੀਆਂ ਲਗ਼ਾਤਾਰ ਕੋਸ਼ਿਸ਼ਾਂ ਹੋ ਰਹੀਆਂ ਸਨ। ਉਸ ਵਕਤ ਗੁਰੂ ਜੀ ਗੁਰਪੁਰੀ ਸਿਧਾਰ ਚੁੱਕੇ ਸਨ, ਖ਼ਾਲਸਾ ਪੰਥ ਘੋਰ ਸੰਕਟ ਵਿਚ ਸੀ। ਇਸ ਲਈ ਇਹਨਾਂ ਪੰਥ ਵਿਰੋਧੀ ਕਾਰਵਾਈਆਂ ਨੂੰ ਰੋਕਣਾ ਨਿਹਾਇਤ ਮੁਸ਼ਕਿਲ ਸੀ। ਮੈਂ ਆਪਣੀ ਬੇਬਸੀ ਤੇ ਕਚੀਚੀਆਂ ਵਟ ਰਿਹਾ ਸੀ ਤੇ ਮੇਰੇ ਬਹੁਤ ਸਾਰੇ ਸਾਥੀ ਸਿੰਘ ਜਾਂ ਤਾਂ ਮੁਗ਼ਲਾਂ ਦੀ

ਈਨ ਮੰਨ ਚੁੱਕੇ ਸਨ ਤੇ ਜਾਂ ਫਿਰ ਕਿਧਰੇ ਲੁਕ ਛਿਪਕੇ ਦਿਨ ਕਟ ਰਹੇ ਸਨ। ਉਸ ਵਕਤ ਮੁਗ਼ਲ ਬਾਦਸ਼ਾਹ ਫਾਰੁਖ਼ਸ਼ੀਅਰ ਨੇ ਆਪਣੀ ਸਾਰੀ ਤਾਕਤ ਮੇਰੇ ਵਿਰੁੱਧ ਝੋਕ ਦਿੱਤੀ ਸੀ। ਜਿੰਨਾਂ ਸ਼ਕਤੀਆਂ ਨੂੰ ਅਸੀਂ ਲੜਾਈ ਦੇ ਮੈਦਾਨ ਵਿਚੋਂ ਭਜਾ ਚੁੱਕੇ ਸੀ, ਉਹ ਅਜ ਸ਼ੇਰ ਬਣੇ ਹੋਏ ਸਨ।

ਹੁਣ ਰਹੀ ਮੇਰੇ ਲਾਲ ਕਪੜੇ ਪਹਿਲਣ ਦੀ ਕਹਾਣੀ। ਮੈਂ ਇਕ ਗੁਰੀਲਾ ਸਿੱਖ ਜਰਨੈਲ ਸੀ। ਜੰਗ ਵਿਚ ਮੇਰੇ ਵਲੋਂ ਇਕੋ ਰੰਗ ਦੇ ਕਪੜੇ ਕਈ ਵਾਰ ਮੇਰੇ ਲਈ ਖ਼ਤਰਨਾਕ ਵੀ ਹੋ ਸਕਦੇ ਸਨ। ਲੜਾਈ ਦੇ ਮੈਦਾਨ ਵਿਚ ਦੁਸ਼ਮਣ ਦੀ ਅੱਖ ਵਿਚ ਘੱਟਾ ਪਾਉਣ ਲਈ ਕਈ ਪਾਪੜ ਵੇਲਣੇ ਪੈਂਦੇ ਹਨ। ਆਮ ਤੌਰ ਤੇ ਮੈਂ ਤੇ ਮੇਰੇ ਸਿੰਘ ਨੀਲਾ ਬਾਣਾ ਹੀ ਪਹਿਨਦੇ ਸਨ। ਪਰ ਕਦੀ ਕਦੀ ਹਾਲਾਤ ਵੇਖਕੇ ਲਾਲ ਛੱਡਕੇ ਕਈ ਹੋਰ ਰੰਗਾਂ ਦੇ ਕਪੜੇ ਵੀ ਮੈਨੂੰ ਪਹਿਨਣੇ ਪੈਂਦੇ ਸਨ। ਇਸ ਲਈ ਬਸਤਰਾਂ ਦਾ ਕੋਈ ਰੌਲਾ ਨਹੀਂ। ਲੜਾਈ ਵਿਚ ਬਹੁਤ ਕੁਝ ਜਾਇਜ਼ ਹੁੰਦਾ ਹੈ। ਜਿਸਤਰ੍ਹਾਂ ਦਾ ਦੁਸ਼ਮਣ ਹੋਵੇ ਉਸੇ ਹਿਸਾਬ ਨਾਲ ਉਸ ਨਾਲ ਦਾਅ ਪੇਚ ਲਗਾਉਣੇ ਪੈਂਦੇ ਹਨ। ਇਹ ਦੋਸ਼ ਬਹੁਤ ਘਟੀਆ ਹੈ। ਦੋਸ਼ ਲਾਉਣ ਵਾਲਿਆਂ ਦੇ ਘਟੀਆ ਪਣ ਦਾ ਸਬੂਤ ਪੇਸ਼ ਕਰਦਾ ਹੈ। ਜੰਗ ਵਿਚ ਇਹੋ ਜਿਹੀਆਂ ਨਗੁਣੀਆਂ ਗਲਾਂ ਦਾ ਉਕਾ ਹੀ ਕੋਈ ਮਹੱਤਵ ਨਹੀਂ ਹੁੰਦਾ। ਚਮਕੌਰ ਸਾਹਿਬ ਦੇ ਯੁੱਧ ਵਿਚ ਜਦੋਂ ਗੜ੍ਹੀ ਵਿਚ ਗੁਰੂ ਜੀ ਆਪਣੇ ਕੁਝ ਕੁ ਸਾਥੀਆਂ ਨਾਲ ਡਟੇ ਹੋਏ ਸਨ ਤਾਂ ਪੰਜਾਂ ਸਿੰਘਾਂ ਨੇ ਮਤਾ ਪਕਾਇਆ ਕਿ ਗੁਰੂ ਜੀ ਦਾ ਭੇਸ ਬਦਲਕੇ, ਉਹਨਾਂ ਦੀ ਜਗ੍ਹਾ ਭਾਈ ਸੰਗਤ ਸਿੰਘ ਹੈ, ਜਿਸਦੀ ਸ਼ਕਲ ਤੇ ਡੀਲ ਡੌਲ ਗੁਰੂ ਜੀ ਨਾਲ ਕਾਫੀ ਰਲਦੀ ਸੀ, ਗੁਰੂ ਜੀ ਵਾਂਗ ਕਲਗੀ ਲਗਾਕੇ, ਗੁਰੂ ਜੀ ਵਾਂਗ ਦਸਤਾਰ ਸਜਾਕੇ ਉਥੇ ਹੀ ਰਹਿਣ ਦਿੱਤਾ ਜਾਵੇ ਤੇ ਆਪ ਗੁਰੂ ਜੀ ਪੰਜ ਪਿਆਰਿਆਂ ਦਾ ਹੁਕਮ ਮੰਨਕੇ ਮਾਛੀਵਾੜੇ ਦੇ ਜੰਗਲ ਸਹੀ ਸਲਾਮਤ ਪਹੁੰਚ ਗਏ। ਇਸੇ ਤਰ੍ਹਾਂ ਹੀ ਜਦੋਂ ਗੁਰੂ ਜੀ ਦਾ ਮੁਗ਼ਲ ਫੌਜ ਪਿਛਾ ਕਰ ਰਹੀ ਸੀ। ਗੁਰੁ ਜੀ ਨੇ ਪਗੜੀ ਉਤਾਰ ਕੇ ਆਪਣੇ ਕੇਸ ਪਿਛਾਂਹ ਸੁੱਟ ਲਏ ਤੇ ਨੀਲੇ ਰੰਗ ਦੇ ਵਸਤਰ ਪਹਿਨ ਕੇ, ਉੱਚ ਦਾ ਪੀਰ ਬਣਕੇ, ਇਕ ਪਲੰਘ ਉਪਰ ਬੈਠਕੇ, ਬਾਹਰ ਨਿਕਲੇ। ਨਬੀਖਾਨ ਤੇ ਗਨੀ ਖਾਨ ਗੁਰੂ ਸਾਹਿਬ ਦੇ ਪਠਾਣ ਘੋੜਿਆਂ ਦੇ ਵਪਾਰੀ, ਇਹ ਪਲੰਘ ਆਪਣੇ ਹੋਰ ਸਾਥੀਆਂ ਨਾਲ ਉਠਾਕੇ ਜਾ ਰਹੇ ਸਨ। ਰਸਤੇ ਵਿਚ ਸ਼ਾਹੀ ਫੌਜੀਆਂ ਨੇ ਪੁੱਛ ਗਿੱਛ ਕੀਤੀ ਤੇ ਉਹ ਰਾਜੀ ਬਾਜੀ ਆਪਣੀ ਮੰਜ਼ਿਲ ਤੇ ਪਹੁੰਚ ਗਏ। ਮੰਜ਼ਿਲ ਤੇ ਪਹੁੰਚਕੇ ਮੇਰੇ ਸਤਿਗੁਰੂ ਨੇ ਨੀਲੇ ਬਸਤਰਾਂ ਨੂੰ ਅਗਨੀ ਭੇਂਟ ਕਰਨ ਦਾ ਹੁਕਮ ਕੀਤਾ। ਦਰਅਸਲ ਜੰਗ ਵਿਚ ਕੀ ਪੈਂਤੜਾ ਬਦਲਣਾ ਹੈ, ਇਹ ਮੌਕਾ ਵੇਖਕੇ ਹੀ ਦਸਿਆ ਜਾ ਸਕਦਾ ਹੈ। ਕਈ ਵਾਰ ਮੈਂ ਆਪਣੇ ਕੁਝ ਸਿੰਘਾਂ ਨੂੰ ਲਾਲ ਬਸਤਰ ਪਹਿਨਣ ਲਈ ਕਹਿੰਦਾ ਸੀ ਤੇ ਕਦੀ ਮੈਂ ਖ਼ੁਦ ਵੀ ਲਾਲ ਬਸਤਰ ਪਹਿਨਦਾ ਸੀ। ਇਹ ਸਭ ਕੁਝ ਗੁਰੀਲਾ ਜੰਗ ਵਿਚ ਕਰਨਾ ਹੀ ਪੈਂਦਾ ਹੈ।

ਮੇਰੇ ਉਪਰ ਇਹ ਦੋਸ਼ ਵੀ ਲਗਾਇਆ ਗਿਆ ਕਿ ਮੈਂ ਖ਼ੁਦ ਬਾਦਸ਼ਾਹ ਬਣ ਬੈਠਾ

ਹਾਂ ਤੇ ਆਪਣੇ ਨਾਮ ਦਾ ਸਿੱਕਾ ਚਲਾਇਆ ਸੀ। ਇਹ ਦੋਸ਼ ਵੀ ਤਥਾਂ ਤੋਂ ਕੋਹਾਂ ਦੂਰ ਹੈ। ਮੇਰੇ ਚਲਾਏ ਸਿੱਕਿਆਂ ਉਪਰ ਇਹ ਇਬਾਰਤ ਲਿਖੀ ਮਿਲੇਗੀ—

ਸਿਕਾ ਜਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ।
ਫਤਹਿ ਗੋਬਿੰਦ ਸਿੰਘ ਸ਼ਾਹਿ ਸ਼ਹਾਨ, ਫਜਲਿ ਸੱਚਾ ਸਾਹਿਬ ਅਸਤ॥

ਬਾਅਦ ਵਿਚ ਇਹਨਾਂ ਸ਼ਬਦਾਂ ਨੂੰ ਬਦਲਕੇ ਇਸਤਰ੍ਹਾਂ ਲਿਖਿਆ ਸੀ

ਦੇਗੋ ਤੇਗੋ ਫਤਹਿ ਨੁਸਰਤ ਬੇ-ਦਰੰਗ।
ਯਾਫਤ ਅਜ਼ ਨਾਨਕ, ਗੁਰੂ ਗੋਬਿੰਦ ਸਿੰਘ।

ਖ਼ਾਲਸਾ ਰਾਜ ਦੀ ਮੋਹਰ ਜੋ ਅਸਾਂ ਬਣਵਾਈ ਸੀ, ਉਹ ਇਸ ਤਰ੍ਹਾਂ ਸੀ—

ਅਜ਼ਮਤਿ ਨਾਨਕ ਗੁਰੂ ਹਮ ਜਾਹਿਰੋ ਹਮ ਬਾਤਿਨ ਅਸਤ।
ਪਾਤਸ਼ਾਹ ਦੀਨੋ ਦੁਨੀਆਂ, ਆਪ ਸੱਚਾ ਸਾਹਿਬ ਅਸਤ।

ਇਹਨਾਂ ਸਿਕਿਆਂ ਤੇ ਮੋਹਰਾਂ ਦੀ ਈਬਾਰਤ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮੈਂ ਖ਼ਾਲਸਾ ਰਾਜ ਵਿਚ ਗੁਰੂ ਦੇ ਨਾਮ ਤੇ ਹੀ ਸਭ ਸ਼ੁਭ ਕੰਮ ਕਰਦਾ ਸੀ। ਮੇਰੇ ਨਾਂ ਤੇ ਕੋਈ ਸਿੱਕਾ ਚਲਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਖ਼ਾਲਸਾ ਪੰਥ ਵਿਚ ਸਾਰੀ ਸ਼ਕਤੀ ਪੰਜਾਂ ਪਿਆਰਿਆਂ ਜਾਂ ਖ਼ਾਲਸਾ ਪੰਚਾਇਤ ਦੇ ਹੱਥ ਹੁੰਦੀ ਸੀ। ਮੈਂ ਇਕੱਲਾ ਆਪਣੇ ਆਪ ਕੁਝ ਵੀ ਨਹੀਂ ਕਰ ਸਕਦਾ ਸੀ। ਇਹ ਸਾਨੂੰ ਗੁਰੂ ਜੀ ਦੀ ਹਦਾਇਤ ਸੀ ਕਿ ਕੋਈ ਵੀ ਮਹੱਤਵਪੂਰਨ ਫੈਸਲਾ ਕਿਸੇ ਇਕ ਸਿੰਘ ਨੇ ਨਹੀਂ ਕਰਨਾ। ਪੰਜਾਂ ਵਿਚ ਹੀ ਪ੍ਰਮੇਸ਼ਰ ਹੁੰਦਾ ਹੈ। ਪੰਜ ਫੈਸਲਾ ਜੋ ਕਰਨਗੇ ਉਸ ਵਿਚ ਗ਼ਲਤ ਫੈਸਲੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਮੈਂ ਸਹਿਰਾ ਖੰਡਾ ਤੋਂ ਲੈ ਕੇ ਗੁਰਦਾਸ ਨੰਗਲ ਤੱਕ ਜੋ ਵੀ ਫੈਸਲੇ ਲਏ ਸਨ, ਸਭਨਾਂ ਵਿਚ ਖ਼ਾਲਸਾ ਪੰਚਾਇਤ ਦੀ ਮਰਜ਼ੀ ਅਨੁਸਾਰ ਹੀ ਚਲਦੇ ਸੀ।

ਬਾਕੀ ਰਹੀ ਖਾਣ ਪੀਣ ਦੀ ਗਲ। ਮੇਰੇ ਵੇਲੇ ਬਹੁਤੇ ਸਿੱਖ ਨਾ ਤਾਂ ਰੂੜੀ ਵਾਦੀ ਸਨ ਤੇ ਨਾ ਹੀ ਕਰਮ ਕਾਂਡੀ। ਸਿੱਖ ਬਹੁਤੇ ਖੁਲ੍ਹੇ ਖਿਆਲਾਂ ਦੇ ਮਾਲਿਕ ਸਨ। ਇਹ ਖਾਣ ਪੀਣ ਦੇ ਸ਼ੌਕੀਨ ਸਨ। ਇਹਨਾਂ ਨੂੰ ਕੇਵਲ ਕੁਠਾ ਮਾਸ ਖਾਣ ਦੀ ਮਨਾਹੀ ਸੀ। ਝਟਕਾ ਮਾਸ ਇਹ ਖ਼ੁਸ਼ ਹੋਕੇ ਖਾਂਦੇ ਸਨ। ਗੁਰੂ ਜੀ ਨੇ ਖਾਣ ਪੀਣ ਤੇ ਕੋਈ ਖ਼ਾਸ ਪਾਬੰਦੀ ਨਹੀਂ ਲਗਾਈ ਸੀ। ਹਾਂ ਕੇਵਲ ਨਸ਼ਿਆਂ ਦੀ ਪੂਰਨ ਮਨਾਹੀ ਕੀਤੀ ਗਈ ਸੀ ਕਿਉਂਕਿ ਇਹ ਨਸ਼ੀਲੇ ਪਦਾਰਥ ਇਨਸਾਨੀ ਸਿਹਤ ਲਈ ਲਾਹੇਵੰਦ ਨਹੀਂ ਸਨ। ਕਹਿੰਦੇ ਹਨ ਕਿ ਇਕ ਹਿੰਦੂ ਵਿਅਕਤੀ ਮੁਸਲਮਾਨ ਬਣਨਾ ਚਾਹੁੰਦਾ ਸੀ ਕਿਉਂਕਿ ਉਹ ਹਿੰਦੂ ਧਰਮ ਦੇ ਕਰਮਕਾਂਡਾਂ ਤੇ ਖਾਣ ਪੀਣ ਵਿਚ ਵੈਸ਼ਨੋ ਵਾਦ ਤੋਂ ਖਫਾ ਸੀ। ਉਸਨੂੰ ਇਕ ਗੁਣੀ ਗਿਆਨੀ ਵਿਅਕਤੀ ਨੇ ਕਿਹਾ, ਜੇਕਰ ਭਲਿਆ ਲੋਕਾਂ ਤੂੰ ਚਾਹੁੰਦਾ ਏਂ ਕਿ ਤੇਰੇ ਖਾਣ ਪੀਣ ਤੇ ਕੋਈ ਪਾਬੰਦੀ ਨਾ ਹੋਵੇ ਤਾਂ ਤੂੰ ਅਖਾਂ ਮੀਟ ਕੇ ਸਿੱਖ ਬਣ ਜਾ। ਆਮ ਲੋਕ ਸਿੱਖਾਂ ਬਾਰੇ ਇਹ ਵਿਚਾਰ ਰੱਖਦੇ ਸਨ। ਇਹ ਆਦਤ ਮੁਗਲਾਂ ਨਾਲ ਮੁਕਾਬਲਾ ਕਰਨ ਵਿਚ ਬਹੁਤ ਸਹਾਈ ਹੋਈ। ਮੁਸਲਮਾਨ ਤਾਂ ਦਿਹਾੜੀ

ਵਿਚ ਕਈ ਵਾਰ ਮੀਟ ਖਾਂਦੇ ਸਨ ਤੇ ਉਹਨਾਂ ਦਾ ਮੁਕਾਬਲਾ ਵੀ ਮੀਟ ਖਾਣ ਵਾਲੇ ਹੀ ਕਰ ਸਕਦੇ ਸਨ। ਏਥੇ ਮੇਰਾ ਹਰਗਿਜ਼ ਇਹ ਮਤਲਬ ਨਹੀਂ ਕਿ ਮੀਟ ਖਾਣ ਵਾਲਾ ਹੀ ਬਹਾਦਰ ਹੁੰਦਾ ਹੈ। ਮੀਟ ਖਾਣ ਵਾਲੇ ਦਾ ਸਰੀਰ ਤਾਕਤਵਰ ਹੁੰਦਾ ਹੈ। ਇਸ ਕਰਕੇ ਉਸ ਵਿਚ ਦਲੇਰੀ ਵੀ ਆ ਜਾਂਦੀ ਹੈ। ਮੇਰਾ ਮਤਲਬ ਇਹ ਵੀ ਨਹੀਂ ਕਿ ਕੇਵਲ ਮਾਸਾਹਾਰੀ ਹੀ ਬਹਾਦਰ ਹੁੰਦੇ ਹਨ। ਮੈਂ ਆਪਣੇ ਬਚਪਣ ਤੋਂ ਹੀ ਮਾਸ ਖਾਣਾ ਹਿਰਨੀ ਦੇ ਮਾਰੇ ਜਾਣ ਵਾਲੀ ਘਟਨਾ ਤੋਂ ਬਾਅਦ ਛੱਡ ਦਿੱਤਾ ਸੀ। ਬਾਅਦ ਵਿਚ ਮੈਂ ਸੰਨਿਆਸੀ ਹੋ ਗਿਆ। ਇਸ ਕਰਕੇ ਮੈਂ ਮਾਸਾਹਾਰੀ ਨਹੀਂ ਸੀ। ਇਸ ਆਦਤ ਦਾ ਮੇਰੀ ਸਿਖੀ ਸਪਿਰਟ ਨਾਲ ਕੋਈ ਸਰੋਕਾਰ ਨਹੀਂ। ਗੁਰੂ ਸਾਹਿਬ ਨੇ ਕਿਧਰੇ ਨਹੀਂ ਕਿਹਾ ਕਿ ਜੋ ਮਾਸ ਨਹੀਂ ਖਾਂਦਾ ਹੈ ਉਹ ਮੇਰਾ ਸਿਖ ਨਹੀਂ। ਸਿੱਖ ਧਰਮ ਵਿਚ ਮਾਸ ਦੀ ਮਨਾਹੀ ਨਹੀਂ ਪਰ ਜੇਕਰ ਮੇਰੇ ਵਰਗਾ ਨਾ ਖਾਣਾ ਚਾਹੇ ਤਾਂ ਇਹ ਉਸਦੀ ਖ਼ੁਸ਼ੀ ਹੈ। ਖਾਣਾ ਪੀਣਾ ਮਨ ਕਾ ਚਾਉਂ ਵਾਲੀ ਬਾਤ ਹੈ। ਇਸ ਲਈ ਜੇਕਰ ਮੈਂ ਬਾਕੀ ਸਿੰਘਾਂ ਵਾਂਗ ਮਾਸ ਮੱਛੀ ਨਹੀਂ ਖਾਂਦਾ ਸੀ ਤਾਂ ਇਸਦਾ ਹਰਗਿਜ਼ ਇਹ ਮਤਲਬ ਨਹੀਂ ਕਿ ਮੈਂ ਗੁਰੂ ਦਾ ਸਿੱਖ ਨਹੀਂ।

ਮੇਰੇ ਬਾਰੇ ਮੁਸਲਮਾਨ ਇਤਿਹਾਸਕਾਰਾਂ ਨੇ ਕੋਈ ਸਚਾਈ ਬਿਆਨ ਨਹੀਂ ਕੀਤੀ। ਸਾਡਾ ਉਹਨਾਂ ਉਪਰ ਕੋਈ ਗਿਲਾ ਵੀ ਨਹੀਂ ਕਿਉਂਕਿ ਉਹ ਸਾਡੇ ਦੁਸ਼ਮਣ ਨੂੰ ਖ਼ੁਸ਼ ਕਰਨਾ ਚਾਹੁੰਦੇ ਸਨ। ਉਹਨਾਂ ਨੇ ਕਈ ਜਗ੍ਹਾ ਲਿਖਿਆ ਹੈ ਕਿ ਮੈਂ ਬਹੁਤ ਜ਼ਾਲਿਮ, ਨਿਰਦਈ ਤੇ ਵਹਿਸ਼ੀ ਕਿਸਮ ਦਾ ਆਦਮੀ ਸੀ, ਜਿਹੜਾ ਬੇ-ਦੋਸ਼ਿਆਂ ਨੂੰ ਮਾਰਕੇ ਬਹੁਤ ਖੁਸ਼ ਹੁੰਦਾ ਸੀ। ਉਹਨਾਂ ਇਹ ਵੀ ਲਿਖਣ ਤੋਂ ਗੁਰੇਜ਼ ਨਹੀਂ ਕੀਤਾ ਕਿ ਮੈਂ ਡਾਕੂਆਂ, ਲੁਟੇਰਿਆਂ ਤੇ ਧਾੜਵੀਆਂ ਦਾ ਮੁਖੀ ਹਾਂ। ਉਹਨਾਂ ਦਾ ਇਹ ਵੀ ਇਲਜ਼ਾਮ ਹੈ ਕਿ ਮੈਂ 75 ਹਜ਼ਾਰ ਤੋਂ ਉਪਰ ਨਿਰਦੋਸ਼ੇ ਮੁਸਲਮਾਨ ਮਾਰੇ ਹਨ ਤੇ ਬਚਿਆਂ, ਔਰਤਾਂ ਤੇ ਬਜ਼ੁਰਗਾਂ ਨੂੰ ਵੀ ਨਹੀਂ ਬਖਸ਼ਿਆ। ਇਹ ਸਰਾਸਰ ਇਕ ਦਮ ਗ਼ਲਤ ਤੇ ਬੇ-ਬੁਨਿਆਦ ਹੈ। ਮੈਨੂੰ ਜ਼ਾਲਿਮ ਨਹੀਂ ਕਿਹਾ ਜਾ ਸਕਦਾ ਬਲਕਿ ਜ਼ਾਲਿਮਾਂ ਦਾ ਨਾਸ ਕਰਨ ਵਾਲਾ ਜ਼ਰੂਰ ਕਿਹਾ ਜਾ ਸਕਦਾ ਹੈ। ਜਿੰਨਾਂ ਲੋਕਾਂ ਗੁਰੂ ਜੀ ਦੇ ਪਰਿਵਾਰ ਤੇ ਮਾਸੂਮ ਬਚਿਆਂ ਉਪਰ ਅਕਹਿ ਤੇ ਅਸਹਿ ਜ਼ੁਲਮ ਕੀਤੇ ਸਨ, ਉਹਨਾਂ ਦਾ ਨਾਸ ਕਰਨਾ ਮੇਰਾ ਮੁੱਖ ਫਰਜ ਸੀ ਤੇ ਇਸੇ ਕਾਰਨ ਹੀ ਮੈਂ ਸਿੰਘ ਸੱਜਕੇ, ਗੁਰੂ ਜੀ ਦੀ ਆਗਿਆ ਨਾਲ ਪੰਜਾਬ ਵਿਚ ਆਇਆ ਸੀ। ਸਰਹੰਦ ਦੇ ਸਾਰੇ ਅਮੀਰ ਤੇ ਵਜ਼ੀਰ ਆਮ ਲੋਕਾਂ ਉਪਰ ਜ਼ੁਲਮ ਕਰਨ ਲਈ ਬਦਨਾਮ ਸਨ। ਦੁਨੀਆਂ ਵਿਚ ਕਿਹੜਾ ਜ਼ੁਲਮ ਹੋਵੇਗਾ ਜਿਹੜਾ ਸਮਾਣੇ, ਸਢੌਰੇ ਤੇ ਮਲੇਰਕੋਟਲੇ ਦੇ ਮੁਸਲਮਾਨ ਫੌਜਦਾਰਾਂ ਤੇ ਚੌਧਰੀਆਂ ਨੇ ਨਹੀਂ ਕੀਤਾ ਹੋਵੇਗਾ। ਲੋਕ ਤਰਾਹ ਤਰਾਹ ਕਰ ਰਹੇ ਸਨ। ਸਾਨੂੰ ਆਪਣੇ ਨਗਰ ਵੇਖਕੇ, ਆਮ ਲੋਕ ਸਾਡੇ ਸਮਰਥੱਕ ਤੇ ਰਾਹ ਦਸੇਰੇ ਬਣ ਜਾਂਦੇ ਸਨ। ਅਜਿਹੇ ਵਹਿਸ਼ੀਆਂ ਤੇ ਦਰਿੰਦਿਆਂ ਨੂੰ ਘਰ ਘਾਟ ਸਮੇਤ ਜਿਉਂਦੇ ਸਾੜਨਾ ਮੇਰਾ ਧਰਮ ਸੀ। ਇਹ ਜ਼ੁਲਮ ਮਾਸੂਮ ਬਚਿਆਂ ਤੇ ਔਰਤਾਂ ਦੇ ਕਤਲ ਨਾਲੋਂ ਕਿਧਰੇ ਘਟ

ਸੀ। ਸਾਡੇ ਵਾਸਤੇ ਇਹ ਸਾਡੇ ਗੁਰੂ ਦਾ ਹੁਕਮ ਸੀ ਕਿ ਮੇਰੇ ਸਿੱਖ ਜੰਗ ਦੇ ਦੌਰਾਨ ਕਿਸੇ ਨਿਹੱਥੇ, ਨਿਰਦੋਸ਼ ਬਿਮਾਰ, ਬ੍ਰਿਧ, ਔਰਤ ਤੇ ਬਚਿਆਂ ਉਪਰ ਵਾਰ ਨਹੀਂ ਕਰਨਗੇ। ਅਸਾਂ ਕਦੇ ਵੀ ਇਸਦੀ ਹੁਕਮ ਅਦੂਲੀ ਨਹੀਂ ਕੀਤੀ। ਇਹ ਅਸਾਂ ਕੋਈ ਅਹਿਸਾਨ ਨਹੀਂ ਕੀਤਾ ਬਲਕਿ ਆਪਣਾ ਇਨਸਾਨੀ ਫਰਜ਼ ਨਿਭਾਇਆ ਹੈ।

ਮੈਨੂੰ ਲੁਟੇਰਿਆਂ ਦਾ ਸਰਗੰਨਾ ਨਹੀਂ ਕਿਹਾ ਜਾ ਸਕਦਾ। ਜਦੋਂ ਮੈਂ ਨੰਦੇੜ ਤੋਂ ਪੰਜਾਬ ਵਲ ਆਇਆ ਸੀ ਤਾਂ ਪਹਿਲਾਂ ਪੜਾਅ ਅਸਾਂ ਕੁਝ ਮਹੀਨਿਆਂ ਲਈ ਸੇਹਰੀ ਖਾਂਡੇ ਕੀਤਾ ਸੀ। ਉਹ ਪਿੰਡ ਮੁੱਖ ਨਗਰਾਂ ਤੋਂ ਕਾਫੀ ਦੂਰ ਸੀ। ਇਸ ਪਿੰਡ ਦੇ ਦੁਆਲੇ ਜੰਗਲ ਹੀ ਜੰਗਲ ਸਨ ਤੇ ਇਹ ਡਾਕੂਆਂ ਤੇ ਲੁਟੇਰਿਆਂ ਦੀ ਲੁਕਣਗਾਹ ਬਣੀ ਹੋਈ ਸੀ। ਆਮ ਲੋਕ ਇਹਨਾਂ ਡਾਕੂਆਂ ਤੋਂ ਬਹੁਤ ਖਫਾ ਸਨ। ਇਹ ਲੋਕ ਰਾਤ ਨੂੰ ਨਗਰਾਂ ਵਿਚ ਖੋਹਾਂ ਲੁਟਾਂ ਕਰਦੇ ਤੇ ਦਿਨ ਨੂੰ ਜੰਗਲ ਵਿਚ ਆਕੇ ਪਨਾਹ ਲੈ ਲੈਂਦੇ ਸਨ। ਜੰਗਲ ਵਿਚ ਇਹਨਾਂ ਨੇ ਆਪਣੇ ਟਿਕਾਣੇ ਬਣਾਏ ਹੋਏ ਸਨ। ਜਦੋਂ ਲੋਕਾਂ ਨੇ ਮੈਨੂੰ ਇਹਨਾਂ ਡਾਕੂਆਂ ਵਿਰੁੱਧ ਸ਼ਿਕਾਇਤ ਕੀਤੀ ਤਾਂ ਅਸਾਂ ਆਪਣੇ ਸਿੰਘ ਜੰਗਲ ਵਿਚ ਭੇਜੇ ਤੇ ਇਹਨਾਂ ਡਾਕੂਆਂ ਦੇ ਟਿਕਾਣਿਆਂ ਨੂੰ ਉਜਾੜਿਆ। ਸਿੰਘਾਂ ਦੀ ਆਮਦ ਇਹ ਸੁਣਕੇ ਇਹ ਡਾਕੂ ਤੇ ਲੁਟੇਰੇ ਉਹ ਇਲਾਕਾ ਹੀ ਛੱਡਕੇ ਹੋਰ ਕਿਧਰੇ ਚਲੇ ਗਏ। ਜਦੋਂ ਅਸਾਂ ਸਰਹੰਦ ਸੂਬੇ ਦੇ ਪਰਗੰਨਿਆਂ ਵਿਚ ਆਪਣੀ ਮੁਹਿੰਮ ਸ਼ੁਰੂ ਕੀਤੀ ਤਾਂ ਸਾਨੂੰ ਪੈਸੇ ਧੇਲੇ ਦੀ ਸਖ਼ਤ ਜ਼ਰੂਰਤ ਸੀ। ਸਾਡੇ ਕੋਲ ਰਾਸ਼ਨ ਤੇ ਹੋਰ ਖਾਧ ਸਮੱਗਰੀ ਖ੍ਰੀਦਣ ਲਈ ਕੋਈ ਮਾਇਆ ਨਹੀਂ ਸੀ। ਜੋ ਹੈ ਵੀ ਸੀ, ਉਹ ਰਸਤੇ ਵਿਚ ਹੀ ਖ਼ਤਮ ਹੋ ਗਈ ਸੀ। ਅਸਾਂ ਕਈ ਨਗਰ ਤੇ ਕਸਬੇ ਲੁਟੇ ਸਨ। ਮੇਰੇ ਸਿੰਘਾਂ ਨੂੰ ਹਦਾਇਤ ਸੀ ਕਿ ਲੁਟਣ ਵੇਲੇ ਕਿਸੇ ਆਮ ਆਦਮੀ ਨੂੰ ਤੰਗ ਨਹੀਂ ਕਰਨਾ। ਕੇਵਲ ਅਮੀਰਾਂ ਤੇ ਜ਼ਾਲਮਾਂ ਨੂੰ ਲੁਟਣਾ ਹੈ। ਜੇਕਰ ਕੋਈ ਸ਼ਕਸ ਸਾਡੀ ਫੌਜ ਵਿਚ ਸ਼ਾਮਿਲ ਹੋਕੇ ਕਿਸੇ ਔਰਤ, ਬ੍ਰਿਧ ਜਾਂ ਬਚੇ ਜਾਂ ਗ਼ਰੀਬ ਆਦਮੀ ਨੂੰ ਤੰਗ ਜਾਂ ਪਰੇਸ਼ਾਨ ਕਰਦਾ ਤਾਂ ਅਸੀਂ ਉਸ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦੇ ਸਾਂ। ਅਸੀਂ ਲੁਟ ਦਾ ਮਾਲ, ਉਹਨਾਂ ਲੋਕਾਂ ਨੂੰ ਵੀ ਵੰਡਦੇ ਸਾਂ ਜੋ ਅਜਿਹੇ ਕੰਮ ਵਿਚ ਸਾਡੀ ਸਹਾਇਤਾ ਕਰਦੇ ਸਨ। ਇਸ ਲਈ ਸਾਡੇ ਉਪਰ ਲੁਟਾਂ ਖੋਹਾਂ ਦਾ ਦੋਸ਼ ਬੇ-ਬੁਨਿਆਦ ਹੈ। ਅਸੀਂ ਅਮੀਰਾਂ ਤੇ ਜ਼ਾਲਮਾਂ ਨੂੰ ਸੋਧਣ ਤੇ ਉਜਾੜਨ ਆਏ ਸੀ। ਉਹਨਾਂ ਨੂੰ ਉਜਾੜਨ ਲਈ ਸਾਨੂੰ ਲੁਟ ਕਰਨੀ ਪੈਂਦੀ ਸੀ। ਇਹ ਦੌਲਤ ਇਹਨਾਂ ਅਮੀਰਾਂ ਵਜ਼ੀਰਾਂ ਨੇ ਗ਼ਰੀਬਾਂ ਦਾ ਖ਼ੂਨ ਚੂਸਕੇ ਇਕੱਠੀ ਕੀਤੀ ਸੀ। ਅਜਿਹੀ ਦੌਲਤ ਨੂੰ ਲੁਟਣਾ ਜਾਇਜ਼ ਹੈ। ਅਜਿਹੀਆਂ ਮਹਿਲ ਮਾੜੀਆਂ ਨੂੰ ਮਲਬੇ ਵਿਚ ਤਬਦੀਲ ਕਰਨਾ ਸਾਡਾ ਧਰਮ ਹੈ। ਇਹ ਮੁਲਕ ਦੇ ਦੁਸ਼ਮਣਾਂ ਦੀਆਂ ਲੁਕਣਗਾਹਾਂ ਹਨ।

ਜੇਕਰ ਮੇਰੇ ਸਾਰੇ ਸਿੰਘ ਮੈਦਾਨ ਵਿਚ ਡਟੇ ਰਹਿੰਦੇ ਤਾਂ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਨਿਕਲਦੇ ਬਾਦਸ਼ਾਹੀ ਫੌਜਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਸੀ। ਅਸਾਂ ਉਹਨਾਂ ਨਾਲ ਹੀ ਲੜਨਾ ਸੀ, ਜਿੰਨਾਂ ਨਾਲ ਕਈ ਦਫਾ ਲੜ ਚੁੱਕੇ ਸੀ।

ਉਹਨਾਂ ਸਾਡੇ ਹੱਥ ਵੇਖੇ ਹੋਏ ਸਨ। ਇਹੀ ਵਜਾ ਸੀ ਕਿ ਅਸੀਂ ਥੋਹੜੇ ਜਿਹੇ ਸਿੰਘ ਤਕਰੀਬਨ ਅੱਠ ਮਹੀਨੇ ਉਹਨਾਂ ਲਈ ਹਊਆ ਬਣੇ ਰਹੇ। ਜਿਹੜੇ ਸਿੰਘ ਆਪਣੇ ਜੱਥੇ ਲੈ ਕੇ ਗੁਰਦਾਸ ਨੰਗਲ ਤੋਂ ਦੂਰ ਚਲੇ ਗਏ ਸਨ, ਉਹਨਾਂ ਨੇ ਮੇਰੀ ਸਾਰ ਨਾ ਲਈ। ਜਿਹੜੇ ਬਿਨੋਦ ਸਿੰਘ ਵਰਗੇ ਆਪ ਮੈਨੂੰ ਇਹ ਕਹਿਕੇ ਬਾਹਰ ਗਏ ਸਨ ਕਿ ਉਹ ਬਾਹਰ ਜਾਕੇ ਬਾਜ ਸਿੰਘ ਨੂੰ ਨਾਲ ਲੈ ਕੇ ਤੇ ਬਾਕੀ ਹੋਰ ਬਿਖਰੇ ਹੋਏ ਸਿੰਘਾਂ ਨੂੰ ਸਾਥ ਲੈਕੇ, ਮੁਗ਼ਲ ਫੌਜ ਦਾ ਇਹ ਘੇਰਾ ਤੋੜਨਗੇ, ਉਹ ਸ਼ਾਹੀ ਫੌਜਾਂ ਕੋਲੋਂ ਜ਼ਗੀਰਾਂ ਤੇ ਸਹੂਲਤਾਂ ਲੈਕੇ ਫੂਲੇ ਨਹੀਂ ਸਨ ਸਮਾਉਂਦੇ। ਉਹਨਾਂ ਨੇ ਬਹੁਤ ਸਾਰੇ ਸਿੰਘਾਂ ਨੂੰ ਵੀ ਇਸੇ ਪਾਸੇ ਲਾਉਣ ਦਾ ਸ਼ਾਇਦ ਠੇਕਾ ਹੀ ਲੈ ਲਿਆ ਸੀ। ਉਹ ਸੋਚਦੇ ਸਨ ਕਿ ਇਹਨਾਂ ਜਗੀਰਾਂ ਨੇ ਇਕੱਠੀਆਂ ਹੋਕੇ ਖ਼ਾਲਸਾ ਰਾਜ ਵਿਚ ਤਬਦੀਲ ਹੋ ਜਾਣਾ ਹੈ। ਭੋਲੇਭਾਲੇ ਸਿੱਖ ਇਹਨਾਂ ਲੋਕਾਂ ਦੇ ਭੁਲਾਵੇ ਵਿਚ ਆ ਗਏ ਸਨ। ਮੇਰਾ ਵਿਸ਼ਵਾਸ ਸੀ ਕਿ ਖ਼ਾਲਸਾ ਇਕ ਜੁੱਟ ਹੋਕੇ ਸ਼ਾਹੀ ਫੌਜਾਂ ਜਾਂ ਹਿੰਦੂ ਰਾਜਿਆਂ ਨਾਲ ਲੜਦਾ ਤਾਂ ਅਸੀਂ ਉੱਤਰੀ ਪੱਛਮੀ ਹਿੰਦੋਸਤਾਨ ਦੇ ਕਈ ਇਲਾਕੇ ਮੁਗ਼ਲੀਆ ਹਕੂਮਤ ਤੋਂ ਅਜ਼ਾਦ ਕਰਵਾ ਲੈਣੇ ਸਨ। ਪੰਜਾਬ ਤੇ ਜੰਮੂ ਖੇਤਰਾਂ ਦੇ ਹਿੰਦੂ ਤੇ ਮੁਸਲਮਾਨ ਦੋਹਵੇਂ ਦਿਲੋਂ ਸਾਨੂੰ ਚਾਹੁੰਦੇ ਸੀ। ਇਹ ਲੋਕ ਵੀ ਮੁਗ਼ਲਾਂ ਦੇ ਰਾਜ ਤੋਂ ਤੰਗ ਆ ਚੁੱਕੇ ਸਨ। ਜਿਹੜੇ ਜਿਹੜੇ ਇਲਾਕੇ ਅਸਾਂ ਸਰਹੰਦ, ਲਾਹੌਰ, ਜੰਮੂ ਤੇ ਸਹਾਰਨ ਪੁਰ ਦੇ ਇਲਾਕੇ ਅਸੀਂ ਖ਼ਾਲਸਾ ਰਾਜ ਵਿਚ ਸ਼ਾਮਿਲ ਕੀਤ ਸਨ, ਉਥੋਂ ਦੀ ਅਵਾਮ ਨੇ ਸਾਡਾ ਦਿਲੋਂ ਸਵਾਗਤ ਕੀਤਾ ਸੀ ਤੇ ਸਾਨੂੰ ਪੂਰਾ ਸਹਿਯੋਗ ਦਿੱਤਾ ਸੀ।

ਪਰ ਮੇਰੀ ਖ਼ਾਲਸਾ ਪੰਚਾਇਤ ਦੇ ਬਹੁਤੇ ਮੈਂਬਰ ਦਿਲ ਛੱਡੀ ਬੈਠੇ ਸਨ। ਉਹ ਸੋਚਦੇ ਸਨ ਕਿ ਏਡੀ ਵੱਡੀ ਹਕੂਮਤ ਨਾਲ ਟੱਕਰ ਲੈਣ ਨਾਲ ਸਾਨੂੰ ਕਾਮਯਾਬੀ ਨਹੀਂ ਮਿਲਣੀ। ਉਹਨਾਂ ਦੀ ਇਸ ਬੁਜ਼ਦਿਲਾਨਾ ਸੋਚ ਨੇ ਆਮ ਸਿੰਘਾਂ ਦੇ ਜੋਸ਼ ਨੂੰ ਵੀ ਢਿਲਾ ਕਰ ਦਿੱਤਾ ਸੀ। ਪਹਿਲਾਂ ਸਿੰਘ ਜਿਥੇ ਮੈਂ ਜਾਂਦਾ ਉਥੇ ਪਹੁੰਚ ਜਾਂਦੇ ਸਨ ਪਰ ਗੁਰਦਾਸ ਨੰਗਲ ਵਿਖੇ ਸਾਰੇ ਸਿੰਘ ਆਪੋ ਆਪਣੀਆਂ ਜਾਨਾਂ ਬਚਾਉਣ ਵਿਚ ਹੀ ਆਪਣੀ ਦਨਾਈ ਸਮਝਣ ਲਗ ਪਏ ਸਨ। ਕਈ ਸਿੰਘ ਸੋਚ ਰਹੇ ਸਨ ਕਿ ਜਦੋਂ ਮਾਤਾ ਸੁੰਦਰੀ ਜੀ ਨੇ ਮੈਨੂੰ ਪੰਥ ਵਿਚੋਂ ਛੇਕ ਦਿੱਤਾ ਹੈ ਤਾਂ ਇਸ ਲਈ ਇਸਦੀ ਮਦਦ ਕਰਨ ਨਾਲ ਉਹ ਵੀ ਤਨਖਾਹੀਏ ਕਰਾਰ ਦਿੱਤੇ ਜਾ ਸਕਦੇ ਸਨ। ਇਹਨਾਂ ਅਫਵਾਂਹਾਂ ਨੂੰ ਮੁਗ਼ਲ ਹਕੂਮਤ ਹਰ ਜਗ੍ਹਾ ਬੜੀ ਤੀਬਰਤਾ ਨਾਲ ਫੈਲਾ ਰਹੀ ਸੀ। ਲੋਕ ਸਰਕਾਰੀ ਚਾਲਾਂ ਨੂੰ ਸਮਝਣ ਤੋਂ ਅਸਮਰੱਥ ਸਨ। ਜਿਹੜੇ ਲੋਕ ਮੈਨੂੰ ਖ਼ਾਲਸਾ ਪੰਥ ਦਾ ਅੰਗ ਹੀ ਨਾ ਸਮਝਦੇ ਹੋਣ ਤਾਂ ਉਹਨਾਂ ਨੇ ਮੇਰੇ ਪਿੱਛੇ ਕੀ ਲੈਣ ਆਉਣਾ ਸੀ? ਉਹ ਤਾਂ ਸਗੋਂ ਮੇਰੀ ਵਿਰੋਧਤਾ ਕਰਨ ਨੂੰ ਇਕ ਪੰਥਿਕ ਸੇਵਾ ਸਮਝਣ ਲਗ ਪਏ ਹੋਣਗੇ। ਮੈਨੂੰ ਗੁਰੂ ਘਰ ਦਾ ਤਨਖਾਹੀਆ, ਦੁਰਕਾਰਿਆ ਤੇ ਭਗੌੜਾ ਸਮਝਣ ਵਾਲੇ ਲੋਕਾਂ ਨੇ ਮੇਰੀ ਮਦਦ ਕੀ ਕਰਨੀ ਸੀ।

ਜਿਹੜੇ ਲੋਕਾਂ ਨੂੰ ਇਹ ਦਸਿਆ ਗਿਆ ਹੋਵੇ ਕਿ ਮੈਂ ਕੋਈ ਅੰਮ੍ਰਿਤਧਾਰੀ ਸਿੱਖ

ਨਹੀਂ ਸਗੋਂ ਇਕ ਹਿੰਦੂ ਵੈਸ਼ਨਵੀ ਤੇ ਬੈਰਾਗੀ ਹਾਂ, ਜਿਸਨੂੰ ਕਿ ਗੁਰੂ ਜੀ ਨੇ ਮੁਗ਼ਲਾਂ ਖਿਲਾਫ਼ ਲੜਨ ਲਈ ਭੇਜਿਆ ਸੀ। ਜਦੋਂ ਮੇਰੇ ਸਿੰਘ ਮੈਨੂੰ ਆਪਣੇ ਪੰਥ ਦਾ ਇਕ ਅੰਗ ਹੀ ਨਾ ਸਮਝਦੇ ਹੋਣ, ਉਹਨਾਂ ਮੇਰੀ ਸਾਰ ਕਿਥੋਂ ਲੈਣੀ ਸੀ? ਮੈਂ ਜਦੋਂ ਗੁਰਦਾਸ ਨੰਗਲ ਵਿਖੇ ਘਿਰਿਆ ਹੋਇਆ ਸੀ ਤਾਂ ਇਕ ਦਿਨ ਮੈਂ ਅੰਤਰ ਧਿਆਨ ਹੋਕੇ, ਗੁਰੂ ਜੀ ਨੂੰ ਆਖਿਆ, ਹੇ ਸਚੇ ਪਾਤਸ਼ਾਹ, ਮੇਰੇ ਸਿੰਘ ਵੀ ਮੇਰਾ ਇਕ ਇਕ ਕਰਕੇ ਸਾਥ ਛੱਡੀ ਜਾ ਰਹੇ ਹਨ। ਜਿੰਨਾਂ ਦੀ ਮੈਂ ਡਿਊਟੀ ਬਾਹਰੋਂ ਮੁਗ਼ਲ ਫੌਜ ਨਾਲ ਲੜਨ ਲਈ ਲਗਾਈ ਸੀ, ਉਹ ਵੀ ਭਗੌੜੇ ਹੋ ਗਏ ਹਨ। ਮੈਂ ਆਪਣੇ ਅੱਠ ਕੁ ਸੌ ਸਿੰਘਾਂ ਨਾਲ ਏਥੇ ਫਸ ਗਿਆ ਹਾਂ। ਮੈਨੂੰ ਇਸ ਹਾਲਤ ਵਿਚ ਕੀ ਕਰਨਾ ਚਾਹੀਦਾ ਹੈ? ਮੈਨੂੰ ਸੋਝੀ ਦਿਉ, ਮੈਨੂੰ ਕੋਈ ਸਮਝ ਨਹੀਂ ਆ ਰਹੀ ਕਿ ਇਹ ਮੇਰੇ ਨਾ ਕੀ ਬਣਿਆ ਹੈ? ਉਸ ਵਕਤ ਜੋ ਮੇਰੇ ਕੰਨਾਂ ਵਿਚ ਅਵਾਜ਼ ਪਈ ਮੈਂ ਆਪਣੇ ਸਿੰਘਾਂ ਨਾਲ ਸਾਂਝੀ ਕੀਤੀ। ਮੈਨੂੰ ਇੰਝ ਸੁਣਾਈ ਦਿੱਤਾ, ਮੇਰੇ ਪਿਆਰੇ ਬੰਦਾ ਸਿੰਘ ਤੈਨੂੰ ਵੀ ਇਸੇ ਕਰਕੇ ਬਹਾਦਰ ਦਾ ਖਿਤਾਬ ਦਿੱਤਾ ਸੀ ਕਿ ਤੂੰ ਅਸਲ ਵਿਚ ਹੀ ਬਹਾਦਰ ਹੈਂ। ਤੂੰ ਮੁਸੀਬਤਾਂ ਵਿਚ ਵੀ ਖੜਨ ਦੀ ਜ਼ੁਰਅਤ ਰਖਦਾ ਏਂ। ਸ਼ਾਬਾਸ਼ ! ਤੂੰ ਆਪਣੇ ਸਿੰਘਾਂ ਦੇ ਰਵੱਈਏ ਤੇ ਨਾ ਝੂਰ। ਜੋ ਕਰਨਗੇ ਸੋ ਭਰਨਗੇ। ਤੂੰ ਆਪਣਾ ਫਰਜ਼ ਨਿਭਾ ਤੇ ਸ਼ਹੀਦੀਆਂ ਪਾ ਜਾ। ਇਹਨਾਂ ਭਗੌੜਿਆਂ ਨੂੰ ਆਉਣ ਵਾਲੇ ਸਮੇਂ ਵਿਚ ਸਿੰਘ ਲਾਹਨਤਾ ਪਾਉਣਗੇ ਤੇ ਤੇਰਾ ਨਾਮ ਸਿੱਖ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਤੂੰ ਮੇਰਾ ਪਿਆਰਾ ਸਿੱਖ ਸੀ ਤੇ ਅੱਜ ਵੀ ਹੈ। ਇਸ ਰੁਹਾਨੀ ਸੰਦੇਸ਼ ਨੂੰ ਜਦੋਂ ਮੈਂ ਆਪਣੇ ਸਿੰਘਾਂ ਨਾਲ ਸਾਂਝਾ ਕੀਤਾ ਤਾਂ ਉਹਨਾਂ ਨੇ ਵੀ ਮਰਦੇ ਦਮ ਤਕ ਮੇਰਾ ਸਾਥ ਦੇਣਾ ਦਾ ਵਾਇਦਾ ਕੀਤਾ।

ਇਸ ਲੰਮੇ ਘੇਰੇ ਵਿਚ ਸਾਨੂੰ ਸਭ ਤੋਂ ਵੱਡੀ ਥੁੜ ਰਾਸ਼ਨ ਦੀ ਆਈ। ਦੁਸ਼ਮਣਾਂ ਨੇ ਸਾਡੇ ਸਾਰੇ ਰਸਤੇ ਬੰਦ ਕਰ ਦਿੱਤੇ ਸਨ। ਅਸੀਂ ਭੁੱਖੇ ਰਹਿਣ ਲਈ ਮਜ਼ਬੂਰ ਸੀ। ਅਸੀਂ ਇਕ ਪੱਤਰ ਭਾਈ ਮਨੀ ਸਿੰਘ ਹੁਰਾਂ ਨੂੰ ਵੀ ਭੇਜਿਆ ਸੀ ਕਿ ਬਾਹਰਲੇ ਸਿੰਘ ਸਾਡੀ ਹਰ ਸੰਭਵ ਮਦਦ ਕਰਨ। ਉਹਨਾਂ ਨੂੰ ਸਾਡਾ ਪੱਤਰ ਮਿਲਿਆ ਸੀ ਜਾਂ ਨਹੀਂ, ਇਸ ਦੀ ਵੀ ਸਾਨੂੰ ਕੋਈ ਖ਼ਬਰ ਨਹੀਂ। ਉਹਨਾਂ ਨੇ ਕਿਸ ਹੱਦ ਤਕ ਤੇ ਕੀ ਕੋਸ਼ਿਸ਼ ਕੀਤੀ, ਸਾਨੂੰ ਅੰਦਰ ਕੋਈ ਪਤਾ ਨਹੀਂ ਸੀ ਲਗਾ। ਅਸਾਂ ਇਕ ਦਿਨ ਇਕਤਰ ਹੋਕੇ ਗੁਰੂ ਜੀ ਪਾਸੋਂ ਆਗਿਆ ਮੰਗੀ ਕਿ ਅਸੀਂ ਭੁੱਖ ਨਾਲ ਜੂਝ ਰਹੇ ਹਾਂ, ਸਾਨੂੰ ਜਾਨਵਰਾਂ ਦਾ ਮਾਸ ਖਾਣ ਦੀ ਇਜਾਜ਼ਤ ਦਿੱਤੀ ਜਾਵੇ। ਕਈ ਸਿੰਘਾਂ ਨੇ ਮੈਨੂੰ ਦੱਸਿਆ ਕਿ ਅਨੰਦਪੁਰ ਦੇ ਘੇਰੇ ਸਮੇਂ ਵੀ ਸਿੰਘਾਂ ਦੀ ਨਾਕਾਬੰਦੀ ਕੀਤੀ ਗਈ ਸੀ ਤੇ ਉਹਨਾਂ ਨੂੰ ਵੀ ਰਾਸ਼ਣ ਪਾਣੀ ਦੀ ਡਾਹਢੀ ਕਿਲਤ ਆਈ ਸੀ। ਉਸ ਵਕਤ ਵੀ ਸਿੰਘਾਂ ਨੇ ਘੋੜੇ ਝਟਕਾਕੇ ਖਾਧੇ ਸਨ। ਇਸ ਲਈ ਅਸਾਨੂੰ ਵੀ ਜੀਂਦੇ ਰਹਿਣ ਲਈ ਇਹ ਕੁਕਰਮ ਕਰਨਾ ਪਿਆ। ਇਸ ਤਰ੍ਹਾਂ ਦੋ ਤਿੰਨ ਹਫਤੇ ਗੁਜ਼ਰ ਗਏ। ਜਾਨਵਰਾਂ ਦੀ ਕਮੀ ਵੀ ਆਉਣ ਲਗੀ। ਭੁੱਖੇ ਰਹਿਣ ਕਾਰਨ ਅਸੀਂ ਬਿਮਾਰ ਹੋ ਗਏ ਸੀ। ਸਾਡੇ ਕੋਲੋਂ ਚਲਣਾ

ਵੀ ਮੁਹਾਲ ਹੋ ਰਿਹਾ ਸੀ। ਸਾਡੀ ਇਸ ਹਾਲਤ ਦੀ ਜਦ ਗੜ੍ਹੀ ਤੋਂ ਬਾਹਰ ਖ਼ਬਰ ਪਹੁੰਚੀ ਤਾਂ ਸ਼ਾਹੀ ਫੌਜਾਂ ਨੇ ਹਥੋ ਹਥੀਂ ਅੰਦਰ ਆਕੇ ਗ੍ਰਿਫਤਾਰ ਕਰ ਲਿਆ ਤੇ ਬੇੜੀਆਂ ਨਾਲ ਜੁੜਕੇ ਲਾਹੌਰ ਵਲ ਲੈ ਗਏ।

ਮੇਰੇ ਸਾਹਮਣੇ ਤੱਤ ਖ਼ਾਲਸਾ ਜਾਂ ਬੰਦਈ ਖ਼ਾਲਸੇ ਦਾ ਕਿਸੇ ਨੇ ਜ਼ਿਕਰ ਨਹੀਂ ਸੀ ਕੀਤਾ। ਇਹ ਤਾਂ ਮੇਰੇ ਸਾਥੀ ਸਿੰਘਾਂ ਵਿਚ ਅੰਦਰ ਖਾਤੇ ਚਲ ਰਹੀ ਮੇਰੇ ਬਾਰੇ ਕਾਨਾਫੂਸੀ ਬਾਰੇ, ਮੈਨੂੰ ਜਾਣੂ ਕਰਾਉਂਦੇ ਰਹਿੰਦੇ ਸੀ। ਮੇਰੇ ਮੁਖਾਲਿਫ਼ ਮੇਰੇ ਬਾਰੇ ਇਹ ਪ੍ਰਚਾਰ ਕਰਦੇ ਸਨ ਕਿ ਮੈਂ ਅੰਮ੍ਰਿਤਧਾਰੀ ਨਹੀਂ ਤੇ ਮਾਤਾ ਸੁੰਦਰੀ ਜੀ ਦੇ ਹੁਕਮਾਂ ਦੀ ਤਮੀਲ ਨਹੀਂ ਕਰਦਾ ਸੀ। ਇਹ ਫੁਰਮਾਨ ਪੰਥਕ ਵਿਰੋਧੀ ਤੇ ਸਰਕਾਰੀ ਦਬਾਅ ਹੇਠ ਘੜੇ ਗਏ ਛੜਯੰਤਰ ਸਨ, ਜਿੰਨਾਂ ਵਿਚ ਮੈਂ ਬਾਬਾ ਬਿਨੋਦ ਸਿੰਘ ਤੇ ਉਸਦੇ ਹਮਦਰਦ ਸਿੰਘਾਂ ਨੂੰ ਕਸੂਰ ਵਾਰ ਸਮਝਦਾ ਹਾਂ। ਮਾਤਾ ਜੀ ਤਾਂ ਮੁਗ਼ਲ ਸਰਕਾਰ ਦੀ ਹਿਰਾਸਤ ਵਿਚ ਸਨ। ਇਹਨਾਂ ਅਖੌਤੀ ਸਿੰਘਾਂ ਨੇ ਜਿੰਨਾਂ ਵਿਚ ਤਮਾਮ ਬਰਾਮਣਵਾਦੀ ਪ੍ਰਵਿਰਤੀਆਂ ਨਕਾਨਕ ਭਰੀਆਂ ਹੋਈਆਂ ਸਨ, ਉਹ ਮੈਨੂੰ ਗੁਰੂ ਜੀ ਦਾ ਸਿੰਘ ਮੰਨਣ ਤੋਂ ਇਨਕਾਰੀ ਸਨ। ਅਸਲ ਵਿਚ ਇਹ ਲੋਕ ਸਿੱਖੀ ਤੇ ਸਿੰਘਾਂ ਦੇ ਨਾਮ ਤੇ ਕਲੰਕ ਸਨ, ਜਿੰਨਾਂ ਦੀਆਂ ਗੈਰ ਪੰਥਿਕ ਤੇ ਸਵਾਰਥੀ ਗਤੀਵਿਧੀਆਂ ਨੇ ਸਾਡੇ ਪਿਛਲੇ ਸਤਾਂ ਸਾਲਾਂ ਦੀ ਕੀਤੀ ਕਰਾਈ ਖੂਹ ਵਿਚ ਪਾ ਦਿੱਤੀ ਸੀ ਤੇ ਸਿੱਖੀ ਨੂੰ ਮੁਗ਼ਲ ਸਰਕਾਰ ਦੇ ਰਹਿਮੋ ਕਰਮ ਉਪਰ ਸੁਟ ਦਿੱਤਾ ਸੀ। ਇਹਨਾਂ ਦੀਆਂ ਸਾਜਸ਼ਾਂ ਤੇ ਅਫਵਾਹਾਂ ਨੇ ਸਿੱਖਾਂ ਨੂੰ ਆਪਣੀ ਹੋਂਦ ਲਈ ਜੰਗਲਾਂ ਤੇ ਪਹਾੜਾਂ ਵਲ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ ਅਤੇ ਸਿੱਖ ਰਾਜ ਨੂੰ ਇਕ ਡਰਾਉਣਾ ਸੁਫਨਾ ਬਣਾਕੇ ਰੱਖ ਦਿੱਤਾ ਸੀ। ਉਹਨਾਂ ਨੂੰ ਮੁੜ ਪਟੜੀ ਤੇ ਆਉਣ ਵਿਚ ਤਕਰੀਬਨ ਅੱਧੀ ਸਦੀ ਤੋਂ ਵੱਧ ਦਾ ਸਮਾਂ ਲਗ ਗਿਆ ਸੀ। ਇਸ ਬੇਇਤਫਾਕੀ ਦੀ ਸਾਨੂੰ ਕਈ ਸਦੀਆਂ ਸਜ਼ਾ ਭੁਗਤਣੀ ਪਈ।

ਪੰਜਵਾਂ ਕਾਂਡ

ਪਹਿਲੇ ਦਿਨ ਤੋਂ ਹੀ ਬਹਾਦਰ ਸ਼ਾਹ ਨੇ ਸਿੱਖ ਬਾਗ਼ੀਆਂ ਨੂੰ ਕੁਚਲ ਦੇਣ ਦੇ ਸ਼ਾਹੀ ਫੁਰਮਾਨ ਵਜ਼ੀਰ ਖਾਨ ਨੂੰ ਦਿੱਤੇ ਸਨ ਕਿਉਂਕਿ ਵਜ਼ੀਰ ਖ਼ਾਨ ਨੂੰ ਹੀ ਸਾਡੇ ਤੋਂ ਭਾਰੀ ਖ਼ਤਰਾ ਸੀ। ਉਸਨੂੰ ਆਪਣੀਆਂ ਕਰਤੂਤਾਂ ਖਫਾ ਕਰ ਰਹੀਆਂ ਸਨ ਤੇ ਮੈਂ ਸੁਣਿਆ ਹੈ ਕਿ ਉਹ ਮੇਰੇ ਪੰਜਾਬ ਆਉਣ ਦੀ ਖ਼ਬਰ ਸੁਣਕੇ ਰਾਤ ਨੂੰ ਬੜਾ ਬੜਾ ਕੇ ਉਠਦਾ ਸੀ। ਉਸਨੇ ਬਾਦਸ਼ਾਹ ਨੂੰ ਕੀਮਤੀ ਤੋਹਫੇ ਤੇ ਦੌਲਤ ਦੇਕੇ ਸਿੰਘਾਂ ਦੇ ਬਰਖਿਲਾਫ ਕਰ ਲਿਆ ਸੀ। ਪਹਿਲਾਂ ਤਾਂ ਉਸਨੂੰ ਖਦਸ਼ਾ ਸੀ ਕਿ ਦਸਵੇਂ ਪਾਤਸ਼ਾਹ ਤੇ ਬਹਾਦਰ ਸ਼ਾਹ ਦੀ ਦੋਸਤੀ, ਉਹਦੇ ਲਈ ਘਾਤਕ ਸਾਬਤ ਨਾ ਹੋਵੇ। ਸਿੰਘਾਂ ਤੋਂ ਉਹਨੂੰ ਬਚਾਉਣ ਲਈ ਤਾਂ ਬਹਾਦਰ ਸ਼ਾਹ, ਗੁਰੂ ਜੀ ਨੂੰ ਬਦੋਬਦੀ ਆਪਣੇ ਨਾਲ ਦੱਖਣ ਵਿਚ ਲੈ ਗਿਆ ਸੀ ਤੇ ਉਹ ਸਿੱਖਾਂ ਦੀਆਂ ਹਰਕਤਾਂ ਉਪਰ ਪੂਰੀ ਨਜ਼ਰ ਰਖਦਾ ਸੀ। ਭਾਵੇਂ ਉਹਨੇ ਗੁਰੂ ਜੀ ਦੇ ਇਲਾਜ ਵਾਸਤੇ ਸ਼ਾਹੀ ਜ਼ਿਰਾਹ ਨੰਦੇੜ ਭੇਜੇ ਸਨ ਪਰ ਇਹ ਹਮਦਰਦੀ ਸਰਾਸਰ ਇਕ ਛਲਾਵਾ ਸੀ। ਬਾਅਦ ਵਿਚ ਇਹ ਪੂਰੀ ਤਰ੍ਹਾਂ ਨੰਗਾ ਹੋ ਗਿਆ। ਵਜ਼ੀਰ ਖ਼ਾਨ ਨੂੰ ਜਦੋਂ ਖ਼ਬਰਾਂ ਮਿਲਦੀਆਂ ਕਿ ਗੁਰੂ ਗੋਬਿੰਦ ਸਿੰਘ ਨੰਦੇੜ ਵਿਖੇ ਪੰਜਾਬ ਉਪਰ ਹਮਲਾ ਕਰਨ ਲਈ ਫੌਜਾਂ ਇਕੱਤਰ ਕਰ ਰਹੇ ਹਨ, ਉਸਨੂੰ ਹੌਲ ਪੈਂਦੇ ਸਨ। ਉਸਨੇ ਗੁਰੂ ਜੀ ਨੂੰ ਆਪਣੇ ਰਸਤੇ ਚੋਂ ਹਟਾਉਣ ਲਈ ਦੋ ਖੁੰਦਕੀ ਤੇ ਤਨਖਾਹੀਏ ਪਠਾਣ ਭੇਜੇ ਸਨ। ਭਾਵੇਂ ਉਹ ਗੁਰੂ ਜੀ ਉਪਰ ਕਾਤਲਾਨਾ ਹਮਲਾ ਕਰਨ ਵਿਚ ਸਫ਼ਲ ਹੋ ਗਏ ਪਰ ਭੜੂਏ ਵਜ਼ੀਰ ਖ਼ਾਨ ਨੂੰ ਕੀ ਪਤਾ ਸੀ ਕਿ ਗੁਰੂ ਜੀ ਆਪਣਾ ਪੰਜ ਭੂਤੀ ਚੌਲਾ ਛੱਡਣ ਤੋਂ ਪਹਿਲਾਂ, ਵਜ਼ੀਰ ਖਾਨ ਤੇ ਉਸਦੇ ਵਹਿਸ਼ੀ ਤੇ ਜ਼ਾਲਿਮ ਸਾਥੀਆਂ ਦੀ ਮੌਤ ਦੇ ਪ੍ਰਵਾਨੇ ਮੈਨੂੰ ਸੌਂਪ ਗਏ ਸਨ। ਉਹਨਾਂ ਦੇ ਹੁਕਮਾਂ ਦੀ ਤਮੀਲ ਕਰਕੇ ਮੇਰੇ ਕਲੇਜੇ ਨੂੰ ਠੰਡ ਪਈ ਸੀ।

ਮੈਨੂੰ ਦੁਨੀ ਚੰਦ ਦੀ ਹਵੇਲੀ ਵਿਚੋਂ ਅੱਠ ਮਹੀਨਿਆਂ ਦੇ ਸ਼ਾਹੀ ਘੇਰੇ ਉਪਰੰਤ ਪਕੜਨਾ, ਕੋਈ ਬਹਾਦਰੀ ਵਾਲਾ ਕੰਮ ਨਹੀਂ ਸੀ। ਇਹ ਤਾਂ ਮੇਰੇ ਸਾਥੀਆਂ ਦਾ ਘੇਰਾ ਘਤਣ ਵਾਲੇ ਜਰਨੈਲ ਅਬਦੁਸ ਸਮਾਦ ਖਾਨ ਤੇ ਉਸਦੇ ਸਾਥੀ ਜਰਨੈਲਾਂ ਨਾਲ ਸਾਜ ਬਾਜ ਦਾ ਨਤੀਜਾ ਸੀ। ਸਾਡੇ ਹਾਲਾਤ ਦੀ ਖ਼ਬਰ ਰੋਜ਼ਾਨਾ ਬਾਹਿਰ ਬੈਠੀ ਸ਼ਾਹੀ ਫੌਜ ਕੋਲ ਜਾ ਰਹੀ ਸੀ। ਭਾਵੇਂ ਇਸ ਸਾਜਿਸ਼ ਦਾ ਸਰਗੰਨਾ ਬਾਬਾ ਬਿਨੋਦ ਸਿੰਘ ਆਪਣੇ ਸਾਥੀ ਸਿੰਘ ਲੈ ਕੇ ਰਾਜੀ ਬਾਜ਼ੀ ਅੰਮ੍ਰਿਤਸਰ ਪਹੁੰਚ ਗਿਆ ਸੀ ਪਰ ਉਹ ਸਾਡੀਆਂ ਚਾਲਾਂ ਤੇ ਨਜ਼ਰ ਰੱਖਣ ਲਈ ਆਪਣੇ ਕੁਝ ਸਿੰਘ ਪਿੱਛੇ ਛੱਡ ਗਿਆ

ਸੀ। ਪਰ ਮੇਰੇ ਨਾਲ ਆਖ਼ਰੀ ਸਵਾਸਾਂ ਤੱਕ ਲੜ ਮਰਨ ਵਾਲੇ ਸਿੰਘ, ਬਾਬਿਆਂ ਦੀਆਂ ਘਿਣੌਣੀਆਂ ਕਾਰਵਾਈਆਂ ਤੋਂ ਮੇਰੇ ਵਾਂਗ ਦੁਖੀ ਜ਼ਰੂਰ ਸਨ ਪਰ ਮੇਰੇ ਵਾਂਗ, ਉਹਨਾਂ ਦੇ ਹੌਂਸਲੇ ਬੁਲੰਦ ਸਨ। ਵੈਸੇ ਤਾਂ ਭਾਵੇਂ ਸਾਰੇ ਸਿੰਘ ਵੀ ਮੇਰੇ ਪਾਸੋਂ ਚਲੇ ਵੀ ਜਾਂਦੇ ਤਾਂ ਮੈਂ ਇਕੱਲਾ ਡੱਟਣ ਲਈ ਤਿਆਰ ਸੀ।

ਕਈ ਮੇਰੇ ਸਿੰਘ ਡਰਦੇ ਮਾਰੇ ਪਾਸ ਦੁਨੀ ਚੰਦ ਦੀ ਹਵੇਲੀ ਵਿਖੇ ਨਾ ਆਏ। ਉਹਨਾਂ ਨੂੰ ਕੁਝ ਤੱਤ ਖ਼ਾਲਸਾਈਆਂ ਨੇ ਨਾ ਜਾਣ ਲਈ ਰੋਕਿਆ ਹੋਵੇਗਾ। ਮੈਨੂੰ ਉਮੀਦ ਸੀ ਕਿ ਮੈਨੂੰ ਗੁਰਦਾਸ ਨੰਗਲ ਘਿਰਿਆ ਵੇਖਕੇ ਚਾਰ ਚੁਫੇਰਿਉਂ ਸਿੰਘ ਮੇਰੇ ਵਲ ਵਹੀਰਾਂ ਘੱਤ ਦੇਣਗੇ ਪਰ ਇਸ ਤਰ੍ਹਾਂ ਨਾ ਹੋਇਆ। ਸਗੋਂ ਜਿਹੜੇ ਮੇਰੇ ਨਾਲ ਸਿੰਘ ਸਨ, ਉਹਨਾਂ ਵਿਚੋਂ ਵੀ ਬਾਬਾ ਬਿਨੋਦ ਸਿੰਘ ਦੀ ਮਿਹਰਬਾਨੀ ਨਾਲ ਬਾਹਰ ਜਾਣੇ ਸ਼ੁਰੂ ਹੋ ਗਏ। ਉਹ ਮੈਨੂੰ ਬਾਹਰ ਜਾਕੇ, ਲੋਹਗੜ੍ਹ ਵਾਂਗ ਆਪਣੇ ਸਿੰਘਾਂ ਨੂੰ ਇਕੱਠੇ ਕਰਨ ਦੀਆਂ ਸਲਾਹਾਂ ਦੇ ਰਹੇ ਸਨ। ਮੈਨੂੰ ਸਰਕਾਰ ਵਲੋਂ ਵੀ ਕਈ ਤਜ਼ਵੀਜ਼ਾਂ ਆਈਆਂ ਕਿ ਬਾਹਰ ਆਕੇ ਮਨ ਚਾਹੀਆਂ ਜਗੀਰਾਂ ਸੰਭਾਲੋ ਤੇ ਅਜ਼ਾਦੀ ਨਾਲ ਘੁੰਮੋ ਫਿਰੋ ਪਰ ਸਰਕਾਰ ਵਿਰੁੱਧ ਲੜਨਾ ਛੱਡ ਦਿਓ। ਇਹੋ ਜਿਹੀਆਂ ਸਹੂਲਤਾਂ ਤੇ ਜਗੀਰਾਂ ਮੇਰੇ ਲਈ ਲਾਹਨਤ ਸਨ। ਭਾਵੇਂ ਮੇਰੇ ਕਈ ਸਿੰਘ ਅਜਿਹੀਆਂ ਮੋਮੋ ਠੱਗਣੀਆਂ ਸਲਾਹਾਂ ਸੁਣਕੇ ਨਿਹਾਲ ਹੋ ਜਾਂਦੇ ਤੇ ਮੈਨੂੰ ਅਜਿਹਾ ਕਰਨ ਲਈ ਆਖਦੇ। ਮੈਂ ਤਾਂ ਗੁਰੂ ਜੀ ਦੀ ਅਸ਼ੀਰਵਾਦ ਨਾਲ ਜ਼ੁਲਮ ਤੇ ਜ਼ਾਲਿਮਾਂ ਨਾਲ ਟੱਕਰ ਲੈਣ ਆਇਆ ਸੀ। ਮੇਰੀ ਕਾਮਯਾਬੀ ਨਾ ਤਾਂ ਮੁਗਲਸਰਕਾਰ ਨੂੰ ਭਾਈ ਤੇ ਨਾ ਹੀ ਮੇਰੇ ਕੁਝ ਸਾਥੀਆਂ ਨੂੰ। ਜਦੋਂ ਅੰਦਰੋਂ ਬਾਹਰੋਂ ਮੇਰੀ ਵਿਰੋਧਤਾ ਹੋਣ ਲਗੀ ਤਾਂ ਮੈਨੂੰ ਆਪਣੀ ਮੁਹਿੰਮ ਅਧਵਾਟੇ ਛੱਡਕੇ, ਮੁਗਲਾਂ ਦੀ ਹਿਰਾਸਤ ਵਿਚ ਜਾਣਾ ਪਿਆ।

ਮੈਂ ਸੁਣਿਆ ਸੀ ਕਿ ਗੁਰਦਾਸ ਨੰਗਲ ਵਿਚੋਂ ਮੈਨੂੰ ਖਦੇੜਨ ਤੇ ਗ੍ਰਿਫ਼ਤਾਰ ਕਰਨ ਲਈ ਲਾਹੌਰ ਦਾ ਸੂਬੇਦਾਰ ਅਬਦੁਸ ਸਮੱਦ ਖਾਨ, ਸੈਫ-ਉਦ-ਦੀਨ ਗੁਜਰਾਤ ਦਾ ਸੂਬੇਦਾਰ, ਸੁਹਰਾ ਬਖਾਨ, ਫੌਜਦਾਰ ਕਲਾਨੌਰ, ਸੇਖ਼ ਮੁਹੰਮਦ ਦਾਇਮ, ਫੌਜਦਾਰ ਬਟਾਲਾ, ਅਮੀਰ ਚੰਦ ਕਟੋਚ ਨਰੇਸ਼ ਕਾਂਗੜਾ, ਆਰਿਫਬੇਗ, ਨਾਇਬ ਸੂਬੇਦਾਰ ਲਾਹੌਰ ਅਤੇ ਧਰੁਵ ਦੇਵ ਜਸਰੋਟੀਆ ਅਤੇ ਜ਼ਕਰੀਆ ਖਾਨ, ਸੂਬੇਦਾਰ ਜੰਮੂ ਮੈਨੂੰ ਚਾਰੇ ਪਾਸਿਉਂ ਘੇਰੀ ਘਤੀ ਬੈਠੇ ਸਨ। ਮੇਰੇ ਦੁਸ਼ਮਣ ਤਾਂ ਸਭੇ ਇਕੱਤਰ ਹੋ ਗਏ ਪਰੰਤੂ ਮੇਰੇ ਵਿਛੜੇ ਸਾਥੀ ਸਿੰਘਾਂ ਵਿਚੋਂ ਕੋਈ ਨਾ ਆਇਆ। ਮੇਰੇ ਪਾਸ ਮਸਾਂ ਸੱਤ ਅਠ ਹਜ਼ਾਰ ਫੌਜ ਸੀ। ਖੁਰਾਕ ਦੀ ਭਾਰੀ ਕਿਲਤ ਸੀ। ਪਹਿਲਾਂ ਪਹਿਲ ਤਾਂ ਮੇਰੇ ਸਿੰਘ ਗੜ੍ਹੀ ਵਿਚੋਂ ਬਾਹਰ ਨਿਕਲਕੇ ਲਾਗਲੇ ਪਿੰਡਾ ਵਿਚੋਂ ਖਾਦ ਪਦਾਰਥ ਤੇ ਜਾਨਵਰ ਖੋਹ ਕੇ ਲੈ ਆਉਂਦੇ ਸਨ ਪਰ ਇਸ ਕਾਰਜ ਵਿਚ ਹੀ ਮੇਰੇ ਤਿੰਨ ਹਜ਼ਾਰ ਤੋਂ ਵਧ ਸਿੰਘ ਇਹਨਾਂ ਘੇਰੇ ਦੇ ਦਿਨਾਂ ਵਿਚ ਸ਼ਹੀਦ ਹੋ ਗਏ। ਹੌਲੀ-ਹੌਲੀ ਮੁਗਲਾਂ ਦੀ ਫੌਜ ਨੂੰ ਸਾਡੇ ਸਾਰੇ ਰਾਹ ਬੰਦ ਕਰ ਦਿੱਤੇ। ਸਾਡੇ ਸਿੰਘਾਂ ਦੀ ਗਿਣਤੀ ਬਹੁਤ ਘਟ ਗਈ ਸੀ। ਅਸੀਂ ਹੋਰ ਸਿੰਘ ਇਸਤਰ੍ਹਾਂ ਮਰਵਾਣਾਂ ਨਹੀਂ ਚਾਹੁੰਦੇ ਸੀ। ਸਾਡੇ ਪਾਸ ਭੂੰਗੇ ਵਿਚ ਦੋ

ਕੁ ਹਜ਼ਾਰ ਸਿੰਘ ਹੀ ਬਚੇ ਸਨ। ਪਰ ਮੈਂ ਅਸ਼ਕੇ ਜਾਂਦਾ ਹਾਂ ਆਪਣੇ ਸਿੰਘਾਂ ਦਾ ਜਿਹਨਾਂ ਦੀ ਇਤਨੀ ਬਾਹਰ ਦਹਿਸ਼ਤ ਸੀ ਕਿ ਵੱਡੇ ਵੱਡੇ ਨਾਮੀ ਜਰਨੈਲ ਵੀ ਸਾਡੇ ਉਪਰ ਹਮਲਾ ਕਰਨ ਦੀ ਜੁਰਅਤ ਨਹੀਂ ਸਨ ਰੱਖਦੇ। ਉਹਨਾਂ ਤੇ ਸਾਡੇ ਵਿਚ ਇਹੀ ਫ਼ਰਕ ਸੀ ਕਿ ਉਹ ਸਾਰੇ ਪਹਾੜੇ ਦੇ ਟੱਟੂ ਹਮੇਸ਼ਾਂ ਆਪਣੀ ਜਾਨ ਬਚਾਉਣ ਨੂੰ ਤਰਜੀਹ ਦਿੰਦੇ ਸਨ ਤੇ ਮੇਰੇ ਸਿੰਘ ਜਾਨ ਵਾਰਨ ਲਈ ਤਤਪਰ ਰਹਿੰਦੇ ਸਨ। ਅਸੀਂ ਤਾਂ ਆਪਣੇ ਸਤਿਗੁਰੂ ਲਈ ਇਕ ਕੀ, ਕਈ ਜਨਮ ਨਿਛਾਵਰ ਕਰਨ ਲਈ ਤਿਆਰ ਰਹਿੰਦੇ ਸੀ।

ਸਰਕਾਰੀ ਫੌਜਾਂ ਨੂੰ ਇਹ ਗ਼ਲਤ ਖ਼ਬਰ ਮਿਲੀ ਸੀ ਕਿ ਸਾਡੇ ਪਾਸ ਅੰਦਰ ਬਹੁਤ ਸਾਰਾ ਅਸਲਾ, ਬੰਦੂਕਾਂ ਤੇ ਇਕ ਵੱਡੀ ਤੋਪ ਵੀ ਹੈ। ਪਰ ਇਹ ਖ਼ਬਰ ਨਿਰਅਧਾਰ ਸੀ। ਅਸੀਂ ਤਾਂ ਆਪਣੀਆਂ ਜਾਨਾਂ ਤਲੀ ਤੇ ਰੱਖਕੇ ਬੈਠੇ ਸੀ। ਉਪਰ ਬਾਦਸ਼ਾਹ ਫਾਰੁਖਸੀਅਰ ਨੇ ਹੋਰ ਫੌਜਾਂ ਇਕੱਠੀਆਂ ਕਰਨ ਦੇ ਉਪਰਾਲੇ ਸ਼ੁਰੂ ਕਰ ਦਿੱਤੇ ਸਨ। ਲਾਹੌਰ, ਸਰਹੰਦ ਤੇ ਜੰਮੂ ਸੂਬਿਆਂ ਦੇ ਤਮਾਮ ਚੌਧਰੀਆਂ ਨੂੰ ਫੌਜ ਗੁਰਦਾਸ ਨੰਗਲ ਭੇਜਣ ਦੇ ਸ਼ਾਹੀ ਫੁਰਮਾਨ ਜਾਰੀ ਕੀਤੇ ਗਏ। ਮੈਂ ਇਹ ਵੀ ਸੁਣਿਆ ਕਿ ਬਾਦਸ਼ਾਹ ਨੇ ਅਬਦੁਸ ਸਮੱਦ ਖਾਨ ਨੂੰ ਝਿੜਕਾਂ ਦਿੱਤੀਆਂ ਸਨ ਕਿ ਬੰਦਾ ਸਿੰਘ ਨੂੰ ਹਾਲੇ ਤੱਕ ਕਿਉਂ ਨਹੀਂ ਫੜਿਆ ਗਿਆ। ਦਿੱਲੀ ਤੋਂ ਕਮਰ-ਉਦ-ਦੀਨ ਵੀ ਆਪਦੀ ਵੀਹ ਹਜ਼ਾਰ ਫੌਜ ਲੈ ਕੇ ਚਲਣ ਦੀਆਂ ਤਿਆਰੀਆਂ ਕਰ ਰਿਹਾ ਸੀ। ਸਾਡੇ ਉਪਰ ਹਮਲਾ ਕਰਕੇ ਮੁਗ਼ਲ ਫੌਜ ਆਪਣੀਆਂ ਜਾਨਾਂ ਨਹੀਂ ਸਨ ਗਵਾਉਣਾਂ ਚਾਹੁੰਦੇ। ਉਹ ਚਾਹੁੰਦੇ ਸਨ ਕਿ ਜਾਂ ਤਾਂ ਬੰਦਾ ਕਿਲ੍ਹਾ ਛੱਡਕੇ ਨਿਕਲ ਜਾਵੇ ਜਾਂ ਫਿਰ ਉਹ ਗ੍ਰਿਫਤਾਰੀ ਦੇ ਦੇਵੇ। ਇਹ ਦੋਹਵੇਂ ਕੰਮ ਸਾਨੂੰ ਮਨਜ਼ੂਰ ਨਹੀਂ ਸਨ। ਮੁਗ਼ਲ ਫੌਜ ਨੂੰ ਇਹ ਵਹਿਮ ਸੀ ਕਿ ਸ਼ਾਇਦ ਮੇਰੇ ਪਾਸ ਕੁਝ ਗਾਇਬੀ ਸ਼ਕਤੀਆਂ ਹਨ, ਜਿੰਨਾਂ ਦੁਆਰਾ ਮੈਂ ਖੜੀਆਂ ਖਲੋਤੀਆਂ ਫੌਜਾਂ ਨੂੰ ਭਸਮ ਕਰ ਸਕਦਾ ਸੀ। ਇਸੇ ਲਈ ਇਹ ਘੇਰਾ ਅਠ ਮਹੀਨੇ ਤੱਕ ਚਲਦਾ ਰਿਹਾ।

ਇਕ ਝਟਕਾ ਸਾਨੂੰ ਹੋਰ ਲਗਾ। ਬਾਬਾ ਬਿਨੋਦ ਸਿੰਘ ਜੋ ਪਹਿਲਾਂ ਕਈ ਮਹੀਨੇ ਤੋਂ ਦਿਲ ਛੱਡੀ ਬੈਠਾ ਸੀ ਤੇ ਸਾਨੂੰ ਮੁਗਲਾਂ ਨਾਲ ਸਮਝੌਤੇ ਲਈ ਕਹਿ ਰਿਹਾ ਸੀ ਪਰ ਅਸੀਂ ਡੱਟਣ ਲਈ ਬਜਿਦ ਸਾਂ। ਉਸਨੇ ਇਕ ਦਿਨ ਬਾਹਰ ਜਾਣ ਲਈ ਮੇਰੇ ਉਪਰ ਦਬਾਅ ਪਾਇਆ। ਉਸਨੇ ਕਿਰਪਾਨ ਕੱਢ ਲਈ ਤੇ ਮੇਰੇ ਵਲ ਵਧਿਆ ਤੇ ਆਖਣ ਲਗਾ, ਤੂੰ ਬੰਦਾ ਸਿਆਂ ਆਪ ਤੇ ਮਰਨਾ ਏਂ, ਸਾਨੂੰ ਵੀ ਮਰਵਾਉਣ ਲਈ ਤੂੰ ਬਜਿਦਏਂ। ਏਨੀ ਥੋੜੀ ਫੌਜ ਨਾਲ ਬਾਹਰ ਲਖਾਂ ਦੀ ਫੌਜ ਨਾਲ ਲੜਨਾਂ ਕੋਈ ਅਕਲ ਮੰਦੀ ਨਹੀਂ। ਜੇ ਤੂੰ ਨਹੀਂ ਮੰਨਣਾ ਤਾਂ ਨਾ ਮੰਨ, ਅਸੀਂ ਅੱਜ ਚਲੇ ਆਂ। ਮੈਂ ਬਾਬਾ ਜੀ ਨੂੰ ਕਿਰਪਾਨ ਮਿਆਨ ਵਿਚ ਪਾਉਣ ਲਈ ਆਖਿਆ ਤੇ ਆਪਣੀ ਮਰਜ਼ੀ ਕਰਨ ਲਈ ਖੁਲ੍ਹ ਦੇ ਦਿੱਤੀ। ਅੰਨਾ ਕੀ ਭਾਲੇ ਦੋ ਅੱਖੀਆਂ। ਉਹ ਤਾਂ ਅਜਿਹੇ ਮੌਕੇ ਦਾ ਕਈ ਮਹੀਨਿਆਂ ਤੋਂ ਇੰਤਜ਼ਾਰ ਕਰ ਰਿਹਾ ਸੀ। ਉਸਨੇ ਆਪਣੇ ਧੜੇ ਦੇ ਸਿੰਘਾਂ ਨੂੰ ਇਕੱਠੇ

ਕੀਤਾ ਤੇ ਆਪਣੇ ਸ਼ਸਤਰ ਲੈ ਕੇ ਬਾਹਰ ਨਿਕਲ ਗਏ। ਅਸੀਂ ਇਕ ਗਲ ਦਾ ਸ਼ੁਕਰ ਕੀਤਾ ਕਿ ਅਗੇ ਤੋਂ ਫਿਰ ਜਸੂਸੀ ਤਾਂ ਨਹੀਂ ਹੋਵੇਗੀ। ਅੰਦਰ ਦੀ ਖ਼ਬਰ ਬਾਹਰ ਨਹੀਂ ਜਾਵੇਗੀ।

ਹੁਣ ਅਸੀਂ ਨਿਰੋਲ ਉਹ ਸਿੰਘ ਰਹਿ ਗਏ ਸੀ, ਜਿਹੜੇ ਮੌਤ ਨੂੰ ਮਾਸੀ ਕਹਿਣ ਲਈ ਹਰ ਵਕਤ ਤਿਆਰ-ਬਰ-ਤਿਆਰ ਸੀ। ਮੈਂ ਆਪਣੇ ਬਾਕੀ ਬਚੇ ਹੋਏ ਸਿੰਘਾਂ ਨੂੰ ਹੌਸਲਾ ਦਿੱਤਾ ਤੇ ਆਖ਼ਰੀ ਕੁਰਬਾਨੀ ਲਈ ਤਿਆਰ ਕੀਤਾ। ਉਹਨਾਂ ਦੇ ਹੌਂਸਲੇ ਬੁਲੰਦ ਸਨ। ਮੇਰੇ ਸਿੰਘਾਂ ਵਿਚੋਂ ਦੋ ਢਾਈ ਸੌ ਦੇ ਕਰੀਬ ਬਿਮਾਰ ਸਨ, ਜਿਹੜੇ ਭੁੱਖ ਕਾਰਨ ਅੱਧਮੋਏ ਪਏ ਸਨ ਤੇ ਚਲਣ ਫਿਰਨ ਤੋਂ ਅਸਮੱਰਥ ਸਨ। ਜਾਨਵਰਾਂ ਦਾ ਮੀਟ ਖਾਣ ਕਾਰਨ, ਕੁਝ ਪੇਚਸ਼ ਤੇ ਹੋਰ ਦੀਰਘ ਬਿਮਾਰੀ ਨਾਲ ਪੀੜਤ ਸਨ। ਸਾਡੇ ਪਾਸ ਸਿਵਾਏ ਅਕਾਲ ਪੁਰਖ ਕੋਲ ਉਹਨਾਂ ਲਈ ਅਰਦਾਸ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਸੀ। ਪਰ ਨਿਰਾ ਅਰਦਾਸਾਂ ਤੇ ਹੌਸਲਿਆਂ ਨਾਲ ਗ਼ੱਡੀ ਨਹੀਂ ਚਲਦੀ, ਬਿਮਾਰ ਦੇ ਕੁਝ ਪੱਲੇ ਵੀ ਹੋਣਾ ਚਾਹੀਦਾ ਹੈ। ਸਾਨੂੰ ਉਹਨਾਂ ਦੀ ਹਾਲਾਤ ਉਪਰ ਬਹੁਤ ਤਰਸ ਆ ਰਿਹਾ ਸੀ। ਸਾਨੂੰ ਸਭਨਾਂ ਨੂੰ ਇਹ ਪਤਾ ਸੀ ਕਿ ਹੁਣ ਇਸ ਗੜ੍ਹੀ ਵਿਚੋਂ ਸਹੀ ਸਲਾਮਤ ਬਾਹਰ ਨਿਕਲਣਾ ਲਗਭਗ ਅਸੰਭਵ ਸੀ। ਕੁਝ ਸਾਡੇ ਦੁਸ਼ਮਣਾਂ ਨੇ ਮੇਰੇ ਬਾਰੇ ਇਹ ਧੁਮਾ ਰਖਿਆ ਸੀ ਕਿ ਮੇਰੇ ਪਾਸ ਜਾਦੂਈ ਸ਼ਕਤੀਆਂ ਹਨ। ਉਹ ਸਮਝਦੇ ਸਨ ਕਿ ਮੈਂ ਕੁੱਤਾ ਬਿਲਾ ਬਣਕੇ ਵੀ ਬਾਹਰ ਨਿਕਲ ਸਕਦਾ ਸੀ। ਇਸ ਲਈ ਜਦੋਂ ਵੀ ਗੜ੍ਹੀ ਵਿਚੋਂ ਕੋਈ ਕੁੱਤਾ, ਬਿੱਲਾ ਜਾਂ ਕੋਈ ਹੋਰ ਜਾਨਵਰ ਬਾਹਰ ਨਿਕਲਦਾ ਤਾਂ ਉਹ ਯਕਦਮ ਉਸ ਉਪਰ ਫਾਇਰ ਕਰਕੇ ਉਸਨੂੰ ਮਾਰ ਮੁਕਾਣਾ ਚਾਹੁੰਦੇ ਸਨ। ਅਸੀਂ ਲੋਕ ਘੇਰੇ ਵਿਚ ਆਉਣ ਕਰਕੇ ਪਰੇਸ਼ਾਨ ਸਾਂ ਪਰ ਸਾਡੇ ਦੁਸ਼ਮਣ ਅਠਾ ਮਹੀਨਿਆਂ ਤੋਂ ਉੱਥੇ, ਸਰਦੀ, ਮੀਂਹ, ਹਨ੍ਹੇਰੀ ਵਿਚ ਉਥੇ ਬੈਠੇ ਹੀ ਪਰੇਸ਼ਾਨ ਹੋ ਰਹੇ ਸਨ। ਆਲੇ ਦੁਆਲੇ ਇਲਾਕੇ ਦੇ ਲੋਕ ਸ਼ਾਹੀ ਫੌਜਾਂ ਦੇ ਉਜਾੜੇ ਤੇ ਜ਼ਿਆਦਤੀ ਉਪਰ ਬਹੁਤ ਪਰੇਸ਼ਾਨ ਸਨ। ਉਹਨਾਂ ਦੀਆਂ ਸ਼ਿਕਾਇਤਾਂ ਬਾਰੇ ਸੁਣਨ ਵਾਲਾ ਕੋਈ ਨਜ਼ਰ ਨਹੀਂ ਆ ਰਿਹਾ ਸੀ।

ਸ਼ਾਇਦ ਸਾਡੇ ਪਾਸੋਂ ਬਾਹਰ ਜਾਣ ਵਾਲੇ ਜੱਥੇ ਨੇ ਸਾਡੀ ਖਸਤਾ ਹਾਲਤ ਬਾਰੇ ਮੁਗ਼ਲ ਫੌਜ ਨੂੰ ਮੁਖਬਰੀ ਕੀਤੀ ਹੋਵੇ। ਇਸੇ ਲਈ ਉਹਨਾਂ ਦੇ ਬਾਹਰ ਜਾਣ ਦੇ ਇਕ ਹਫ਼ਤੇ ਬਾਅਦ ਹੀ ਇਕ ਦਿਨ ਸਵੇਰੇ ਸਵੇਰੇ ਉਹਨਾਂ ਨੇ ਬੰਦੂਕਾਂ ਤੇ ਤੋਪਾਂ ਨਾਲ ਗੜ੍ਹੀ ਉਪਰ ਹਮਲਾ ਕਰ ਦਿੱਤਾ। ਜਦੋਂ ਅੰਦਰੋਂ ਕੋਈ ਗੋਲੀ ਦਾ ਜਵਾਬ ਨਾ ਆਇਆ ਤਾਂ ਵੇਖਦਿਆਂ ਹੀ ਸ਼ਾਹੀ ਫੌਜਾਂ ਨੇ ਗੜ੍ਹੀ ਦਾ ਗੇਟ ਤੋਪ ਦੇ ਗੋਲਿਆਂ ਨਾਲ ਢੇਰੀ ਕਰ ਦਿੱਤਾ ਤੇ ਬੰਦੂਕਾਂ ਤਾਣਕੇ ਗੜ੍ਹੀ ਵਿਚ ਆ ਵੜੇ। ਅਸੀਂ ਉਸ ਵਕਤ ਮੁਕਾਬਲਾ ਕਰਨ ਦੀ ਸਥਿਤੀ ਵਿਚ ਨਹੀਂ ਸੀ। ਇਸ ਲਈ ਉਹਨਾਂ ਨੇ ਬਿਨਾਂ ਮੁਕਾਬਲਾ ਸਾਨੂੰ ਗ੍ਰਿਫ਼ਤਾਰ ਕਰ ਲਿਆ। ਸਭ ਤੋਂ ਪਹਿਲਾਂ ਉਹਨਾਂ ਮੈਨੂੰ ਫੜਨ ਲਈ ਝੁਰਮਟ ਪਾ ਲਿਆ ਤੇ ਵੇਖਦਿਆਂ ਹੀ ਮੈਨੂੰ ਗਾਲੀ ਗਲੋਚ ਕਰਨ ਲਗੇ। ਭੁੱਖੇ ਰਹਿਣ ਕਾਰਨ ਮੇਰੇ

ਵਿਚ ਇਤਨੀ ਤਾਕਤ ਨਹੀਂ ਸੀ ਕਿ ਮੈਂ ਉਹਨਾਂ ਦਾ ਕਿਸੇ ਤਰ੍ਹਾਂ ਜਵਾਬ ਦੇ ਸਕਦਾ। ਵੇਖਦਿਆਂ ਹੀ ਬਾਕੀ ਸਿੰਘ ਮੈਨੂੰ ਬੇੜੀਆਂ ਤੇ ਸੰਗਲਾਂ ਨਾਲ ਜੁੜ ਲਿਆ। ਮੈਂ ਉਸ ਵਕਤ ਮੁਸਕਰਾ ਰਿਹਾ ਸੀ। ਮੈਨੂੰ ਮੁਸਕਰਾਂਦੇ ਵੇਖਕੇ ਉਹ ਮੈਨੂੰ ਦੋਬਾਰਾ ਗਾਲ੍ਹਾਂ ਕੱਢਣ ਲਗੇ। ਉਹ ਮੈਨੂੰ ਜਿਸਮਾਨੀ ਤੌਰ ਤੇ ਤੰਗ ਨਹੀਂ ਕਰ ਰਹੇ ਸਨ। ਸ਼ਾਇਦ ਉਹ ਡਰਦੇ ਸਨ ਕਿ ਮੈਂ ਆਪਣੀਆਂ ਕਰਾਮਾਤੀ ਤੇ ਤਾਂਤ੍ਰਕਿ ਸ਼ਕਤੀਆਂ ਨਾਲ ਉਹਨਾਂ ਦਾ ਕੋਈ ਨੁਕਸਾਨ ਨਾ ਪੁਚਾਵਾਂ। ਮੇਰੀਆਂ ਅੱਖੀਆਂ ਵਿਚ ਅੱਖੀਆਂ ਪਾਕੇ ਸ਼ਾਇਦ ਉਹ ਵੇਖਣ ਤੋਂ ਕੁਤਰਾਅ ਰਹੇ ਸਨ। ਜਦੋਂ ਉਹ ਮੈਨੂੰ ਬੇੜੀਆਂ ਪਹਿਨਾਅ ਰਹੇ ਸਨ ਤਾਂ ਮੇਰਾ ਹਾਸਾ ਨਿਕਲ ਗਿਆ। ਮੈਂ ਇਹ ਸੋਚ ਕੇ ਹੱਸਿਆ ਕਿ ਮੈਂ ਇੰਨਾਂ ਨਢਾਲ ਹੋ ਚੁੱਕਾ ਹਾਂ ਕਿ ਚੱਲਣ ਤੋਂ ਅਸਮਰਥ ਹਾਂ ਤੇ ਇਹ ਬੁਜ਼ਦਿਲ ਲੋਕ ਮੈਨੂੰ ਬੇੜੀਆਂ ਇਸ ਲਈ ਪਹਿਨਾਅ ਰਹੇ ਹਨ ਕਿ ਮੈਂ ਕਿਧਰੇ ਭਜ ਨਾ ਜਾਵਾਂ। ਬਾਕੀ ਸਿੰਘਾਂ ਦੁਆਲੇ ਭਿੰਨ ਭਿੰਨ ਬੰਦੂਕਾਂ ਵਾਲੇ ਸਨ ਜਦੋਂ ਕਿ ਮੇਰੇ ਦੁਆਲੇ ਨੌਂ ਦਸ ਜਾਣੇ ਘੇਰਾ ਘੱਤੀ ਖੜੇ ਸਨ।

ਇਕ ਵੱਡੇ ਕਮਰੇ ਵਿਚ ਸਾਡੇ ਜ਼ਖ਼ਮੀ ਤੇ ਬਿਮਾਰ ਸਿੰਘ ਪਏ ਸਨ। ਇਕ ਹੋਰ ਕਮਰੇ ਵਿਚ ਅਜਿਹੇ ਸਿੰਘ ਸਨ ਜੋ ਅਧਮੋਏ ਪਏ ਸਨ। ਉਹਨਾਂ ਨੇ ਕਈ ਦਿਨਾਂ ਤੋਂ ਪਾਣੀ ਦਾ ਘੁੱਟ ਵੀ ਨਹੀਂ ਪੀਤਾ ਸੀ। ਤੋਪਾਂ ਤੇ ਗੋਲੀਆਂ ਦੇ ਖੜਾਕ ਨਾਲ ਉਹ ਵੀ ਉੱਠ ਪਏ ਸਨ। ਇਹਨਾਂ ਦੋਹਾਂ ਕਮਰਿਆਂ ਵਿਚੋਂ ਕੋਈ ਚਲਣ ਫਿਰਨ ਦੇ ਕਾਬਿਲ ਨਹੀਂ ਸੀ। ਇਹਨਾਂ ਨੂੰ ਹਥਕੜੀਆਂ ਜਾਂ ਬੇੜੀਆਂ ਲਗਾਉਣ ਦਾ ਕੋਈ ਫਾਇਦਾ ਨਹੀਂ ਸੀ। ਕੁਝ ਫੌਜੀ ਅਫ਼ਸਰਾਂ ਨੇ ਆਕੇ ਸੂਬੇਦਾਰ ਅਬਦੁਸ ਸਮੱਦ ਨਾਲ ਆਕੇ ਸਲਾਹ ਕੀਤੀ ਕਿ ਇਹਨਾ ਅਪਾਹਜ ਕਿਸਮ ਦੇ ਕੈਦੀਆਂ ਨਾਲ ਕੀ ਸਲੂਕ ਕੀਤਾ ਜਾਵੇ? ਸਲਾਹ ਮਸ਼ਵਰੇ ਬਾਅਦ ਇਹ ਫ਼ੈਸਲਾ ਕੀਤਾ ਗਿਆ ਕਿ ਇਹਨਾਂ ਨੂੰ ਗੋਲੀ ਮਾਰਕੇ ਇਹਨਾਂ ਦੇ ਸਿਰ ਧੜ ਨਾਲੋਂ ਅਲਾਇਦਾ ਕਰਕੇ ਲਾਹੌਰ ਲਿਜਾਏ ਜਾਣ। ਇਸ ਤਰ੍ਹਾਂ ਹੀ ਕੀਤਾ ਗਿਆ ਤੇ ਕੋਈ ਤਿੰਨ ਸੌ ਸਿੰਘਾਂ ਦੇ ਸੀਸ ਨੇਜਿਆਂ ਨਾਲ ਟੰਗ ਕੇ ਲਾਹੌਰ ਲਿਆਂਦੇ ਜਾਣ ਤੇ ਇਥੋਂ ਫੇਰ ਅਗੇ ਦਿੱਲੀ ਲਿਆਂਦੇ ਜਾਣ। ਇਹ ਸਾਰਾ ਹੌਲਨਾਕ ਦ੍ਰਿਸ਼ ਸੀ। ਮਰਿਆਂ ਨੂੰ ਦੋਬਾਰਾ ਮਾਰਿਆ ਗਿਆ ਸੀ। ਮੈਂ ਬੇਵੱਸ ਲਾਗੇ ਹੀ ਬੈਠਾ ਆਪਣੇ ਪਿਆਰੇ ਸਿੰਘਾਂ ਦੇ ਹੁੰਦੇ ਦਰਦ ਨਾਲ ਕਤਲ ਆਪਣੀਆਂ ਕੰਮਬਖ਼ਤ ਅੱਖਾਂ ਨਾਲ ਵੇਖ ਰਿਹਾ ਸੀ। ਇਹਨਾਂ ਸਿੰਘਾਂ ਨੇ ਮੇਰੇ ਨਾਲ ਮੋਢੇ ਨਾਲ ਮੋਢਾ ਜੋੜਕੇ ਕਈ ਜੰਗਾਂ ਲੜੀਆਂ ਸਨ। ਅਜ ਉਹ ਕੌਮ ਲਈ ਆਖ਼ਰੀ ਲੜਾਈ ਵਿਚ ਸ਼ਹੀਦੀਆਂ ਪਾ ਗਏ ਸਨ। ਮੈਂ ਦਿਲ ਹੀ ਦਿਲ ਵਿਚ ਇਹਨਾਂ ਮਹਾਨ ਸਿੰਘਾਂ ਦੀ ਮੁਕਤੀ ਲਈ ਸਚੇ ਪਾਤਸ਼ਾਹ ਕੋਲ ਅਰਜੋਈਆਂ ਕਰ ਰਿਹਾ ਸੀ।

ਸ਼ਾਇਦ ਇਹਨਾਂ ਜ਼ਾਲਮਾਂ ਨੂੰ ਅਜੇ ਵੀ ਮੇਰੇ ਤੋਂ ਖ਼ਤਰਾ ਸੀ, ਉਹਨਾਂ ਨੇ ਮੇਰੀਆਂ ਅੱਖਾਂ ਬੰਨ ਦਿੱਤੀਆਂ ਤਾਂ ਕਿ ਮੈਂ ਵੇਖ ਨਾ ਸਕਾਂ ਕਿ ਮੇਰੇ ਇਰਦ ਗਿਰਦ ਕੀ ਹੋ ਰਿਹਾ ਹੈ? ਮੈਨੂੰ ਕਿਲ੍ਹੇ ਤੋਂ ਬਾਹਰ ਲਿਜਾਕੇ ਇਕ ਗਡੀਰੀ ਵਿਚ ਬਿਠਾਇਆ ਮੇਰੇ ਹੱਥ ਵੀ

ਪਿੱਛੇ ਕਰਕੇ ਬੰਨ ਦਿੱਤੇ ਗਏ। ਮੇਰੇ ਸਾਥੀਆਂ ਨੂੰ ਮੇਰੇ ਪੱਟੀ ਬੰਨਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰਕੇ, ਬੇੜੀਆਂ ਲਗਾ ਕੇ ਕਿਲ੍ਹੇ ਤੋਂ ਬਾਹਰ ਲਿਜਾਇਆ ਗਿਆ ਸੀ। ਜਦੋਂ ਮੈਂ ਗੜ੍ਹੀ ਤੋਂ ਬਾਹਰ ਗਿਆ ਤਾਂ ਬੜਾ ਸ਼ੋਰ ਮਚ ਰਿਹਾ ਸੀ। ਲਗ ਰਿਹਾ ਸੀ ਲੋਕ ਮੈਨੂੰ ਵੇਖਣ ਲਈ ਉਮੜ ਪਏ ਸਨ ਪਰ ਫੌਜੀ ਲੋਕਾਂ ਨੂੰ ਦੂਰੋਂ ਹੀ ਦਬਕੇ ਮਾਰਕੇ ਭਜਾ ਰਹੇ ਸਨ। ਇਕ ਜਾਣਾ ਕਹਿ ਰਿਹਾ ਸੀ, ਵੇਖ ਲਉ ਇਹੀ ਡਾਕੂ ਏ ਜਿੰਨਾਂ ਤੁਹਾਡੇ ਘਰਾਂ ਨੂੰ ਲੁਟਿਆ ਤੇ ਉਜਾੜਿਆ ਏ। ਹੁਣ ਤੁਹਾਨੂੰ ਐਸੇ ਕਾਫਿਰਾਂ ਕੋਲੋਂ ਪਰੇਸ਼ਾਨ ਨਹੀਂ ਹੋਣਾ ਪਵੇਗਾ। ਮੈਨੂੰ ਤੇ ਮੇਰੇ. ਸਿੰਘਾਂ ਨੂੰ ਲੋਕ ਜਾਂ ਫੌਜੀ ਬਹੁਤ ਭੱਦੇ ਸ਼ਬਦ ਬੋਲ ਰਹੇ ਸਨ। ਇਹ ਲਫ਼ਜ਼ ਮੈਂ ਕਦੀ ਜ਼ਿੰਦਗੀ ਭਰ ਨਹੀਂ ਸੁਣੇ ਸਨ। ਅਸੀਂ ਸਾਰੇ ਹੱਥਾਂ ਪੈਰਾਂ ਤੇ ਸੰਗਲ ਲਮਕਾਹੀ ਬੇਬਸ ਹੋਕੇ ਇਹ ਸਾਰੀ ਬਕਵਾਸ ਸੁਣ ਰਹੇ ਸੀ। ਜੇਕਰ ਇਹੀ ਸ਼ਬਦ, ਕੋਈ ਉਸ ਵਕਤ ਬੋਲਦਾ ਜਦ ਅਜ਼ਾਦ ਸੀ ਤਾਂ ਮੇਰੇ ਸਿੰਘ ਬੋਲਣ ਵਾਲਿਆਂ ਦੀਆਂ ਜ਼ਬਾਨਾਂ ਨੋਚ ਲੈਂਦੇ। ਉਹਨਾਂ ਦੇ ਸਾਹ ਪੀ ਲੈਂਦੇ, ਉਹਨਾਂ ਦੀਆਂ ਗਿਚੀਆਂ ਮਰੋੜ ਦਿੰਦੇ। ਕੁਝ ਘੰਟਿਆਂ ਬਾਅਦ ਅਸਾਂ ਆਪਣਾ ਨਜ਼ਰੀਆ ਹੀ ਬਦਲ ਲਿਆ। ਉਹ ਸਾਨੂੰ ਤਹਿਜ਼ੀਬ ਤੋਂ ਗਿਰੀਆਂ ਹੋਈਆਂ ਗਾਲ੍ਹਾਂ ਦਿੰਦੇ ਤੇ ਅਸੀਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਨ ਲਗ ਪਏ। ਫਿਰ ਕੁੱਤੇ ਭੌਂਕਦੇ ਰਹੇ ਤੇ ਚੰਨ ਚਮਕਦੇ ਰਹੇ।

ਮੈਨੂੰ ਲਾਹੌਰ ਜਾਕੇ ਕਿਲ੍ਹੇ ਵਿਚ ਪਤਾ ਲਗਾ ਕਿ ਸਾਡੇ ਤਕਰੀਬਨ ਸੱਤ ਸੌ ਸਿੰਘਾਂ ਨੂੰ ਦੁਨੀ ਚੰਦ ਦੀ ਗੜ੍ਹੀ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ। ਅਗਲੇ ਦਿਨ ਲਾਹੌਰ ਦੇ ਬਜ਼ਾਰਾਂ ਵਿਚ ਭਾਰੀ ਫੌਜੀ ਪਹਿਰੇ ਹੇਠ ਸਾਡੇ ਸਿੰਘਾਂ ਦਾ ਜਲੂਸ ਕੱਢਿਆ ਗਿਆ। ਸ਼ਹਿਰ ਦੇ ਕਟੜ ਮੁਸਲਮਾਨਾਂ ਨੇ ਸਾਡੇ ਉਪਰ ਇੱਟਾ ਪੱਥਰ ਮਾਰੇ। ਅਸੀਂ ਅਗੋਂ ਸਤਿਨਾਮ ਵਾਹਿਗੁਰੂ ਦਾ ਜਾਪ ਹੀ ਕਰਦੇ ਰਹੇ। ਇਕ ਬਜ਼ਾਰ ਵਿਚ ਇਕ ਔਰਤ ਨੇ ਜਿਸਦੇ ਦੋ ਪੁੱਤਰ ਸਿੰਘਾਂ ਖਿਲਾਫ਼ ਲੜਦਿਆਂ ਸ਼ਹੀਦ ਹੋ ਗਏ ਸਨ, ਇਕ ਵੱਡਾ ਸਾਰਾ ਪੱਥਰ ਸਾਡੇ ਜਲੂਸ ਉਪਰ ਮਾਰਿਆ। ਸਾਡੇ ਇਕ ਸਿੰਘ ਦੀ ਮੌਤ ਹੋ ਗਈ। ਉਹ ਔਰਤ ਬਾਕੀ ਸਿੰਘਾਂ ਨੂੰ ਲਗਾਤਾਰ ਗਾਲ੍ਹਾਂ ਕੱਢੀ ਜਾ ਰਹੀ ਸੀ। ਸਾਡੇ ਸਿੰਘਾਂ ਦੇ ਪੈਰਾਂ ਵਿਚ ਬੇੜੀਆਂ, ਗਲਾਂ ਵਿਚ ਤੌਕ, ਲੱਕ ਦੁਆਲੇ ਜੰਜ਼ੀਰਾਂ ਤੇ ਹੱਥਾਂ ਨੂੰ ਪਿੱਛੇ ਰੱਸਿਆਂ ਨਾਲ ਬੰਨ੍ਹਿਆ ਹੋਇਆ ਸੀ। ਸਭ ਨੂੰ ਗਡਿਆਂ ਉਪਰ ਸੁੱਟਿਆ ਹੋਇਆ ਸੀ। ਲਾਹੌਰ ਦੇ ਬਹੁਤ ਸਾਰੇ ਮੁਸਲਮਾਨ ਉਚੇਚੇ ਇਸ ਜਲੂਸ ਨੂੰ ਵੇਖਕੇ ਦਗ ਦਗ ਹੋ ਰਹੇ ਸਨ। ਜਲੂਸ ਦੇ ਅਗੇ ਅਗੇ ਢੋਲ ਢੱਮਕੇ ਵਜ ਰਹੇ ਸਨ ਅਤੇ ਫੌਜੀ ਖ਼ੁਸ਼ੀ ਨਾਲ ਨੱਚਦੇ ਟੱਪਦੇ, ਖ਼ੁਸ਼ੀ ਦਾ ਇਜ਼ਹਾਰ ਕਰਦੇ ਸਾਡੇ ਅੱਗੇ ਅੱਗੇ ਜਾ ਰਹੇ ਸਨ। ਕੁਝ ਲੋਕ ਸਾਨੂੰ ਵੇਖਕੇ ਮਾਯੂਸ ਵੀ ਹੋ ਰਹੇ ਸਨ। ਸ਼ਾਇਦ ਇਹ ਹਿੰਦੂ ਜਾਂ ਆਮ ਮੁਸਲਮਾਨ ਹੋਣ। ਕੁਝ ਲੋਕਾਂ ਨੂੰ ਸਾਡੇ ਉਪਰ ਤਰਸ ਵੀ ਆ ਰਿਹਾ ਸੀ ਪਰ ਅਜਿਹੇ ਲੋਕਾਂ ਦੀ ਗਿਣਤੀ ਥੋੜ੍ਹੀ ਸੀ। ਕੁਝ ਲੋਕ ਆਪਣੇ ਘਰਾਂ ਦੀਆਂ ਛੱਤਾਂ ਤੇ ਖੜੇ ਇਹ ਸਭ ਨਜ਼ਾਰਾ ਵੇਖ ਰਹੇ ਸਨ। ਉਹ ਆਪਣੇ ਮਕਾਨਾਂ ਵਿਚੋਂ ਅੱਲਾ-ਹੂ-ਅਕਬਰ ਦੇ ਨਾਹਰੇ

ਲਾ ਕੇ ਇਕ ਦੂਜੇ ਨੂੰ ਗਲਵਕੜੀਆਂ ਪਾਕੇ ਖ਼ੁਸ਼ੀ ਦਾ ਇਜ਼ਹਾਰ ਕਰ ਰਹੇ ਸਨ। ਕੁਝ ਲਾਹੌਰ ਵਾਸੀ ਜਲੂਸ ਦੇ ਨਾਲ-ਨਾਲ ਜਾ ਰਹੇ ਸਨ।

ਮੇਰਾ ਉਚੇਚਾ 'ਸਨਮਾਨ' ਕੀਤਾ ਗਿਆ ਸੀ। ਮੈਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਲਾਗੇ ਇਕ ਬੰਦੂਕ ਧਾਰੀ ਸੈਨਿਕ ਵੀ ਖਲਾਰਿਆ ਹੋਇਆ ਸੀ। ਇਸ ਪਿੰਜਰੇ ਨੂੰ ਹਾਥੀ ਉਪਰ ਬੰਨਿਆ ਗਿਆ ਸੀ ਤਾਂ ਕਿ ਦਰਸ਼ਕ ਮੇਰੇ ਦਰਸ਼ਨ ਕਰ ਸਕਣ। ਬਹੁਤ ਸਾਰੇ ਲੋਕਾਂ ਕੀ ਖਾਹਸ਼ ਸੀ ਕਿ ਉਸ ਸ਼ਕਸ ਜਾਂ ਬਲਾਅ ਦੀ ਸ਼ਕਲ ਵੇਖੀ ਜਾਵੇ ਜਿਸਨੇ ਚਾਰ ਪੰਜ ਸੂਬਿਆਂ ਨੂੰ ਸੂਲੀ ਉੱਤੇ ਟੰਗਿਆ ਹੋਇਆ ਸੀ। ਉਹ ਉਹਨਾਂ ਸਿੰਘਾਂ ਦੇ ਵੀ ਦੀਦਾਰ ਕਰਨਾ ਚਾਹੁੰਦੇ ਸਨ ਜਿੰਨਾਂ ਵਜ਼ੀਰ ਖਾਨ ਨੂੰ ਕਤਲ ਕਰਕੇ, ਬਲਦ ਦੀ ਪੂਛਲ ਨਾਲ ਬੰਨਕੇ ਸਰਹੰਦ ਲਿਆਂਦਾ ਸੀ ਤੇ ਜਿੰਨਾਂ ਘੁੱਗ ਵਸਦਾ ਸਰਹੰਦ ਸ਼ਹਿਰ ਇੱਟਾਂ ਤੇ ਮਿੱਟੀ ਦੇ ਮਲਬੇ ਵਿਚ ਬਦਲ ਦਿੱਤਾ ਸੀ। ਸਾਨੂੰ ਵੇਖਕੇ ਕੁਝ ਖ਼ੁਸ਼ ਹੋ ਰਹੇ ਸਨ। ਕੁਝ ਹੈਰਾਨ ਤੇ ਕੁਝ ਗੁੱਸੇ ਵਿਚ ਪਾਗਲ ਹੋ ਰਹੇ ਸਨ। ਮੈਨੂੰ ਬਹੁਤ ਉੱਚੀ ਜਗਾ ਤੇ ਬਿਠਾਇਆ ਗਿਆ ਸੀ ਤਾਂ ਸਾਰੇ ਆਮ ਖ਼ਾਸ ਲੋਕ ਮੈਨੂੰ ਵੇਖ ਸਕਣ। ਮੈਨੂੰ ਬਸਤਰ ਵੀ ਅਜਿਹੇ ਪਹਿਨਾਏ ਗਏ ਸਨ, ਜਿਹੜੇ ਕਿ ਪਾਗਲਾਂ ਦੇ ਹੁੰਦੇ ਹਨ। ਮੇਰੇ ਹਾਥੀ ਪਿੱਛੇ ਮੇਰੇ ਸਾਥੀ ਸਿੰਘਾਂ ਸਰਦਾਰਾਂ ਨੂੰ ਚੰਗੀ ਤਰ੍ਹਾਂ ਸੰਗਲਾਂ ਨਾਲ ਨੂੜਕੇ, ਖੋਹਿਆ ਤੇ ਊਠਾਂ ਉੱਪਰ ਬਿਠਾਇਆ ਹੋਇਆ ਸੀ। ਉਹਨਾਂ ਦੇ ਪਿੱਛੇ ਉਹ ਜਰਨੈਲ, ਫੌਜਦਾਰ, ਫੌਜੀ ਅਫ਼ਸਰ ਤੇ ਹਿੰਦੂ ਰਾਜੇ ਤੇ ਜਰਨੈਲ ਸਨ, ਜਿੰਨਾਂ ਨੇ ਗੁਰਦਾਸ ਨੰਗਲ ਵਿਖੇ ਮੈਨੂੰ ਘੇਰਿਆ ਹੋਇਆ ਸੀ। ਉਹ ਸਾਰੇ ਜਾਣੇ ਇਕ ਜੇਤੂ ਜਲੂਸ ਦੀ ਸ਼ਕਲ ਵਿਚ ਛਾਤੀਆਂ ਚੌੜੀਆਂ ਕਰਕੇ ਪਿੱਛੇ ਘੋੜਿਆਂ ਤੇ ਆ ਰਹੇ ਸਨ। ਇਹ ਜੇਤੂਆਂ ਤੇ ਕੈਦੀਆਂ ਦਾ ਜਲੂਸ ਫਿਰ ਦਿੱਲੀ ਵਲ ਰਵਾਨਾ ਹੋ ਗਿਆ।

ਇਸ ਤਰ੍ਹਾਂ ਜਲੂਸ ਨੂੰ ਇਕ ਸਕੀਮ ਤਹਿਤ ਪੰਜਾਬ ਦੇ ਉਹਨਾਂ ਸ਼ਹਿਰਾਂ ਵਿਚੋਂ ਖ਼ਾਸ ਕਰਕੇ ਲੰਘਾਇਆ ਗਿਆ, ਜਿਥੇ ਖ਼ਾਲਸਾ ਫੌਜ ਨੇ ਕਾਰਵਾਈ ਕਰਕੇ ਜ਼ਾਲਿਮਾਂ ਨੂੰ ਸੋਧਿਆ ਸੀ। ਸਰਹੰਦ, ਤੇ ਸਢੌਰੇ ਵਿਚੋਂ ਵੀ ਇਹ ਜਲੂਸ ਲੰਘਾਇਆ ਗਿਆ। ਇਹ ਸ਼ਹਿਰਾਂ ਤਾਂ ਵੈਸੇ ਵੀ ਦਿੱਲੀ ਦੇ ਸ਼ਾਹਰਾਹ ਉੱਤੇ ਸਥਿਤ ਸੀ। ਜਦੋਂ ਇਹੀ ਜਲੂਸ ਸਰਹੰਦ ਵਿਚੋਂ ਲੰਘਿਆ ਤਾਂ ਬਹੁਤ ਘੱਟ ਲੋਕ ਸਾਨੂੰ ਵੇਖਣ ਆਏ। ਸ਼ਾਇਦ ਲੋਕ ਸਾਨੂੰ ਪਹਿਲਾਂ ਹੀ ਵੇਖ ਚੁੱਕੇ ਸਨ। ਕਿਧਰੇ ਕਿਧਰੇ ਫੌਜਦਾਰਾਂ ਤੇ ਚੌਧਰੀਆਂ ਦੀਆਂ ਜੁੰਡਲੀਆਂ ਖੜ੍ਹੀਆਂ ਸਨ, ਜਿਹੜੇ ਸਾਨੂੰ ਵੇਖਕੇ ਗਾਲੀ ਗਲੋਚ ਕਰ ਰਹੇ ਸਨ। ਸਾਡੇ ਸਿੰਘ ਆਪਣੇ ਆਪ ਵਿਚ ਮਸਤ, ਪਾਠ ਕਰਦੇ ਅੱਗੇ ਜਾ ਰਹੇ ਸਨ। ਸਾਡੇ ਜਲੂਸ ਦੇ ਦੋਹਵੇਂ ਪਾਸੇ ਫੌਜੀ ਨੇਜੇ ਮੋਢਿਆਂ ਤੇ ਉਲਾਰੀ ਨਾਲ-ਨਾਲ ਜਾ ਰਹੇ ਸਨ। ਨੇਜਿਆਂ ਉਪਰ ਉਹਨਾਂ ਨੇ ਸਿੰਘਾਂ ਦੇ ਸੀਸ ਟੰਗੇ ਹੋਏ ਸਨ। ਇਹਨਾਂ ਸੀਸਾਂ ਦੀ ਗਿਣਤੀ ਵੀ ਹਜ਼ਾਰਾਂ ਵਿਚ ਸੀ। ਦੂਨੀ ਚੰਦ ਦੀ ਹਵੇਲੀ ਵਿਚੋਂ ਤਾਂ ਤਿੰਨ ਕੁ ਸੌ ਸਿੰਘਾਂ ਦੇ ਸੀਸ ਕਟੇ ਸਨ, ਬਾਕੀ ਸੀਸ ਇਹਨਾਂ ਖੱਬੇ ਸੱਜੇ ਕਈ ਨਿਰਦੋਸ਼ ਸਿੱਖ ਮਾਰਕੇ ਗਿਣਤੀ ਵਧਾ ਲਈ ਸੀ ਤਾਂ ਕਿ ਬਾਦਸ਼ਾਹ ਨੂੰ ਖ਼ੁਸ਼ ਕੀਤਾ ਜਾ ਸਕੇ। ਕੈਦੀ ਸਿੰਘਾਂ ਦੀ

ਗਿਣਤੀ ਤਕਰੀਬਨ ਅੱਠ ਸੌ ਦੇ ਲਗਭਗ ਹੋ ਗਈ ਸੀ ਤੇ ਨੇਜਿਆਂ ਵਾਲੇ ਸੀਸਾਂ ਦੀ ਗਿਣਤੀ ਡੇਢ ਕੁ ਹਜ਼ਾਰ ਹੋ ਗਈ ਸੀ। ਇਸ ਜਲੂਸ ਦਾ ਦ੍ਰਿਸ਼ ਵੇਖਕੇ ਕੋਈ ਬਹੁਤਾ ਚਿਰ ਖੁਸ਼ ਨਹੀਂ ਸੀ ਹੋ ਸਕਦਾ। ਇਹ ਜਲੂਸ ਇਕ ਭਿਆਨਕ ਦ੍ਰਿਸ਼ ਪੇਸ਼ ਕਰਦਾ ਸੀ, ਜਿਸਨੂੰ ਕੋਈ ਪੱਥਰ ਦਿਲ ਹੀ ਵੇਖਕੇ ਖਿਲੀਆਂ ਉੱਡਾ ਸਕਦਾ ਸੀ।

ਕਈ ਦਿਨਾਂ ਦੀ ਯਾਤਰਾ ਬਾਅਦ ਇਹ ਜਲੂਸ ਦਿਲੀ ਦੇ ਲਾਗੇ ਆਗਰਾਬਾਦ ਵਿਖੇ ਪਹੁੰਚਿਆਂ ਬਾਦਸ਼ਾਹ ਫਾਰੁਖਸੀਅਰ ਨੇ ਹੁਕਮ ਦਿੱਤਾ ਕਿ ਸਾਰੇ ਸਿੱਖ ਕੈਦੀਆਂ ਦੇ ਮੂੰਹ ਕਾਲੇ ਕੀਤੇ ਜਾਣ। ਉਹਨਾਂ ਕੇਸ ਖਲਾਰਕੇ ਪਿੱਛੇ ਸੁੱਟੇ ਜਾਣ ਤੇ ਸਭਨਾਂ ਨੂੰ ਲੋਹੇ ਦੀਆਂ ਟੋਪੀਆਂ ਪਹਿਨਾਈਆਂ ਜਾਣ। ਵੇਖਣ ਵਾਲਿਆਂ ਨੂੰ ਇਹ ਸਾਰੇ ਸਿੰਘ ਪਾਗਲ ਲਗਦੇ ਸਨ। ਇਹਨਾਂ ਨੂੰ ਵੇਖਦਿਆਂ ਹੀ ਲੋਕ ਪਹਿਲਾਂ ਹੱਸ ਪੈਣ ਤੇ ਫਿਰ ਗੁੱਸੇ ਤੇ ਨਫ਼ਰਤ ਨਾਲ ਪਾਗਲ ਹੋ ਜਾਣ। ਲਾਹੌਰ ਵਾਂਗ ਸਾਨੂੰ ਫਿਰ ਦਿੱਲੀ ਦੇ ਬਜ਼ਾਰਾਂ ਵਿਚੋਂ ਲੰਘਾਇਆ ਗਿਆ। ਸਭ ਤੋਂ ਅਗੇ ਬੈਂਡ ਵਾਜੇ ਵਜ ਰਹੇ ਸਨ। ਉਸੇ ਤਰ੍ਹਾਂ ਹੀ ਮੁਗ਼ਲ ਫੌਜੀ ਭੰਗੜੇ ਪਾਉਂਦੇ ਨੱਚਦੇ, ਖਿੱਲੀਆਂ ਮਚਾਉਂਦੇ ਜਲੂਸ ਲਾਲ ਕਿਲੇ ਕੋਲ ਪਹੁੰਚਿਆ। ਇਸ ਜਲੂਸ ਦੇ ਪਿੱਛੇ-ਪਿੱਛੇ ਮੁਹੰਮਦ ਅਮੀਨ ਖਾਨ, ਉਸਦਾ ਪੁੱਤਰ ਕਮਰ-ਉਦ-ਦੀਨ ਅਤੇ ਜ਼ਕਰੀਆ ਖ਼ਾਨ ਜੇਤੂ ਜਰਨੈਲਾਂ ਵਾਂਗ ਚੌੜੇ ਹੋਕੇ, ਬੜੀ ਸਾਨ ਨਾਲ ਚਲ ਰਹੇ ਸਨ। ਇਹ ਜਲੂਸ ਕਿਲ੍ਹੇ ਦੇ ਲਾਹੌਰੀ ਗੇਟ ਦੇ ਰਸਤੇ ਦਿੱਲੀ ਸ਼ਹਿਰ ਵਿਚ ਦਾਖ਼ਲ ਹੋਇਆ। ਲੋਕਾਂ ਨੂੰ ਪਹਿਲਾਂ ਹੀ ਪਹਿਲਾਂ ਹੀ ਇਸ ਜ਼ਲੂਸ ਦੇ ਆਉਣ ਬਾਰੇ ਅਗਾਊ ਇਤਲਾਹ ਦਿੱਤੀ ਗਈ ਸੀ।

ਇਹ ਨਜ਼ਾਰਾ ਉਹਨਾਂ ਲਈ ਬੜਾ ਅਦਭੁਤ ਸੀ। ਕਈ ਵਰ੍ਹਿਆਂ ਤੋਂ ਦਿੱਲੀ ਦੇ ਲੋਕ ਪੰਜਾਬ ਵਿਚ ਖ਼ਾਲਸਾ ਫੌਜ ਦੀਆਂ ਜਿੱਤਾਂ ਤੇ ਕਾਰਨਾਮਿਆਂ ਬਾਰੇ ਸੁਣ ਚੁੱਕੇ ਸਨ। ਉਹ ਅਜਿਹੇ ਸਿੰਘਾਂ ਦੇ ਦਰਸ਼ਨ ਕਰਨ ਲਈ ਉਤਾਵਲੇ ਸਨ, ਜਿੰਨਾਂ ਨੇ ਦਿੱਲੀ ਦਾ ਤਖ਼ਤ ਹਿਲਾਕੇ ਰੱਖ ਦਿੱਤਾ ਹੋਵੇ। ਉਹਨਾਂ ਵਿਚੋਂ ਬਹੁਤਿਆਂ ਨੇ ਤਾਂ ਸਿੰਘਾਂ ਦੇ ਦਰਸ਼ਨ ਹੀ ਪਹਿਲੀ ਦਫਾ ਕੀਤੇ ਸਨ। ਭਾਵੇਂ ਸਿੰਘਾਂ ਦੇ ਚੇਹਰੇ ਵਧ ਤੋਂ ਵਧ ਭ੍ਰਿਸ਼ਟ ਤੇ ਕਰੂਪ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਜਦੋਂ ਲੋਕ ਉਹਨਾਂ ਨੂੰ ਵੇਖਕੇ ਗਾਲ੍ਹਾਂ ਕੱਢਦੇ ਤੇ ਕਚੀਚੀਆਂ ਵੱਟਦੇ ਸਨ, ਉਸ ਵਕਤ ਸਾਡੇ ਕੈਦੀ ਸਿੰਘ ਬੜੇ ਅਡੋਲ ਤੇ ਸਹਿਜ ਨਾਲ ਬੈਠੇ ਲੋਕਾਂ ਵਲ ਵੇਖਕੇ ਮੁਸਕਰਾ ਰਹੇ ਸਨ। ਲੋਕਾਂ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਇਹਨਾਂ ਕਸ਼ਟਾਂ ਤੇ ਮੁਸੀਬਤਾਂ ਦੌਰਾਨ ਬੰਦਾ ਕਿਵੇਂ ਮੁਸਕਰਾ ਸਕਦਾ ਹੈ? ਉਹਨਾਂ ਦੀ ਸਮਝ ਤੋਂ ਬਾਹਰ ਦੀ ਗਲ ਸੀ ਇਹ। ਕਹਿੰਦੇ ਹਨ ਕਿ ਸ਼ਹਿਰ ਵਿਚ ਅਜਿਹਾ ਕੋਈ ਆਦਮੀ ਜਾਂ ਔਰਤ ਨਹੀਂ ਸੀ ਰਿਹਾ ਜਿਹੜਾ ਇਹ ਜਲੂਸ ਵੇਖਣ ਨਾ ਆਇਆ ਹੋਵੇ। ਇੰਨੀ ਭੀੜ ਦਿੱਲੀ ਦੇ ਇਤਿਹਾਸ ਵਿਚ ਪਹਿਲਾਂ ਕਦੀ ਜਮਾਂ ਨਹੀਂ ਸੀ ਹੋਈ। ਇਸ ਭਗਦੜ ਵਿਚ ਕਈ ਲੋਕ ਮਰ ਗਏ ਜਾਂ ਫਟੜ ਹੋ ਚੁੱਕੇ ਸਨ। ਲੋਕ ਸਿੰਘਾਂ ਨੂੰ ਗਾਲਾਂ ਕੱਢਣੀਆਂ, ਤਾਹਨੇ ਮਾਰਨੇ, ਥੂ-ਥੂ ਕਰਨੀ ਤੇ ਤਾੜੀਆਂ ਵਜਾਕੇ ਆਪਣੇ ਰਾਂਝੇ ਰਾਜੀ ਕਰ ਰਹੇ ਸਨ। ਹਰ ਤਰ੍ਹਾਂ ਨਾਲ ਲੋਕ ਆਪਣੇ

ਗੁੱਸੇ ਤੇ ਨਫ਼ਰਤ ਦਾ ਕੋਝੇ ਤੋਂ ਕੋਝੇ ਢੰਗ ਨਾਲ ਇਜ਼ਹਾਰ ਕਰਨਾ ਆਪਣਾ ਧਾਰਮਿਕ ਫਰਜ਼ ਸਮਝ ਰਹੇ ਸਨ। ਪਰ ਦੂਜੇ ਪਾਸੇ ਮੇਰੇ ਸਿੰਘਾਂ ਉਪਰ ਰਤਾ ਵੀ ਉਦਾਸੀ ਨਹੀਂ ਸੀ। ਉਹਨਾਂ ਦੇ ਚੇਹਰਿਆਂ ਤੇ ਰਤਾ ਵੀ ਗਿਲਾ ਨਹੀਂ, ਮਲਾਲ ਜਾਂ ਮਾਯੂਸੀ ਨਜ਼ਰ ਨਹੀਂ ਆ ਰਹੀ ਸੀ। ਉਹ ਆਪਣੇ ਆਪ ਨੂੰ ਹਾਰੇ ਹੋਏ ਨਹੀਂ ਜਿੱਤੇ ਹੋਏ ਮਹਿਸੂਸ ਕਰ ਰਹੇ ਸਨ। ਉਹਨਾਂ ਨੂੰ ਇਸ ਗਲ ਦਾ ਮਾਣ ਸੀ ਕਿ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀ ਗਿਣਤੀ ਵਿਚ ਸ਼ਾਹੀ ਫੌਜਾਂ ਨੂੰ ਅੱਠ ਮਹੀਨੇ ਸੂਲੀ ਤੇ ਟੰਗੀ ਰੱਖਿਆ ਸੀ। ਉਹਨਾਂ ਤਾਂ ਆਪਣੇ ਗੁਰੂ ਦੇ ਬਚਨਾਂ ਨੂੰ ਪੂਰਾ ਕੀਤਾ ਸੀ। ਇਸੇ ਲਈ ਸ਼ੁਕਰਾਨੇ ਵਜੋਂ ਉਹ ਗੀਤ ਗਾ ਰਹੇ ਸਨ। ਸ਼ਬਦ ਗਾਕੇ ਗੁਰੂ ਦਾ ਧੰਨਵਾਦ ਕਰ ਰਹੇ ਸਨ।

ਕਹਿੰਦੇ ਹਨ ਕਿ ਮੁਹੰਮਦ ਅਮੀਨ ਖਾਨ ਸਾਨੂੰ ਕਤਲ ਕਰਨ ਵਾਲੇ ਟੋਲੇ ਦਾ ਮੈਂਬਰ ਸੀ। ਉਹ ਮੇਰੇ ਸਾਹਮਣੇ ਆਕੇ ਕਹਿਣ ਲਗਾ, ਐ ਖ਼ੁਦਾ ਦੇ ਬੰਦੇ ਜਿਹਦੇ ਚਿਹਰੇ ਤੋਂ ਇਤਨਾ ਗਿਆਨ ਝਲਕਦਾ ਹੋਵੇ ਅਤੇ ਜਿਸਦੇ ਰੋਜ਼ਾਨਾ ਵਰਤੋ ਵਿਹਾਰ ਵਿਚ ਇਤਨੀ ਯੋਗਤਾ ਹੋਵੇ, ਉਹ ਕਿਉਂ ਅਜਿਹੇ ਘਿਣੌਣੇ ਜੁਰਮਾਂ ਦਾ ਦੋਸ਼ੀ ਹੋ ਗਿਆ? ਮੈਂ ਬੜੇ ਧੀਰਜ ਨਾਲ ਉਸ ਨੂੰ ਉੱਤਰ ਦਿੱਤਾ, ਜਦੋਂ ਮਨੁੱਖ ਅਜਿਹੇ ਪਾਪੀ ਤੇ ਦੁਸ਼ਟ ਹੋ ਜਾਣ ਤੇ ਉਹ ਇਨਸਾਫ ਤੇ ਇਨਸਾਨੀਅਤ ਦਾ ਮਾਰਗ ਤਿਆਗ ਦੇਣ ਅਤੇ ਤਮਾਮ ਜ਼ਿਆਦਤੀਆਂ ਕਰਨ ਤਾਂ ਉਪਰ ਵਾਲਾ ਅਜਿਹੇ ਦੁਸ਼ਟਾਂ ਨੂੰ ਸੋਧਣ ਲਈ ਮੇਰੇ ਵਰਗਿਆਂ ਨੂੰ ਭੇਜ ਦਿੰਦਾ ਹੈ। ਜਦੋਂ ਇਹਨਾਂ ਦੁਸ਼ਟਾਂ ਦੀ ਸਜ਼ਾ ਪੂਰੀ ਹੋ ਜਾਂਦੀ ਹੈ ਤਾਂ ਫਿਰ ਉਹੀ ਉਪਰਵਾਲਾ ਤੇਰੇ ਜਿਹੇ ਬੰਦੇ ਪੈਦਾ ਕਰਦਾ ਹੈ ਤਾਂ ਕਿ ਸੋਧਣ ਵਾਲੇ ਦਾ ਵੀ ਹਿਸਾਬ ਕਿਤਾਬ ਬਰਾਬਰ ਕੀਤਾ ਜਾਵੇ। ਇਸ ਕੈਦ ਸਮੇਂ ਵੀ ਮੈਨੂੰ ਪਤਾ ਲਗਾ ਕਿ ਬਾਜ਼ ਸਿੰਘ ਤੇ ਕਾਹਨ ਸਿੰਘ ਵੀ ਗ੍ਰਿਫਤਾਰ ਕਰਕੇ ਜਲੂਸ ਵਿਚ ਸ਼ਾਮਿਲ ਕੀਤੇ ਗਏ ਹਨ। ਇਸ ਵਕਤ ਬਾਬਾ ਬਿਨੋਦ ਸਿੰਘ ਨੇ ਚੋਖੀ ਰਿਸ਼ਵਤ ਦੇ ਕੇ ਦਰੋਗੇ ਨੂੰ ਰਾਜੀ ਕਰ ਲਿਆ ਕਿ ਉਹ ਕੈਦੀਆਂ ਦੀ ਗਿਣਤੀ ਪੂਰੀ ਕਰਨ ਲਈ ਇਕ ਗ਼ਰੀਬ ਸਿੱਖ ਨੂੰ ਉਸਦੀ ਜਗ੍ਹਾ ਬਿਠਾ ਦਿੱਤਾ ਜਾਵੇ। ਲੋਕਾਂ ਲਈ ਇਹ ਘਟਨਾ ਅਸਚਰਜ ਜਨਕ ਹੋਵੇਗੀ ਮੈਂ ਬਾਬਿਆਂ ਦਾ ਕਿਰਦਾਰ ਪਹਿਲਾਂ ਹੀ ਜਾਣਦਾ ਸੀ। ਭਾਵੇਂ ਕਾਹਨ ਸਿੰਘ ਆਪਣੀ ਜਾਨ ਬਚਾਉਣ ਵਿਚ ਕਾਮਯਾਬ ਹੋ ਗਿਆ ਸੀ ਪਰ ਸਿੱਖ ਇਤਿਹਾਸ ਉਸਨੂੰ ਹਮੇਸ਼ਾਂ ਲਾਹਨਤਾਂ ਪਾਉਂਦਾ ਰਹੇਗਾ। ਇਸ ਘਟਨਾ ਨਾਲ ਸਮਝਦਾਰ ਸਿੰਘਾਂ ਨੂੰ ਇਹ ਵੀ ਪਤਾ ਲਗ ਗਿਆ ਹੋਵੇਗਾ ਕਿ ਬਾਬਾ ਬਿਨੋਦ ਸਿੰਘ ਦੀ ਮੁਗਲਾਂ ਨਾਲ ਪਹਿਲਾਂ ਹੀ ਪੂਰੀ ਅੱਟੀ ਸੱਟੀ ਸੀ, ਇਸੇ ਕਰਕੇ ਉਹ ਗੁਰਦਾਸ ਨੰਗਲ ਵਿਚੋਂ ਸਹੀ ਸਲਾਮਤ ਬਾਹਰ ਆ ਗਿਆ ਤੇ ਬੇਖ਼ੌਫ ਹੋਕੇ ਲਾਹੌਰ ਦਰਬਾਰੀਆਂ ਨੂੰ ਮਿਲਦਾ ਜੁਲਦਾ ਰਿਹਾ ਤੇ ਸਾਡੇ ਖ਼ਿਲਾਫ ਨਿਰੰਤਰ ਗੋਂਦਾਂ ਗੁੰਦਦਾ ਰਿਹਾ।

ਦੂਜੀ ਗਲ ਇਹ ਹੈ ਕਿ ਤੱਤ ਖ਼ਾਲਸਾ ਵਾਲੇ ਜਾਣ ਬੁਝ ਕੇ ਅਜਿਹੀਆਂ ਕਹਾਣੀਆਂ ਫੈਲਾਂਦੇ ਸਨ ਤਾਂ ਕਿ ਮੇਰੇ ਧੜੇ ਨੂੰ ਇਹ ਖ਼ਬਰ ਜਾਵੇ ਕਿ ਬਾਬਿਆਂ ਦਾ

ਮੁਗ਼ਲ ਸਰਕਾਰ ਨਾਲ ਕੋਈ ਲੈਣ ਦੇਣ ਨਹੀਂ ਸੀ। ਇਹ ਸਭ ਰਲੀਆਂ ਚੁਗ ਰਹੀਆਂ ਸਨ। ਜੇਕਰ ਬਾਬਾ ਕਾਹਨ ਸਿੰਘ ਜੰਮੂ ਦੇ ਸੂਬੇਦਾਰ ਜ਼ੱਕਰੀਆਂ ਖ਼ਾਨ ਦਾ ਮੁਲਾਜਿਮ ਸੀ ਤੇ ਉਹ ਪੰਜ ਸੌ ਸਿਪਾਹੀਆਂ ਤੇ ਘੋੜ ਸਵਾਰਾਂ ਦੇ ਜੱਥੇ ਦਾ ਮੁੱਖੀ ਸੀ ਤਾਂ ਉਸਨੂੰ ਕੈਦ ਕਿਵੇਂ ਕਰ ਲਿਆ ਗਿਆ ਤੇ ਉਸਨੂੰ ਆਪਣੇ ਆਪ ਨੂੰ ਛੁਡਾਉਣ ਲਈ ਕਿਸੇ ਦਰੋਗੇ ਨੂੰ ਰਿਸ਼ਵਤ ਕਿਉਂ ਦੇਣੀ ਪਈ। ਉਸਨੂੰ ਫਰਜ਼ੀ ਤੌਰ ਤੇ ਗ੍ਰਿਫਤਾਰ ਕੀਤਾ ਗਿਆ ਸੀ ਤੇ ਨਾਲ ਹੀ ਉਸਦੇ ਬਾਜ਼ ਸਿੰਘ ਵੀ ਸੀ। ਇਹ ਸ਼ਕਸ ਮੇਰੇ ਭਗੌੜੇ ਸਨ। ਇਹਨਾਂ ਨੂੰ ਕੇਵਲ.ਇਸ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ ਕਿ ਉਹ ਮੇਰੀਆਂ ਜੇਲ੍ਹ ਅੰਦਰ ਗਤੀਵਿਧੀਆਂ ਉਪਰ ਨਜ਼ਰ ਰੱਖਕੇ, ਮੁਗ਼ਲ ਸਰਕਾਰ ਨੂੰ ਸੂਚਿਤ ਕਰ ਸਕਣ। ਸਰਕਾਰ ਨੇ ਮੇਰੇ ਸਿੰਘ ਕੈਦੀਆਂ ਨੂੰ ਇਕ ਜਗਾ ਇਕੱਤਰ ਕੀਤਾ ਤੇ ਸੌ ਸੌ ਦੇ ਰੋਜ਼ਾਨਾਂ ਕਤਲਾਂ ਦਾ ਹੁਕਮ ਦਿੱਤਾ। ਮੈਂ ਤੇ ਮੇਰੇ ਸਰਦਾਰਾਂ ਨੂੰ ਮਹਿਰੌਲੀ ਵਿਖੇ ਲਿਜਾਇਆ ਗਿਆ। ਸਾਡੀ ਸਜ਼ਾ ਇਸ ਕਰਕੇ ਮੁਲਤਵੀ ਕੀਤੀ ਗਈ ਤਾਂ ਕਿ ਖ਼ਾਲਸਾ ਫੌਜ ਦੇ ਖ਼ਜ਼ਾਨੇ ਦਾ ਪੂਰਾ ਖੁਰਾ ਖੋਜ ਕੱਢਿਆ ਜਾਵੇ ਅਤੇ ਮੇਰੇ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ ਜਾਵੇ। ਸਾਡਾ ਕੋਈ ਖ਼ਜ਼ਾਨਾ ਨਹੀਂ ਸੀ। ਅਸੀਂ ਤਾਂ ਆਪਣੇ ਖ਼ਜ਼ਾਨੇ ਨੂੰ ਨਾਲ-ਨਾਲ ਹੀ ਖ਼ਤਮ ਕਰ ਦਿੰਦੇ ਸੀ। ਜੇਕਰ ਕੋਈ ਹੁੰਦਾ ਤਾਂ ਬਾਬਿਆਂ ਨੇ ਜ਼ਰੂਰ ਮੁਗ਼ਲ ਸਰਕਾਰ ਨੂੰ ਖ਼ਬਰ ਕਰ ਦੇਣੀ ਸੀ। ਸਾਡੇ ਕੋਲੋਂ ਇਸ ਲਈ ਸਰਕਾਰ ਨੂੰ ਬਹੁਤੀ ਜਾਣਕਾਰੀ ਨਾ ਮਿਲ ਸਕੀ।

ਮੈਨੂੰ ਇਸ ਦੌਰਾਨ ਇਹ ਪਤਾ ਲਗਾ ਕਿ ਜਦੋਂ ਮੇਰੇ ਸਿੰਘਾਂ ਨੂੰ ਸੌ ਸੌ ਕਰਕੇ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਬਾਦਸ਼ਾਹ ਵਲੋਂ ਇਹ ਖੁਲ੍ਹੀ ਪੇਸ਼ਕਸ਼ ਸੀ ਕਿ ਜੇਕਰ ਇਹ ਕੈਦੀ ਇਸਲਾਮ ਕਬੂਲ ਕਰ ਲੈਣ ਤਾਂ ਉਹਨਾਂ ਦੀ ਜਾਨ ਬਖ਼ਸ਼ੀ ਹੋ ਸਕਦੀ ਹੈ। ਮੈਨੂੰ ਇਹ ਜਾਣਕੇ ਰੂਹਾਨੀ ਖ਼ੁਸ਼ੀ ਹੋਈ ਕਿ ਕਿਸੇ ਵੀ ਸਿੰਘ ਨੇ ਆਪਣਾ ਧਰਮ ਨਹੀਂ ਬਦਲਿਆ ਤੇ ਸਰਕਾਰ ਵਲੋਂ ਕਿਸੇ ਵੀ ਸਹੂਲਤ ਜਾਂ ਲਾਲਚ ਨੂੰ ਸਵੀਕਾਰ ਨਹੀਂ ਕੀਤਾ। ਉਹ ਅਖੀਰਲੇ ਦੰਮ ਤਕ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਰਹੇ। ਉਹ ਤਾਂ ਇਕ ਦੂਜੇ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਕਰਨ ਦੇ ਚਾਹਵਾਨ ਸਨ। ਉਸ ਵਕਤ ਵੇਖਣ ਵਾਲੇ ਦੰਗ ਰਹਿ ਗਏ ਸਨ ਕਿ ਅਜਿਹਾ ਪਹਿਲਾਂ ਕਦੀ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਹੋਇਆ। ਮੇਰੇ ਲਈ ਵੀ ਇਹ ਦਿਲ ਵਧਾਊ ਘਟਨਾ ਸੀ। ਮੈਨੂੰ ਇਹ ਜਾਣਕੇ ਖ਼ੁਸ਼ੀ ਹੋਈ ਕਿ ਜਦੋਂ ਇਕ ਨੌਜਵਾਨ ਸਿੰਘ ਨੂੰ ਨਿਰਦੋਸ਼ ਹੀ ਪਿੰਡ ਵਿਚੋਂ ਫੜਕੇ ਲਿਆਏ ਸਨ ਤਾਂ ਉਸਦੀ ਮਾਂ ਉਸ ਨੂੰ ਬਚਾਉਣ ਲਈ ਦਿੱਲੀ ਜਾ ਪਹੁੰਚੀ। ਉਸ ਨੌਜਵਾਨ ਦੇ ਕਤਲ ਕਰਨ ਬਾਰੇ ਬਾਦਸ਼ਾਹ ਵਲੋਂ ਕਾਗਜ਼ਾਤ ਜਲਾਦਾਂ ਪਾਸ ਪਹੁੰਚ ਚੁੱਕੇ ਸਨ। ਉਸਦੀ ਮਾਂ ਬਾਦਸ਼ਾਹ ਕੋਲ ਕਿਸੇ ਵਜ਼ੀਰ ਦੀ ਮਾਰਫਤ ਪਹੁੰਚ ਗਈ। ਬਾਦਸ਼ਾਹ ਨੇ ਨੌਜਵਾਨ ਦੀ ਮਾਂ ਦੀ ਵਿਥਿਆ ਸੁਣੀ ਕਿ ਉਹ ਤਾਂ ਸਿੱਖ ਹੀ ਨਹੀਂ, ਉਸਨੂੰ ਨਜਾਇਜ਼ ਫੜਿਆ ਗਿਆ ਹੈ ਬਾਦਸ਼ਾਹ ਨੇ ਮਾਂ ਦੀ ਫਰਿਆਦ ਸੁਣਕੇ ਉਸ ਨੌਜਵਾਨ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਜਦ ਹੁਕਮ ਦੇ ਕਾਗਜ਼ ਲੈਕੇ,

ਉਹ ਜਲਾਦ ਪਾਸ ਪਹੁੰਚੀ ਤਾਂ ਹੁਕਮ ਪੜ੍ਹਕੇ ਜਲਾਦ ਨੂੰ ਰੋਕ ਦਿੱਤਾ ਗਿਆ। ਜਦੋਂ ਉਸ ਨੌਜਵਾਨ ਸਿੱਖ ਨੂੰ ਆਪਣੀ ਮਾਂ ਦੀ ਕਹਾਣੀ ਦਾ ਪਤਾ ਲਗਾ ਤਾਂ ਉਹ ਜਲਾਦਾਂ ਨੂੰ ਕਹਿਣ ਲਗਾ, ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਤਨੋਂ ਮਨੋਂ ਗੁਰੂ ਦਾ ਸਿੱਖ ਹਾਂ। ਮੈਨੂੰ ਜਲਦੀ ਆਪਣੇ ਸਾਥੀਆਂ ਕੋਲ ਭੇਜੋ। ਉਸਨੂੰ ਫਿਰ ਕਤਲ ਕਰਨ ਲਈ ਭੇਜ ਦਿੱਤਾ ਗਿਆ ਮਾਂ ਨੂੰ ਮੂੰਹ ਦੀ ਖਾਣੀ ਪਈ। ਸ਼ਾਬਾਸ਼!

ਤਿੰਨ ਮਹੀਨੇ ਆਪਣੀ ਮੁਕਤੀ ਦੀ ਇੰਤਜ਼ਾਰ ਕਰਨ ਉਪਰੰਤ ਸਾਡੀ ਵਾਰੀ ਵੀ ਆਈ। ਕਤਲ ਕਰਨ ਤੋਂ ਪਹਿਲਾਂ ਇਕ ਦਿਨ ਮੈਨੂੰ ਬਾਦਸ਼ਾਹ ਕੋਲ ਪੇਸ਼ ਕੀਤਾ ਗਿਆ। ਬਾਦਸ਼ਾਹ ਫਾਰੁਖਸ਼ੀਅਰ, ਬਹਾਦਰ ਸ਼ਾਹ ਵਾਂਗ ਮੇਰੇ ਤੇ ਮੇਰੇ ਸਿੰਘਾਂ ਪਾਸੋਂ ਕਾਫੀ ਭੈਭੀਤ ਸੀ। ਬਹਾਦਰ ਸ਼ਾਹ ਤਾਂ ਰਾਤ ਦਿਨ ਮੇਰੇ ਸੁਪਨੇ ਲੈਂਦਾ ਮੇਰੀਆਂ ਨਿੱਤ ਦੀਆਂ ਕਾਰਵਾਈਆਂ ਸੁਣਕੇ ਇਕ ਘੋਰ ਮਾਨਸਿਕ ਸੰਕਟ ਵਿਚੋਂ ਗੁਜ਼ਰ ਰਿਹਾ ਸੀ। ਇਸੇ ਆਲਮ ਵਿਚ ਹੀ ਉਸਨੂੰ ਦਿਮਾਗੀ ਦੌਰੇ ਪੈਣ ਲਗ ਪਏ ਤੇ ਅਖ਼ੀਰ ਉਹ ਪਾਗਲ ਹੋਕੇ ਮਰ ਗਿਆ ਸੀ। ਉਸਦਾ ਭਤੀਜਾ ਫਾਰੁਖਸੀਅਰ ਵੀ ਕੋਈ ਮਜ਼ਬੂਤ ਤੇ ਸੂਝਵਾਨ ਬਾਦਸ਼ਾਹ ਨਹੀਂ ਸੀ। ਉਹ ਤਾਂ ਕਿਸੇ ਨਾ ਕਿਸੇ ਤਰ੍ਹਾਂ ਮੈਨੂੰ ਗ੍ਰਿਫਤਾਰ ਕਰਨ ਵਿਚ ਹੀ ਆਪਣੀ ਸਮੁੱਚੀ ਰਾਜਨੀਤਕ ਤਾਕਤ ਝੋਕ ਰਿਹਾ ਸੀ। ਇਸ ਬਾਦਸ਼ਾਹ ਨੇ ਮੈਨੂੰ ਪੁਛਿਆ, ਬੰਦਿਆ ਤੂੰ ਆਪਣੇ ਵਾਸਤੇ ਕਿਹੋ ਜਿਹੀ ਮੌਤ ਚਾਹੇਂਗਾ? ਇਹ ਸੁਣਕੇ ਮੈਂ ਯਕਦਮ ਬੋਲਿਆ, ਜਿਹੋ ਜਿਹੀ ਬਾਦਸ਼ਾਹ ਆਪ ਆਪਣੀ ਮੌਤ ਚਾਹੇਗਾ। ਇਤਿਹਾਸ ਗਵਾਹ ਹੈ ਕਿ ਫਾਰੁਖਸ਼ੀਅਰ ਨੂੰ ਵੀ ਉਹੀ ਮੌਤ ਮਿਲੀ ਜੋ ਮੈਨੂੰ ਮਿਲੀ ਸੀ। ਇਹ ਹੋਣਾ ਕੁਦਰਤੀ ਸੀ।

ਮੈਨੂੰ ਇਹ ਵੀ ਖ਼ਬਰ ਮਿਲੀ ਕਿ ਮੇਰੇ ਸਿੰਘ ਸ਼ਹੀਦੀ ਸਮੇਂ ਬੜੀ ਚੜ੍ਹਦੀ ਕਲ੍ਹਾ ਵਿਚ ਰਹੇ ਹਨ। ਉਹ ਕੈਦ ਸਮੇਂ ਇਕ ਪਲ ਵੀ ਨਹੀਂ ਡੋਲੇ ਤੇ ਆਪਣੇ ਸਿੱਖੀ ਸਿਦਕ ਤੇ ਕਾਇਮ ਰਹੇ ਸਨ। ਉਹ ਆਖ਼ਰੀ ਦਮ ਤੱਕ ਅਡੋਲ ਤੇ ਬੇਖੌਫ ਰਹੇ। ਉਹਨਾਂ ਨੂੰ ਧਰਮ ਬਦਲਣ ਤੋਂ ਬਿਨਾਂ ਕਈ ਲਾਲਚ ਤੇ ਨਜ਼ਰਾਨੇ ਭੇਂਟ ਕਰਨ ਦੇ ਵਾਅਦੇ ਦਿੱਤੇ ਗਏ ਪਰ ਕੋਈ ਵੀ ਸਿੰਘ, ਸਭਨਾਂ ਵਿਚੋਂ, ਇਹਨਾਂ ਲਾਲਚਾਂ ਤੇ ਧਮਕੀਆਂ ਹੇਠਾਂ ਨਾ ਆਇਆ। ਉਹਨਾਂ ਦਾ ਵਿਚਾਰ ਸੀ ਕਿ ਮਰਨਾ ਤਾਂ ਇਕ ਦਿਨ ਹੈ ਹੀ ਹੈ, ਕਿਉਂ ਨਾ ਯੋਧਿਆਂ ਵਾਂਗ ਮਰਿਆ ਜਾਵੇ। ਮੈਨੂੰ ਇਕ ਹੋਰ ਸਿੰਘ ਬਾਰੇ ਵੀ ਦਸਿਆ ਗਿਆ ਕਿ ਉਹਨੂੰ ਸਾਡੀ ਫੌਜ ਜਾਂ ਕਿਲ੍ਹੇ ਵਿਚੋਂ ਨਹੀਂ ਸੀ ਫੜਿਆ ਗਿਆ ਸਗੋਂ ਗਿਣਤੀ ਪੂਰੀ ਕਰਨ ਲਈ ਇਧਰੋਂ ਉਧਰੋਂ ਗ੍ਰਿਫਤਾਰ ਕਰਕੇ ਸਾਡੇ ਵਿਚ ਸ਼ਾਮਲ ਕੀਤਾ ਗਿਆ ਸੀ। ਉਸ ਨੌ ਜਵਾਨ ਦੀ ਮਾਂ ਤੇ ਘਰਵਾਲੀ ਫੌਜ਼ਦਾਰ ਅਗੇ ਪੇਸ਼ ਹੋਈ ਕਿ ਉਸਦਾ ਲੜਕਾ ਬੰਦਾ ਸਿੰਘ (ਮੇਰੀ) ਦੀ ਫੌਜ ਦਾ ਸਿੰਘ ਨਹੀਂ ਸੀ ਤੇ ਉਸਨੂੰ ਨਜਾਇਜ਼ ਫੜਿਆ ਗਿਆ ਹੈ। ਜਦੋਂ ਉਸ ਨਵੇਂ ਵਿਆਹੇ ਨੌਜਵਾਨ ਨੂੰ ਜਿਹੜਾ ਆਪਣੀ ਮਨ ਮਰਜ਼ੀ ਨਾਲ ਖ਼ਾਲਸਾ ਫੌਜ ਦੀ ਕੈਦੀਆਂ ਵਿਚ ਸ਼ਾਮਿਲ ਹੋਇਆ ਸੀ, ਫੌਜਦਾਰ ਨੂੰ ਆਖਣ ਲਗਾ, ਜਨਾਬ ਇਹ ਮੇਰੀ ਮਾਂ ਜਾਂ ਘਰ ਵਾਲੀ ਨਹੀਂ, ਇਹ ਕੁਫਰ ਤੋਲ

ਰਹੀਆਂ ਹਨ। ਜਲਾਦਾਂ ਨੂੰ ਆਖ਼ਿਰ ਉਹਨੂੰ ਵੀ ਕਤਲ ਕਰਨਾ ਪਿਆ। ਵਜ਼ੀਰ ਦਾ ਹੁਕਮ ਧਰਿਆ ਧਰਾਇਆ ਰਹਿ ਗਿਆ।

ਗੁਰੂ ਜੀ ਦੇ ਸਿੱਖ ਅਣਖ ਤੇ ਸ਼ਾਨ ਨਾਲ ਜੀਣਾ ਜਾਣਦੇ ਹਨ। ਇਹ ਜੀਵਨ ਜਾਂਚ ਗੁਰਾਂ ਨੇ ਸਾਨੂੰ ਖ਼ੁਦ ਦਿੱਤੀ ਹੈ ਤੇ ਆਪਣੇ ਮਾਤ ਲੋਕੀ ਜੀਵਨ ਵਿਚ ਉਹਨਾਂ ਅਣਖ ਤੇ ਆਬਰੂ ਸਹਿਤ ਜੀ ਕੇ ਸੰਸਾਰ ਲਈ ਇਕ ਅਦੁੱਤੀ ਮਿਸਾਲ ਪੇਸ਼ ਕੀਤੀ ਹੈ। ਮੈਂ ਜਦੋਂ ਆਪਣੇ ਸਾਥੀ ਸਿੰਘਾਂ ਤੇ ਗੁਰੂ ਜੀ ਪਾਸੋਂ ਉਹਨਾਂ ਦੀ ਜੀਵਨ ਗਾਥਾ ਸੁਣੀ ਸੀ ਤਾਂ ਮੈਂ ਕਈ ਰਾਤਾਂ ਸੌਂ ਨਹੀਂ ਸਕਿਆ ਸੀ। ਮੇਰੀ ਇਹ ਸੋਚ ਸੀ ਕਿ ਕੋਈ ਹਢ ਤੇ ਮਾਸ ਦਾ ਪੁਤਲਾ ਮਨੁੱਖੀ ਜਾਮੇ ਵਿਚ ਆਕੇ ਇਤਨੀਆਂ ਕੁਰਨੀਆਂ ਦੇਕੇ ਵੀ ਕਿਵੇਂ ਅਡੋਲ ਤੇ ਹਰੀ ਕਾਇਮ ਰਹਿ ਸਕਦਾ ਹੈ। ਅਜਿਹਾ ਜਿਗਰਾ ਮੈਂ ਅਜੇ ਤੱਕ ਕਿਸੇ ਇਨਸਾਨ ਦਾ ਨਹੀਂ ਸੀ ਵੇਖਿਆ ਤੇ ਨਾ ਹੀ ਇਤਿਹਾਸ ਵਿਚੋਂ ਪੜ੍ਹਿਆ ਸੁਣਿਆ ਸੀ। ਅਜਿਹੀ ਅਜ਼ੀਮ ਤੇ ਮਹਾਨ ਆਤਮਾਂ ਨਾਲ ਅਕਾਲ ਪੁਰਖ ਨੇ ਮੇਰਾ ਮੇਲ ਕਰਵਾਇਆ ਸੀ। ਮੈਂ ਇਸ ਸੁਨਹਿਰੀ ਮੌਕੇ ਨੂੰ ਹਥੋਂ ਕਿਵੇਂ ਗਵਾ ਸਕਦਾ ਸੀ? ਮੈਂ ਆਪਣਾ ਸੰਨਿਆਸ, ਆਪਣਾ ਡੇਰਾ ਤੇ ਚੇਲੇ ਚਾਂਟੇ ਸਭ ਕੁਝ ਤਿਆਗ ਕੇ ਗੁਰੂ ਜੀ ਪਾਸ ਆ ਗਿਆ। ਜਿਵੇਂ ਕੋਈ ਬਾਲਕ ਰੋਂਦਾ-ਰੋਂਦਾ ਆਪਣੀ ਮਾਂ ਕੋਲ ਆ ਕੇ ਸ਼ਾਂਤ ਹੋ ਜਾਂਦਾ ਹੈ, ਉਹੀ ਹਾਲਤ ਮੇਰੀ ਹੋਈ। ਬਚਪਣ ਤੋਂ ਹੀ ਮੇਰੇ ਦਿਲ ਵਿਚ ਇਕ ਭਟਕਣ ਪੈਦਾ ਹੋਈ ਸੀ ਜਿਹੜੀ ਮੇਰੀਆਂ ਕਈ ਪ੍ਰਾਪਤੀਆਂ ਦੇ ਬਾਵਜੂਦ ਵੱਧਦੀ ਜਾ ਰਹੀ ਸੀ। ਜੀਵਨ ਵਿਚ ਮੈਂ ਘਰ ਬਾਹਰ ਤਿਆਗ ਕੇ ਬਹੁਤ ਕੁਝ ਗਵਾਇਆ ਤੇ ਪਾਇਆ ਸੀ। ਸੰਨਿਆਸੀ ਜੀਵਨ ਨਾਲ ਭਾਵੇਂ ਮੈਂ ਪਰਿਵਾਰਕ ਬੰਧਨਾਂ ਤੋਂ ਛੁੱਟ ਗਿਆ ਸੀ ਪਰ ਮੇਰੀ ਅੰਤਰ ਆਤਮਾਂ ਹਾਲੇ ਵੀ ਬੇਚੈਨ ਸੀ। ਇਸਨੂੰ ਸ਼ਾਂਤ ਕਰਨ ਲਈ ਮੈਂ ਕਈ ਕਈ ਦਿਨ ਭੁੱਖਾ ਪਿਆਸਾ ਰਿਹਾ ਤੇ ਕਈ ਕਿਸਮ ਦੇ ਜਾਪ ਕੀਤੇ। ਮੈਂ ਕਈ ਕਈ ਰੋਜ਼ ਇਕਾਂਤ ਵਿਚ ਵੀ ਗੁਜ਼ਾਰੇ। ਕਈ ਸਵਾਮੀਆਂ ਤੇ ਤਪੱਸਵੀਆਂ ਦੀ ਅਗਵਾਈ ਹੇਠ ਕਈ ਕਿਸਮ ਦੇ ਕਰਮ ਕਾਂਡਾਂ ਵਿਚੋਂ ਗੁਜ਼ਰਿਆ ਪਰ ਕੋਈ ਵੀ ਮੇਰੀ ਰੂਹ ਦਾ ਇਲਾਜ ਨਾ ਕਰ ਸਕਿਆ। ਮੇਰੀਆਂ ਦੁਨਿਆਵੀ ਪ੍ਰਾਪਤੀਆਂ ਦੇ ਨਾਲ-ਨਾਲ ਮੇਰੀ ਆਤਮਾਂ ਦੀ ਬੇਚੈਨੀ ਪਹਿਲੀ ਤਰ੍ਹਾਂ ਹੀ ਕਾਇਮ ਰਹੀ। ਨੰਦੇੜ ਡੇਰੇ ਵਿਚ ਮੇਰੇ ਹਜ਼ਾਰਾਂ ਸ਼ਰਧਾਲੂ ਤੇ ਲਖਾਂ ਪ੍ਰਸ਼ੰਸਕ ਸਨ ਤੇ ਮੇਰੀ ਤਾਂਤਰਿਕ ਵਿਦਿਆ ਤੋਂ ਪ੍ਰਭਾਵਤ ਸਨ।

ਪਰ ਜਦੋਂ ਗੁਰੂ ਜੀ ਮੇਰੇ ਪਾਸ ਡੇਰੇ ਆਏ। ਮੇਰੀਆਂ ਸਭ ਵਿਧੀਆਂ, ਰਿੱਧੀਆਂ, ਸਿੱਧੀਆਂ ਤੇ ਪ੍ਰਾਪਤੀਆਂ ਸਭ ਨਾਕਾਮ ਤੇ ਫਜ਼ੂਲ ਸਿੱਧ ਹੋਈਆਂ। ਗੁਰੂ ਸਾਹਿਬ ਦੀ ਇਕ ਝਲਕ ਨੇ ਮੇਰਾ ਜੀਵਨ ਬਦਲਕੇ ਰੱਖ ਦਿੱਤਾ। ਜਿਵੇਂ ਕੋਈ ਨਾਗ ਆਪਣੀ ਕੁੰਜ ਉਤਾਰ ਕੇ ਨਵਾਂ ਨਰੋਇਆ ਹੋ ਜਾਂਦਾ ਹੈ। ਇਸੇ ਤਰ੍ਹਾਂ ਚਲਕ ਪਲਕ ਵਿਚ ਹੀ ਮੇਰੇ ਕਰਮਕਾਂਡਾਂ ਦੀ ਕੁੰਜ ਉਤਰ ਗਈ ਤੇ ਮੈਂ ਸ਼ਾਂਤ ਹੋਕੇ ਗੁਰੂ ਜੀ ਦੇ ਚਰਨਾਂ ਵਿਚ ਢਹਿ ਪਿਆ। ਆਪਣੀ ਡੋਰ ਉਹਨਾਂ ਦੇ ਹਵਾਲੇ ਕਰ ਦਿੱਤੀ ਸੀ। ਮੈਂ ਪਿਛਲੇ ਅੱਠਾਂ

ਵਰ੍ਹਿਆਂ ਵਿਚ ਕੀਤਾ ਹੈ, ਜੋ ਵੀ ਪੰਜਾਬ ਵਿਚ ਆਕੇ ਜ਼ੁਲਮ ਵਿਰੁੱਧ ਯੁੱਧ ਕੀਤੇ ਹਨ, ਜਿੱਤੇ ਹਨ ਜਾਂ ਪਿੱਛੇ ਹਟਿਆਂ ਹਾਂ, ਇਹ ਸਭ ਕੁਝ ਮੇਰੇ ਕੋਲੋਂ ਗੁਰੂ ਜੀ ਨੇ ਕਰਵਾਇਆ ਹੈ। ਮੇਰੇ ਵਰਗੇ ਬੁਜ਼ਦਿਲ ਬੈਰਾਗੀ ਸਾਧ ਦੀ ਕੀ ਹਿੰਮਤ ਸੀ ਕਿ ਮੈਂ ਇਕ ਅਜ਼ੀਮ ਮੁਗਲ ਸਲੱਤਨ ਨਾਲ ਮੱਥਾ ਲਾ ਸਕਦਾ ਤੇ ਉਸਨੂੰ ਲੋਹੇ ਦੇ ਚਣੇ ਚਬਾਉਂਦਾ। ਮੈਨੂੰ ਇਹ ਕਬੂਲ ਕਰਨ ਵਿਚ ਕੋਈ ਝਿਜਕ ਜਾਂ ਨਿਮੋਸ਼ੀ ਨਹੀਂ ਕਿ ਮੈਂ ਇਤਨਾ ਬਹਾਦਰ ਨਹੀਂ ਸੀ ਜਿਤਨਾ ਦਸਵੇਂ ਪਾਤਸ਼ਾਹ ਨੇ ਮੈਨੂੰ ਬਣਾ ਦਿੱਤਾ ਸੀ। ਮੈਂ ਕਈ ਦਫਾ ਆਪਣੇ ਸਿੰਘਾਂ ਨੂੰ ਡੋਲਦੇ ਵੇਖਕੇ ਬੜੀ ਫੁਰਤੀ ਨਾਲ ਵੱਡੀ ਤੋਂ ਵੱਡੀ ਫੌਜ ਦੇ ਸਾਹਮਣੇ ਜਾ ਖੜਦਾ ਤੇ ਅੰਨ੍ਹੇਵਾਹ ਦੁਸ਼ਮਣਾਂ ਉਪਰ ਟੁੱਟ ਪੈਂਦਾ। ਮੈਨੂੰ ਇਹ ਵੇਖਕੇ ਹੈਰਾਨੀ ਹੁੰਦੀ ਕਿ ਮੈਂ ਜੀਂਦਾ ਜਾਗਦਾ ਕਿਵੇਂ ਵਾਪਿਸ ਆ ਗਿਆ ਤੇ ਉਹ ਮੇਰਾ ਟਾਕਰਾ ਕਰਨ ਦੀ ਜਗਾ ਮੈਦਾਨ ਕਿਉਂ ਛੱਡ ਜਾਂਦੇ? ਇਹ ਸਭ ਕਲਗੀਆਂ ਵਾਲੇ ਗੁਰੂ ਦੀ ਮੇਰੇ ਉਪਰ ਅਪਾਰ ਕਿਰਪਾ ਸੀ। ਵੇਖਣ ਵਾਲੇ ਦੱਸਦੇ ਹਨ ਕਿ ਸਤਿਗੁਰੂ ਜੀ ਵੀ ਮੈਦਾਨੇ ਜੰਗ ਵਿਚ ਇਸਤਰ੍ਹਾਂ ਜੂਝਣ ਲਗ ਪੈਂਦੇ ਸਨ ਕਿ ਦੁਸ਼ਮਣ ਦੀਆਂ ਸਫਾਂ ਵਿਚ ਭਾਜੜਾਂ ਤੇ ਤਰਥੱਲੀ ਮੱਚ ਜਾਂਦੀ ਸੀ। ਉਹਨਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਅੱਗੇ ਜਾਈਏ ਕਿ ਪਿੱਛੇ। ਅਜਿਹੀ ਨਿਡਰਤਾ ਦਾ ਝਲਕਾਰਾ ਉਹਨਾਂ ਮੈਨੂੰ ਵੀ ਸੌਂਪਿਆ ਸੀ ਤੇ ਅਜਿਹੀ ਚਿਣਗ ਉਹਨਾਂ ਮੈਨੂੰ ਵੀ ਲਾਈ ਹੋਈ ਸੀ। ਮੇਰਾ ਮੁਝ ਮੇਂ ਕਿਛੁ ਨਹੀਂ, ਜੋ ਕਿਛੁ ਹੈ ਸੋ ਤੇਰਾ, ਮੈਂ ਤਾਂ ਇਕ ਸਾਧਨ ਮਾਤਰ ਸੀ।

ਜਦੋਂ ਅਸੀਂ ਨੰਦੇੜ ਤੋਂ ਚਲੇ ਸੀ ਤਾਂ ਗੁਰੂ ਜੀ ਨੇ ਥਾਪਣਾ ਆਪਣੇ ਸਾਰੇ ਪ੍ਰਮੁੱਖ ਸਿੰਘਾਂ ਤੇ ਸਣੇ ਸਰਬਤ ਸਿੰਘਾਂ ਨੂੰ ਦਿੱਤੀ ਸੀ। ਇਹ ਸਿੰਘ ਪਹਿਲੇ ਦੌਰ ਵਿਚ ਮੇਰੇ ਅੰਗ ਸੰਗ ਰਹੇ ਤੇ ਮੇਰੇ ਮੋਢੇ ਨਾਲ ਮੋਢਾ ਮਿਲਾ ਕੇ ਸਰਹੰਦ ਦੇ ਪਰਗੰਨਿਆਂ ਵਿਚ ਜ਼ਾਲਮਾਂ ਨਾਲ ਜੂਝਦੇ ਰਹੇ। ਪਰ ਜਦੋਂ ਬਹਾਦਰ ਸ਼ਾਹ ਦੱਖਣ ਛੱਡਕੇ, ਸਾਡੇ ਵਿਰੁੱਧ ਕਾਰਵਾਈ ਕਰਨ ਤੇ ਸਾਡਾ ਸਫਾਇਆ ਕਰਨ ਲਈ ਪੰਜਾਬ ਵਿਚ ਆ ਵੜਿਆ ਤਾਂ ਉਸਨੇ ਆਪਣੇ ਮੁੱਖ ਜਰਨੈਲਾਂ ਤੇ ਹਿੰਦੂ ਸੈਨਾਪਤੀਆਂ ਨੂੰ ਮੇਰੇ ਸਿੰਘਾ ਵਿਰੁੱਧ ਜੰਗ ਵਿਚ ਝੋਕ ਦਿੱਤਾ ਤਾਂ ਪਾਸਾ ਪੁਠਾ ਪੈ ਗਿਆ। ਜਿੱਤਾਂ ਦਾ ਲਾਹਾ ਅਸਾਂ ਭਰਪੂਰ ਲਿਆ ਸੀ ਪਰ ਹੁਣ ਜਦੋਂ ਸਾਨੂੰ ਲਗਾਤਾਰ ਪਿੱਛੇ ਹੱਟਣਾ ਪੈ ਰਿਹਾ ਸੀ ਤੇ ਸਾਡੇ ਕਾਫੀ ਸਿੰਘ ਹਰ ਰੋਜ਼ ਸ਼ਹੀਦ ਹੋਣ ਲਗੇ ਤਾਂ ਮੇਰੇ ਸਾਥੀ ਮੇਰੇ ਹੌਂਸਲਾ ਦੇਣ ਦੇ ਬਾਵਜੂਦ ਡੋਲ ਗਏ ਸਨ। ਜਦੋਂ ਮੈਂ ਇਹਨਾਂ ਦੇ ਮਗਰ ਲਗਕੇ ਲੜਾਈ ਬੰਦ ਨਾ ਕਰਨ ਦਾ ਫੈਸਲਾ ਲਿਆ ਤਾਂ ਇਹ ਲੋਕ ਮੇਰੇ ਵਿਰੁੱਧ ਸਾਜਿਸ਼ਾਂ ਕਰਨ ਲਗੇ। ਮੈਂ ਤਾਂ ਖ਼ਾਲਸਾ ਰਾਜ ਨੂੰ ਬਚਾਉਣ ਵਿਚ ਬੁਰੀ ਤਰ੍ਹਾਂ ਮਸਰੂਫ ਸਾਂ ਪਰ ਇਹ ਲੋਕ ਆਪਣੇ ਕਦਮ ਦਿਨੋ ਦਿਨ ਪਿੱਛੇ ਖਿੱਚ ਰਹੇ ਸਨ। ਮੈਨੂੰ ਇਹਨਾਂ ਸਾਜਿਸ਼ਾਂ ਦਾ ਉਸ ਵਕਤ ਪਤਾ ਲਗਿਆ ਜਦੋਂ ਮੈਂ ਲੋਹਗੜ ਵਿਚ ਸੀ। ਜਦੋਂ ਮੈਂ ਇਹ ਕਿਲ੍ਹਾ ਛੱਡ ਕੇ ਪਹਾੜੀ ਇਲਾਕਿਆਂ ਵਿਚ ਚਲਾ ਗਿਆ ਤਾਂ ਇਹ ਲੋਕ ਮੇਰੇ ਪਿੱਛੇ ਨਾ ਆਏ ਤੇ ਦੁਸ਼ਮਣ

ਦੀਆਂ ਜੂਹਾਂ ਵਿਚ ਜਾਕੇ ਮੇਰੀ ਬਰਬਾਦੀ ਤੇ ਆਪਣੀ ਸਲਾਮਤੀ ਵਾਸਤੇ ਹੱਥ ਪੈਰ ਮਾਰਨ ਲਗੇ। ਮੈਂ ਸੋਚਦਾ ਸੀ ਕਿ ਜਦੋਂ ਇਹਨਾਂ ਨੂੰ ਪਤਾ ਲਗੇਗਾ ਕਿ ਅਸੀਂ ਗੁਰਦਾਸ ਨੰਗਲ ਕਿਲ੍ਹੇ ਵਿਚ ਪੂਰੀ ਤਰ੍ਹਾਂ ਤੇ ਬੁਰੀ ਤਰ੍ਹਾਂ ਘਿਰ ਗਏ ਹਾਂ ਤਾਂ ਇਹ ਆਪਣੇ ਬੰਦਾ ਸਿੰਘ ਵਲ ਭੱਜੇ ਆਉਣਗੇ। ਪਰ ਹੋਇਆ ਕੁਝ ਹੋ ਰਹੀ, ਜਿਸ ਬਾਰੇ ਕਦੇ ਮੈਂ ਸੁਪਨੇ ਵਿਚ ਵੀ ਕਿਆਸ ਨਹੀਂ ਸੀ ਕੀਤਾ। ਸ਼ਾਇਦ ਅਕਾਲ ਪੁਰਖ ਨੂੰ ਇਹੀ ਮੰਜ਼ੂਰ ਸੀ ਪਰ ਮੈਂ ਮੈਂ ਇਕ ਨਾਚੀਜ਼ ਉਪਰ ਵਾਲੇ ਦੀ ਲੀਲ੍ਹਾ ਤੋਂ ਬਿਲਕੁਲ ਅਣਜਾਣ ਸੀ। ਮੇਰੇ ਦਿਲ ਵਿਚ ਬਾਰ-ਬਾਰ ਇਹੀ ਖ਼ਿਆਲ ਆ ਰਿਹਾ ਸੀ ਕਿ ਜੇਕਰ ਮੇਰੇ ਸਿੰਘ ਇਕ ਜੁੱਟ ਹੋਕੇ ਮੁਗ਼ਲਾਂ ਨਾਲ ਟੱਕਰ ਲੈਂਦੇ ਤਾਂ ਸਾਡਾ ਅਜ ਉਹ ਹਾਲ ਨਹੀਂ ਸੀ ਹੋਣਾ, ਜੋ ਜਗ ਹਸਾਈ ਲਾਹੌਰ ਤੇ ਦਿੱਲੀ ਸ਼ਹਿਰਾਂ ਵਿਚ ਹੋਈ ਸੀ। ਬਾਝ ਭਰਾਵਾਂ ਮੈਂ ਮਾਰਿਆ ਗਿਆ ਤੇ ਜੀਂਦੇ ਉਹਨਾਂ ਵੀ ਨਹੀਂ ਰਹਿਣਾ ਜਿਹੜੇ ਮੇਰਾ ਸਾਥ ਛੱਡਕੇ ਮੁਗ਼ਲਾਂ ਦੀ ਗੋਦ ਵਿਚ ਜਾ ਬੈਠੇ। ਭਰਾਵਾਂ ਨਾਲ ਹੀ ਬਰਕਤਾਂ ਹੁੰਦੀਆਂ ਨੇ। ਭਰਾ ਪਿੱਠ ਦੇ ਗਏ ਤੇ ਬਰਕਤਾਂ ਵੀ ਉੱਡ ਪੁੱਡ ਗਈਆਂ। ਮੇਰੇ ਖੰਭ ਖੁਸ ਗਏ ਸਨ।

ਅੰਤਿਕਾ

ਜਦੋਂ ਬਾਦਸ਼ਾਹ ਫਾਰੁਖ਼ਸੀਅਰ ਸਿੰਘਾਂ ਨੂੰ ਤੇ ਮੈਨੂੰ ਗ੍ਰਿਫਤਾਰ ਕਰਨ ਵਿਚ ਕਾਮਯਾਬ ਹੋ ਗਿਆ ਤਾਂ ਉਸਨੇ ਇਸ ਮਹਾਨ ਫਤਹਿ ਦੇ ਪੂਰੀ ਸਲਤਨੱਤ ਵਿਚ ਜਸ਼ਨ ਮਨਾਉਣ ਦਾ ਫੈਸਲਾ ਕੀਤਾ। ਜਿੰਨਾਂ ਜਰਨੈਲਾਂ ਤੇ ਸੂਬੇਦਾਰਾਂ ਨੇ ਖ਼ਾਲਸਾ ਫੌਜ ਨੂੰ ਗੁਰਦਾਸ ਨੰਗਲ ਕਿਲ੍ਹੇ ਵਿਚੋਂ ਗ੍ਰਿਫਤਾਰੀ ਵਿਚ ਹਿੱਸਾ ਪਾਇਆ ਸੀ, ਉਹਨਾਂ ਨੂੰ ਖਿਲਤਾਂ ਤੇ ਨਕਦ ਇਨਾਮ ਦਿੱਤੇ ਗਏ। ਬਾਦਸ਼ਾਹ ਨੇ ਹਾਥੀ ਉਪਰ ਚੜ੍ਹਕੇ ਦਿੱਲੀ ਦੇ ਬਜ਼ਾਰਾਂ ਵਿਚ ਸਿਕਿਆਂ ਦਾ ਮੀਂਹ ਵਰਾਇਆ। ਬਹਾਦਰਸ਼ਾਹ ਵੀ ਸਾਨੂੰ ਫੜ੍ਹਕੇ ਫਨਾਹ ਕਰਨ ਦੇ ਸੁਪਨੇ ਲੈਂਦਾ ਦੁਨੀਆਂ ਤੋਂ ਲੱਦ ਗਿਆ। ਇਸੇ ਲਈ ਮੌਜੂਦਾ ਬਾਦਸ਼ਾਹ ਨੇ ਸ਼ਾਹੀ ਜਸ਼ਨ ਮਨਾਉਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਪਰ ਮੈਂ ਮਹਿਰੌਲੀ ਵਿਚ ਬੈਠਾ ਆਪਣੀ ਸ਼ਹਾਦਤ ਦੀ ਵਾਰੀ ਬੜੀ ਤੀਬਰਤਾ ਨਾਲ ਉਡੀਕ ਰਿਹਾ ਸੀ। ਬਾਦਸ਼ਾਹ ਦੇ ਜਸ਼ਨ ਵੇਖਕੇ ਮੈਨੂੰ ਉਸਦੀ ਬੁੱਧੀ ਤੇ ਤਰਸ ਆ ਰਿਹਾ ਸੀ। ਅਸਲ ਵਿਚ ਉਹ ਆਪਣੇ ਅਤੇ ਆਪਣੇ ਜਾਨਸ਼ੀਨਾਂ ਲਈ ਕੰਡੇ ਬੀਜ ਰਿਹਾ ਸੀ। ਆਪਣੇ ਹੱਥਾਂ ਨਾਲ ਹੀ ਮੁਗਲ ਰਾਜ ਦੀ ਕਬਰ ਪੁੱਟ ਰਿਹਾ ਸੀ। ਮੈਂ ਤੇ ਮੇਰੇ ਸਾਥੀ ਆਪਣਾ ਕੌਮੀ ਫਰਜ਼ ਨਿਭਾਅ ਚੁੱਕੇ ਸਨ। ਅਸੀਂ ਜੋ-ਜੋ ਰਾਹ ਉਲੀਕੇ ਹਨ ਤੇ ਪੂਰਨੇ ਪਾਏ ਹਨ, ਜੇਕਰ ਆਉਣ ਵਾਲੇ ਸਮੇਂ ਵਿਚ ਸਿੱਖ ਜਗਤ ਗੁਰੂ ਸਾਹਿਬਜ਼ਾਦੇ ਸੰਦੇਸ਼ਾਂ ਤੇ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਆਪਣੀ ਜੀਵਨ ਯਾਤਰਾ ਵਿਚ ਉਲੀਕਣਗੇ, ਤਾਂ ਮੁਗਲ ਰਾਜ ਦਾ ਬਰਬਾਦ ਹੋਣਾਂ ਤਹਿ ਹੈ ਤੇ ਖ਼ਾਲਸੇ ਦਾ ਰਾਜ ਆਉਣਾ ਲੋਹੇ ਤੇ ਲਕੀਰ ਹੈ।

ਇਕ ਦਿਨ ਮੁਗ਼ਲ ਹਾਕਮਾਂ ਨੇ ਮੈਨੂੰ ਤੇ ਮੇਰੇ ਛੱਬੀ ਸਰਕਰਦਾ ਸਾਥੀਆਂ ਨੂੰ ਹੋਰ ਜ਼ਲੀਲ ਤੇ ਪਰੇਸ਼ਾਨ ਕਰਨ ਦਾ ਪ੍ਰੋਗਰਾਮ ਬਣਾਇਆ। ਸਾਨੂੰ ਮਰੀਅਲ ਜਿਹੇ ਘੋੜਿਆਂ ਤੇ ਬਿਠਾਇਆ ਗਿਆ। ਮੇਰੇ ਸਮੇਤ ਸਭਨਾਂ ਦਾ ਮੂੰਹ ਕਾਲਾ ਕੀਤਾ ਗਿਆ ਤੇ ਹੱਥ ਪਿੱਛੇ ਬੰਨੇ ਗਏ। ਸਾਡੇ ਕੇਸ ਖਿਲਾਰੇ ਗਏ। ਸਾਨੂੰ ਦੋਬਾਰਾ ਸ਼ਹਿਰ ਦੇ ਮੁੱਖ ਬਜ਼ਾਰਾਂ ਵਿਚੋਂ ਲੰਘਾਇਆ ਗਿਆ। ਪਹਿਲਾਂ ਵਾਂਗ ਹੀ ਸਾਡੇ ਅਗੇ ਅਗੇ ਢੋਲ ਵਜਾਏ ਗਏ ਤੇ ਖੁਸਰੇ ਨਚਾਏ ਗਏ। ਸਾਡੇ ਸਿੰਘ ਹੁਣ ਨਵੇਂ ਮਾਹੌਲ ਅਨੁਸਾਰ ਢੱਲ ਚੁੱਕੇ ਸਨ। ਉਹ ਲੋਕਾਂ ਵਲ ਬੇਧਿਆਨੇ ਹੋਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰੀ ਜਾ ਰਹੇ ਸਨ। ਮੇਰੇ ਵਲ ਲੋਕ ਬੜੀ ਨੀਝ ਲਾਕੇ ਵੇਖ ਰਹੇ ਸਨ। ਇਹਨਾਂ ਲੋਕਾਂ ਨੇ ਸ਼ਾਇਦ ਪਹਿਲੀ ਵਾਰ ਅਜਿਹਾ ਜਲੂਸ ਵੇਖਿਆ ਸੀ। ਅਖ਼ੀਰ ਵਿਚ ਸਾਨੂੰ ਕੁਤਬ ਮਿਨਾਰ ਨਜ਼ਦੀਕ

ਬਹਾਦਰ ਸ਼ਾਹ ਦੇ ਮਕਬਰੇ ਪਾਸ ਲਿਜਾਇਆ ਗਿਆ ਅਤੇ ਉਸਦੀ ਪ੍ਰਕਰਮਾਂ ਕਰਵਾਈ ਗਈ। ਇਸ ਮੁਗ਼ਲ ਬਾਦਸ਼ਾਹ ਨੇ ਜੀਂਦਿਆਂ ਤਾਂ ਸਾਡੇ ਦਰਸ਼ਨ ਨਹੀਂ ਸੀ ਕੀਤੇ ਚਲੋ ਮਰਨ ਉਪਰੰਤ ਹੀ ਸੀ। ਉਹ ਸਾਨੂੰ ਵੇਖਕੇ ਆਪਣੀ ਕਬਰ ਵਿਚ ਵੀ ਕੰਬਿਆ ਹੋਵੇਗਾ। ਬਹੁਤੇ ਮੁਸਲਮਾਨ ਸਿੰਘਾਂ ਨੂੰ ਜ਼ਾਬਰ ਜਾਂ ਜ਼ਾਲਿਮ ਹੀ ਸਮਝਦੇ ਸਨ। ਦਿੱਲੀ ਦੇ ਲੋਕਾਂ ਨੂੰ ਵੀ ਮੁਗ਼ਲ ਸਰਕਾਰ ਨੇ ਸਾਡੇ ਅਜਿਹੇ ਅਕਸ ਬਾਰੇ ਹੀ ਅੰਧਾ ਧੁੰਦ ਪ੍ਰਚਾਰ ਕੀਤਾ ਸੀ। ਅਸੀਂ ਜੋ ਹਾਂ, ਇਸ ਬਾਰੇ ਸਾਨੂੰ ਕਿਸੇ ਹਕੂਮਤ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ। ਸਿੱਖਾਂ ਨੂੰ ਕੁੱਤੇ ਕਹਿਣ ਵਾਲਾ ਬਹਾਦਰਸ਼ਾਹ ਜਲਦੀ ਹੀ ਕੁੱਤੇ ਤੋਂ ਭੈੜੀ ਮੌਤੇ ਮਰਿਆ ਸੀ ਅਤੇ ਇਹ ਹੁਣ ਵਾਲਾ ਬਾਦਸ਼ਾਹ, ਜਿਸਨੇ ਜ਼ੁਲਮ, ਵਹਿਸ਼ੀਅਤ, ਦਰਿੰਦੇਪਣ ਤੇ ਕਮੀਨੇਪਣ ਦੀਆਂ ਸਭ ਹਦਾਂ ਪਾਰ ਕਰ ਲਈਆਂ ਸਨ, ਪਤਾ ਨਹੀਂ ਕਿਸ ਹੈਵਾਨ ਦੀ ਮੌਤੇ ਮਰੇਗਾ। ਇਸ ਤੋਂ ਬੁਜ਼ਦਿਲ ਤੇ ਕਮੀਨਾ ਬਾਦਸ਼ਾਹ ਹਾਲੇ ਮੈਂ ਨਹੀਂ ਸੀ ਵੇਖਿਆ।

ਜਿਸ ਦਿਨ ਮੇਰੀ ਵਾਰੀ ਆਈ, ਮੈਨੂੰ ਜਲਾਦਾਂ ਨੇ ਧੂਹਕੇ ਪਿੰਜਰੇ ਵਿਚੋਂ ਬਾਹਰ ਕੱਢਿਆ। ਮੇਰੇ ਛੋਟੇ ਮੋਟੇ ਪਾਕੇ ਛੱਬੀ ਜਰਨੈਲਾਂ ਨੂੰ ਮੇਰੇ ਤੋਂ ਪਹਿਲਾਂ ਕਤਲ ਕੀਤਾ ਜਾ ਚੁੱਕਾ ਸੀ। ਉਹਨਾਂ ਦੇ ਸਿਰ ਨੇਜਿਆਂ ਵਿਚ ਪਰੋਕੇ ਮੇਰੇ ਆਲੇ ਦੁਆਲੇ ਘੁਮਾਏ ਗਏ। ਬੜੇ ਦਿਨਾਂ ਪਿਛੋਂ ਮੈਂ ਉਹਨਾਂ ਦੇ ਦਰਸ਼ਨ ਕੀਤੇ ਸਨ। ਭਾਵੇਂ ਉਹਨਾਂ ਦੇ ਸਿਰ ਧੜ ਨਾਲੋਂ ਅਲੱਗ ਕਰ ਦਿੱਤੇ ਗਏ ਸਨ ਪਰ ਫਿਰ ਵੀ ਉਹਨਾਂ ਦੀ ਮੁਸਕਰਾਟ ਹਾਲੇ ਵੀ ਕਾਇਮ ਸਨ। ਉਹਨਾਂ ਦੇ ਮੂੰਹ ਖੁਲੇ ਹੋਏ ਸਨ, ਇੰਝ ਲਗ ਰਿਹਾ ਸੀ ਜਿਵੇਂ ਹੱਸ ਰਹੇ ਹੋਣ। ਮੈਂ ਵੀ ਉਹਨਾਂ ਵਲ ਵੇਖਕੇ ਮੁਸਕਰਾਉਣ ਲਗਾ। ਸ਼ਾਇਦ ਲਾਗੇ ਖੜੇ ਇਕ ਅਫ਼ਸਰ ਨੇ ਮੇਰੀ ਮੁਸਕਰਾਹਟ ਦਾ ਬੁਰਾ ਮਨਾਇਆ ਸੀ। ਉਸਨੇ ਜਲਾਦ ਨੂੰ ਜਲਦੀ ਕਰਨ ਲਈ ਕਿਹਾ। ਮੈਨੂੰ ਇਕ ਥੜੇ ਉਪਰ ਬਿਠਾਇਆ ਗਿਆ। ਇਸਲਾਮ ਜਾਂ ਮੌਤ ਦਾ ਸ਼ਾਹੀ ਫੁਰਮਾਨ ਇਕ ਵਾਰੀ ਫਿਰ ਮੈਨੂੰ ਪੜ੍ਹਕੇ ਸੁਣਾਇਆ ਗਿਆ। ਮੈਂ ਤੁਰੰਤ ਜਵਾਬ ਦਿੱਤਾ, ਮੌਤ। ਇਹ ਫੁਰਮਾਣ ਅਮੀਨ ਖਾਨ ਨੇ ਹੀ ਆਪ ਪੜ੍ਹਕੇ ਮੈਨੂੰ ਸੁਣਾਇਆ ਸੀ। ਮੇਰਾ ਜਵਾਬ ਸੁਣ ਕੇ ਉਸਨੂੰ ਝਟਕਾ ਜਿਹਾ ਲਗਾ ਪਰ ਮੇਰੇ ਜਿਹਰੇ ਦੀ ਮੁਸਕਾਨ ਹੋਰ ਗੂੜੀ ਹੋ ਗਈ। ਇਸ ਮੌਤ ਦਾ ਮੈਂ ਛੱਤੀ ਵਾਰੀ ਸਾਹਮਣਾ ਕੀਤਾ ਸੀ। ਮੈਂ ਉਡੀਕਦਾ ਹੀ ਰਿਹਾ ਸੀ। ਅਜ ਮੌਤ ਰਾਣੀ ਮੇਰੇ ਸਾਹਮਣੇ ਖੜੀ ਸੀ। ਮੈਨੂੰ ਝਟਕਾ ਦੇਣ ਲਈ ਮੇਰੇ ਤਿੰਨਾਂ ਸਾਲਾਂ ਦੇ ਪੁੱਤਰ ਅਜੇ ਸਿੰਘ ਨੂੰ ਮੇਰੇ ਅਗੇ ਸੁਟਿਆ ਤੇ ਉਸਨੂੰ ਕਤਲ ਕਰਨ ਲਈ ਮੇਰੇ ਹੱਥ ਛੁਰਾ ਫੜਾਇਆ। ਮੈਂ ਅਜਿਹਾ ਕਰਨ ਤੋਂ ਇਨਕਾਰ ਕੀਤਾ ਤਾਂ ਜਲਾਦ ਨੇ ਮੇਰੇ ਲੜਕੇ ਦਾ ਆਪ ਛੁਰੇ ਨਾਲ ਪੇਟ ਚੀਰਿਆ ਤੇ ਉਸ ਵਿਚੋਂ ਉਸਦਾ ਕਲੇਜਾ ਕੱਟ ਕੇ ਬਾਹਰ ਕੱਢਿਆ। ਕਲੇਜਾ ਅਜੇ ਤੜਪ ਰਿਹਾ ਸੀ। ਇਹੀ ਜਲਾਦ ਨੇ ਮੇਰੇ ਮੂੰਹ ਵਿਚ ਜਬਰ ਦਸਤੀ ਤੁੰਨਿਆ ਗਿਆ। ਦੋ ਤਿੰਨ ਜਲਾਦਾਂ ਨੂੰ ਮਿਲਕੇ ਇਹ ਹਰਕਤ ਕੀਤੀ। ਮੈਂ ਅਜੇ ਮੁਸਕਰਾ ਰਿਹਾ ਸੀ। ਜਲਾਦਾਂ ਨੇ ਲਾਗੇ ਖੜੇ ਫੌਜੀ ਅਫ਼ਸਰਾਂ ਦੇ ਇਸ਼ਾਰੇ ਉਪਰੰਤ ਜਮੂਰਾਂ ਨਾਲ ਇਕ-ਇਕ ਕਰਕੇ

ਮੇਰੀਆਂ ਅੱਖਾਂ ਕੱਢੀਆਂ ਤੇ ਫਿਰ ਮੇਰਾ ਅੰਗ ਅੰਗ ਤੋਂ ਮਾਸ ਨੋਚਿਆ ਗਿਆ। ਮੇਰੇ ਸਰੀਰ ਨੂੰ ਗਰਮ ਸਲਾਖਾਂ ਨਾਲ ਸਾੜਿਆ ਗਿਆ। ਫਿਰ ਮੇਰੇ ਇਕ ਇਕ ਕਰਕੇ ਪੈਰ ਤੇ ਹੱਥ ਵੱਢੇ ਗਏ। ਇਸ ਤੋਂ ਬਾਅਦ ਮੇਰਾ ਸਿਰ ਕਲਮ ਕੀਤਾ ਗਿਆ। ਮੈਂ ਆਖ਼ਰੀ ਦਮ ਤੱਕ ਸਤਿਨਾਮ ਵਾਹਿਗੁਰੂ ਬੋਲਦਾ ਰਿਹਾ ਅਤੇ ਆਪਣੇ ਸਤਿਗੁਰੁ ਨੂੰ ਸਾਹਮਣੇ ਹਾਜ਼ਿਰ ਨਾਜ਼ਰ ਵੇਖਦਾ ਰਿਹਾ। ਇਸੇ ਲਈ ਅਖ਼ੀਰਲੇ ਦੰਮਾਂ ਤੱਕ ਮੈਂ ਇਹ ਸਭ ਕੁਝ ਵੇਖਕੇ ਘਬਰਾਇਆ ਨਹੀਂ ਸੀ। ਵੇਖਣ ਵਾਲੇ ਭਾਵੇਂ ਹੈਰਾਨ ਹੋਏ ਹੋਣ ਪਰ ਮੈਂ ਤਾਂ ਆਪਣੇ ਗੁਰੂ ਦੀ ਗੋਦ ਵਿਚ ਬੈਠਾ, ਉਸਦੀਆਂ ਰਹਿਮਤਾਂ ਦਾ ਨਿੱਘ ਮਾਣ ਰਿਹਾ ਸੀ।

ਭਾਵੇਂ ਮੇਰੇ ਦੁਆਲੇ ਖੜੇ ਅਮੀਰ ਵਜ਼ੀਰ ਮੇਰਾ ਅੰਤ ਵੇਖਕੇ ਗਦ-ਗਦ ਹੋ ਰਹੇ ਸਨ ਪਰ ਇਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਉਹ ਆਪਣੇ ਹੱਥੀਂ ਆਪਣੀ ਸਲਤਨੱਤ ਦੀ ਬਰਬਾਦੀ ਦੇ ਬੀਜ ਬੋ ਰਹੇ ਸਨ। ਮੇਰਾ ਵਿਸ਼ਵਾਸ਼ ਸੀ ਕਿ ਸਿੱਖ ਕੌਮ ਨੂੰ ਪੱਕੇ ਪੈਰਾਂ ਤੇ ਹੋਣ ਲਈ ਅਜਿਹੀਆਂ ਕੁਰਬਾਨੀਆਂ ਦੀ ਸਖ਼ਤ ਲੋੜ ਸੀ। ਹਾਲੇ ਸਿੱਖੀ ਨੂੰ ਪੈਦਾ ਹੋਇਆਂ ਕੇਵਲ ਸੌਲਾਂ ਸਾਢੇ ਸੌਲਾ ਸਾਲ ਹੋਏ ਸਨ। ਹਾਲੇ ਸਿੱਖਾਂ ਵਿਚ ਅਨੇਕਾਂ ਕਮਜ਼ੋਰੀਆਂ ਸਨ, ਜਿੰਨਾਂ ਕਰਕੇ ਉਹਨਾਂ ਨੂੰ ਸਭ ਕੁਝ ਹੁੰਦਿਆਂ ਵੀ ਖੱਜਲ ਖ਼ਰਾਬ ਹੋਣਾ ਪਿਆ ਸੀ। ਹਾਲੇ ਸਿਦਕ ਦੀ ਘਾਟ ਸੀ। ਇਤਫਾਕ ਦੀ ਕਮੀ ਸੀ। ਹਾਲੇ ਸਿੱਖ ਮਨਮੁੱਖ ਵਧੇਰੇ ਤੇ ਗੁਰਮੁਖ ਘਟ ਸਨ। ਉਹਨਾਂ ਦੀਆਂ ਸੌੜੀਆਂ ਸੋਚਾਂ ਨੇ ਕੌਮ ਦੀ ਹੇਠੀ ਕਰਵਾਈ ਸੀ। ਲੋਕ ਸਾਨੂੰ ਕਤਲ ਕਰਕੇ ਸ਼ਾਇਦ ਇਹ ਸੋਚਦੇ ਹਨ ਕਿ ਬਲਾਅ ਟਲ ਗਈ ਹੈ। ਪਰ ਸਾਡੇ ਦੁਸ਼ਮਣਾਂ ਨੇ ਸਾਨੂੰ ਕਤਲ ਕਰਕੇ ਸਦਾ ਲਈ ਜਿੰਦਾ ਕਰ ਦਿੱਤਾ ਸੀ। ਜਦੋਂ ਅਸੀਂ ਦੂਨੀ ਚੰਦ ਦੀ ਹਵੇਲੀ ਵਿਚ ਘਿਰ ਗਏ ਸੀ ਤੇ ਅੱਠਵਾਂ ਮਹੀਨਾ ਚਲ ਰਿਹਾ ਸੀ ਤੇ ਜਿੰਨਾਂ ਸਿੰਘਾਂ ਨੇ ਬਹਾਨੇ ਬਾਜ਼ੀ ਨਾਲ ਜਾਨ ਬਚਾਉਣੀ ਸੀ, ਉਹ ਸਾਰੇ ਬਾਹਰ ਜਾ ਚੁੱਕੇ ਸਨ। ਅਸੀਂ ਅੱਠ ਕੁ ਸੌ ਸਿੰਘ ਹਾਲੇ ਹਰੀ ਕਾਇਮ ਸੀ। ਮੈਂ ਇਕ ਦਿਨ ਉਹਨਾਂ ਨੂੰ ਇਕ ਜਗ੍ਹਾ ਇਕੱਠੇ ਕਰਕੇ ਆਖਿਆ ਸੀ, ਖ਼ਾਲਸਾ ਜੀ ਭਾਵੇਂ ਸਾਡੇ ਗਰਜਮੰਦ ਤੇ ਗ਼ਦਾਰ ਸਿੱਖਾਂ ਨੇ ਸਾਡਾ ਸਾਥ ਛੱਡਕੇ ਮੁਗ਼ਲ ਫੌਜ ਨਾਲ ਅੱਟੀ ਸੱਟੀ ਰਲਾ ਲਈ ਹੈ ਤੇ ਆਪਣੇ ਆਪ ਨੂੰ ਮਹਿਫੂਜ ਕਰਕੇ ਉਹ ਬੈਠ ਗਏ ਹਨ। ਪਰ ਖ਼ਾਲਸਾ ਜੀ, ਆਉਣ ਵਾਲੇ ਸਮੇਂ ਵਿਚ ਲੋਕ ਇਹਨਾਂ ਸਿੰਘਾਂ ਨੂੰ ਲਾਹਨਤਾਂ ਪੌਣਗੇ ਤੇ ਸਾਡੇ ਸੋਹਲੇ ਗਾਉਣਗੇ। ਅਸਾਂ ਜੀਂਦਿਆਂ ਵੀ ਮਰਦਾਨਗੀ ਤੇ ਸਿੱਖੀ ਸਿਦਕ ਦਾ ਸਬੂਤ ਦਿੱਤਾ ਹੈ। ਸਿੱਖੀ ਨੂੰ ਕਦੀ ਆਂਚ ਨਹੀਂ ਆਉਣ ਦਿੱਤੀ ਤੇ ਅਜ ਜੇਕਰ ਮੁਗ਼ਲ ਫੌਜ ਸਾਨੂੰ ਗ੍ਰਿਫਤਾਰ ਵੀ ਕਰ ਲਵੇ ਤਾਂ ਅਸਾਂ ਸਭਨਾਂ ਨੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਉਣੀ ਹੈ। ਅਜਿਹਾ ਕਰਕੇ ਹੀ ਅਸੀਂ ਆਪਣੇ ਭਗੌੜੇ ਸਾਥੀਆਂ ਨਾਲ ਸਾਡੀ ਹੋਈ ਜ਼ਲਾਲਤ ਤਾ ਬਦਲਾ ਲੈ ਸਕਦੇ ਹਾਂ। ਪਾਹਲਾਂ ਲੋਕ ਸਾਨੂੰ ਲੜਦਿਆਂ ਵੇਖਕੇ ਦੰਗ ਰਹਿ ਜਾਂਦੇ ਸਨ ਅੱਜ ਮਰਦਿਆਂ ਵੇਖਕੇ ਵੀ ਮੂੰਹ ਵਿਚ ਉਂਗਲਾਂ ਪਾਉਣਗੇ। ਇਸ ਤਰ੍ਹਾਂ ਹੀ ਅਸੀਂ ਆਪਣੇ

ਪਾਜੀ ਸਿੰਘਾਂ ਦੀ ਬੁਜ਼ਦਿਲੀ ਦੀ ਜੋ ਸਾਡੇ ਕਾਲਖ ਲਗੀ ਹੈ, ਉਸਨੂੰ ਆਪਣੀ ਮਰਦਾਨਗੀ ਮੌਤ ਨਾਲ ਉਤਾਰ ਸਕਦੇ ਹਾਂ।

ਭਾਵੇਂ ਮੈਨੂੰ ਤੇ ਮੇਰੇ ਸੂਰਬੀਰ ਸਾਥੀਆਂ ਨੂੰ ਬਾਦਸ਼ਾਹੀ ਫੌਜਾਂ ਨੇ ਹਦ ਤੋਂ ਵਧ ਜ਼ਲੀਲ ਤੇ ਕੋਹ ਕੋਹ ਕੇ, ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਸੀ ਪਰ ਮੈਂ ਆਪਣੇ ਸਿੱਖ ਭਰਾਵਾਂ ਵਿਚ ਸਵੈਮਾਣ ਤੇ ਅਜ਼ਾਦੀ ਦੇ ਦੀਪਕ ਬਾਲ ਦਿੱਤੇ ਸਨ। ਪੰਜਾਬ ਦੇ ਲੋਕਾਂ ਨੂੰ ਵਿਸਰ ਹੀ ਗਿਆ ਸੀ ਕਿ ਅਜ਼ਾਦੀ ਵੀ ਕੋਈ ਸ਼ਕਤੀ ਹੁੰਦੀ ਹੈ, ਜਿਹੜੀ ਇਨਸਾਨੀ ਜੀਵਨ ਲਈ ਲਾਜ਼ਮੀ ਹੈ ਪਰ ਸਾਡੇ ਬਹੁਤ ਲੋਕ, ਆਪਣੇ ਭਾਗਾਂ ਨਾਲ ਸਮਝੌਤਾ ਕਰਕੇ, ਦਾਸਾਂ ਵਾਲੀ ਜ਼ਿੰਦਗੀ ਜੀਣ ਲਈ ਤਿਆਰ ਹੋ ਗਏ ਸਨ। ਉਹਨਾਂ ਦੇ ਹੁਕਮਰਾਨ, ਜ਼ਿੰਦਗੀ ਦੀਆਂ ਤਮਾਮ ਸਹੂਲਤਾਂ ਤੇ ਖੁਲ੍ਹਾ ਮਾਣਦੇ ਹੋਏ ਜੀਵਨ ਦਾ ਲੁਤਫ ਲੈ ਰਹੇ ਸਨ। ਉਹਨਾਂ ਨੇ ਸਾਨੂੰ ਜ਼ਬਰ ਦਸਤੀ ਭੇਡਾਂ ਬਕਰੀਆਂ ਬਣਾ ਲਿਆ ਸੀ। ਅਸੀਂ ਬਿੱਲੀਆਂ ਬਣਕੇ ਆਪਣੇ ਦਰਦਾਂ ਭਰੇ ਜੀਵਨ ਬਸਰ ਕਰ ਰਹੇ ਸੀ। ਸਾਡੇ ਹੁਕਮਰਾਨਾ ਨੇ ਸਾਡੀ ਸਭਿਅਤਾ ਤੇ ਸੰਸਕ੍ਰਿਤੀ ਦਾ ਮਜ਼ਾਕ ਉਡਾਇਆ ਸੀ। ਸਾਡੇ ਧਰਮ ਨੂੰ ਕਾਫਿਰਾਂ ਦਾ ਧਰਮ ਗਰਦਾਨਿਆ ਸੀ। ਸਾਡੀ ਕੌਮ ਤੇ ਨਸਲ ਨੂੰ ਉਹਨਾਂ ਕਮੀਨਾ ਤੇ ਬੁਜ਼ਦਿਲ ਕਹਿਕੇ ਭੰਡਿਆ ਸੀ। ਅਸੀਂ ਬ੍ਰਾਹਮਣਾਂ ਨੂੰ ਸਰੇਸ਼ਟ ਤੇ ਸਿਆਣੇ ਸਮਝਕੇ ਉਹਨਾਂ ਦੇ ਮਗਰ ਮਗਰ ਜਾ ਰਹੇ ਸੀ। ਇਹਨਾਂ ਲੋਕਾਂ ਦੇ ਕਰਮ ਕਾਂਡਾਂ ਕਰਕੇ ਸਾਨੂੰ ਵਿਦੇਸ਼ੀ ਜਰਵਾਣਿਆਂ ਤੇ ਧਾੜਵੀਆਂ ਅਗੇ ਗੋਡੇ ਟੇਕਣੇ ਪਏ ਸਨ। ਅਸੀਂ ਤਾਣ ਹੁੰਦਿਆਂ ਵੀ ਨਿਤਾਣੇ ਹੋ ਗਏ ਸੀ। ਇਹਨਾਂ ਪਰੋਹਤਾਂ ਤੇ ਪੁਜਾਰੀਆਂ ਦੀ ਗਲਤ ਜੀਵਨ ਜਾਂਚ ਨੇ ਸਾਨੂੰ ਸਦੀਆਂ ਭਰ ਗ਼ੁਲਾਮੀ ਦੀ ਭੱਠੀ ਵਿਚ ਝੋਕ ਦਿੱਤਾ ਸੀ। ਇਹ ਤਾਂ ਸਿੱਖ ਗੁਰੂ ਸਾਹਿਬਾਨ ਨੇ ਗੁਰੂ ਨਾਨਕ ਦੇਵ ਜੀ ਤੋਂ ਲੈਕੇ ਕਲਗੀਆਂ ਵਾਲੇ ਦਸਵੇਂ ਪਾਤਸ਼ਾਹ ਤੀਕ, ਮਨੁੱਖੀ ਜਾਮੇ ਵਿਚ ਆਕੇ, ਸਾਨੂੰ ਜੀਣਾ ਸਿਖਾਇਆ ਸੀ। ਗ਼ੁਲਾਮਾਂ ਦਾ ਜੀਵਨ ਕੋਈ ਜੀਵਨ ਨਹੀਂ ਹੁੰਦਾ।

ਮੈਂ ਵੀ ਆਪਣੇ ਬਾਕੀ ਭਰਾਵਾਂ ਵਾਂਗ ਬ੍ਰਾਹਮਣਵਾਦੀ ਸੋਚ ਦਾ ਸ਼ਿਕਾਰ ਹੋਕੇ ਧੱਕੇ ਧੋੜੇ ਖਾ ਰਿਹਾ ਸੀ। ਮੇਰਾ ਜਦੋਂ ਦਸਵੇਂ ਪਾਤਸ਼ਾਹ ਨਾਲ ਮੇਲ ਹੋਇਆ ਤਾਂ ਮੈਨੂੰ ਅਸਲੀ ਜੀਵਨ ਬਾਰੇ ਚਾਨਣ ਹੋਇਆ। ਇਸ ਚਾਨਣ ਨੇ ਸਾਨੂੰ ਜ਼ੁਲਮ ਤੇ ਪਖੰਡ ਵਿਰੁੱਧ ਲੜਨ ਦਾ ਬਲ ਬਖ਼ਸ਼ਿਆ। ਇਕੱਲਾ ਬੰਦਾ ਕਾਸੇ ਜੋਗਾ ਨਹੀਂ ਹੁੰਦਾ। ਜਦੋਂ ਤੁਹਾਡੇ ਆਲੇ ਦੁਆਲੇ ਲੋਕ ਖ਼ੁਸ਼ ਜਾਂ ਸੁੱਖੀ ਨਾ ਹੋਣ ਤਾਂ ਤੁਸੀਂ ਸੁੱਖੀ ਕਿਵੇਂ ਰਹਿ ਸਕਦੇ ਹੋ? ਇਸੇ ਲਈ ਆਪਣੇ ਲੱਖਾਂ ਭਾਈਆਂ ਦੀ ਬੇੜੀਆਂ ਤੇ ਹੱਥਕੜੀਆਂ ਤੋੜਨ ਲਈ ਅਸੀਂ ਮੈਦਾਨ ਵਿਚ ਨਿਤਰੇ ਸੀ। ਗੁਰੂ ਸਾਹਿਬ ਨੇ ਆਪਣੇ ਯੁੱਧਾਂ ਤੇ ਕੁਰਬਾਨੀਆਂ ਨਾਲ ਸਾਨੂੰ ਸਹੀ ਮਾਰਗ ਤਾਂ ਵਿਖਾ ਦਿੱਤਾ ਸੀ। ਇਸੇ ਲਈ ਅਸੀਂ ਨਿਸੰਗ ਹੋਕੇ ਨੰਦੇੜ ਤੋਂ ਪੰਜਾਬ ਵੱਲ ਕੂਚ ਕਰ ਦਿੱਤਾ ਸੀ। ਯੁੱਧ ਤੇ ਜੀਵਨ ਨੀਤੀ ਮੈਨੂੰ ਦਸਵੇਂ ਪਾਤਸ਼ਾਹ ਨੇ ਆਪ ਸਮਝਾਈ ਸੀ। ਉਹਨਾਂ ਨੇ ਨਕਸ਼ੇ ਕਦਮਾਂ ਉਪਰ ਚਲਕੇ ਅਸਾਂ ਮੈਦਾਨ ਮਾਰੇ ਸਨ ਤੇ ਗ਼ਰੀਬ ਗੁਰਬਿਆਂ ਨੂੰ ਜੀਵਨ ਦਾ ਉਤਸ਼ਾਹ ਬਖ਼ਸ਼ਿਆ ਸੀ।

ਮੇਰੇ ਭਰਾ, ਮੇਰੇ ਮਾਪਿਆਂ ਵਾਂਗ ਸਦੀਆਂ ਤੋਂ ਜ਼ਮੀਨਾਂ ਵਿਚ ਹਲ ਚਲਾਉਂਦੇ ਮਰ ਮੁਕ ਗਏ ਸਨ। ਉਹਨਾਂ ਦੀ ਮਿਹਨਤ ਦਾ ਫਲ ਜ਼ਿਮੀਦਾਰ ਤੇ ਜਗੀਰਦਾਰ ਖਾ ਜਾਂਦੇ ਸਨ। ਅਸਾਂ ਪੰਜਾਬ ਵਿਚ ਆਉਂਦਿਆਂ ਹੀ ਜਗੀਰਦਾਰਾਂ ਕੋਲੋਂ ਜ਼ਮੀਨ ਖੋਹ ਕੇ ਆਪ ਵਾਹੁਣ ਵਾਲੇ ਕਿਸਾਨਾਂ ਨੂੰ ਸੌਂਪ ਦਿੱਤੀ ਤੇ ਉਹਨਾਂ ਨੂੰ ਜ਼ਮੀਨਾਂ ਦੇ ਮਾਲਿਕ ਬਣਾ ਦਿੱਤਾ। ਅਸੀਂ ਇਤਿਹਾਸ ਦਾ ਮੂੰਹ ਇਨਸਾਫ਼ ਵੱਲ ਮੋੜ ਦਿੱਤਾ। ਜਦੋਂ ਕਿਸਾਨ ਸਾਡੇ ਪਾਸ ਹਾਜ਼ਿਰ ਹੁੰਦੇ ਤਾਂ ਮੇਰੇ ਅਫ਼ਸਰ ਜ਼ਮੀਨ ਉਹਨਾਂ ਦੇ ਨਾਮ ਲਗਾਕੇ, ਉਹਨਾਂ ਨੂੰ ਜ਼ਿਮੀਦਾਰ ਬਣਾਕੇ ਵਾਪਿਸ ਭੇਜਦੇ। ਖ਼ੁਦ ਜ਼ਿਮੀਦਾਰ ਬਣਨ ਦਾ ਸ਼ਾਇਦ ਉਹਨਾਂ ਕਦੀ ਖਾਬ ਹੀ ਲਿਆ ਹੋਵੇਗਾ, ਹਕੀਕਤ ਕੁਝ ਹੋਰ ਸੀ। ਖ਼ਾਲਸਾ ਰਾਜ ਅਸਲੀ ਲੋਕਾਂ ਦਾ ਰਾਜ ਸੀ।

ਸਤਿਗੁਰੂ ਜੀ ਨੇ ਪੰਜਾਬ ਵਿਚ ਮੇਰੇ ਨਾਲ ਹੀ ਆਉਣਾ ਸੀ ਪਰ ਜ਼ਖ਼ਮੀ ਹੋਣ ਕਰਕੇ ਉਨ੍ਹਾਂ ਨੂੰ ਨੰਦੇੜ ਹੀ ਠਹਿਰਣਾ ਪਿਆ। ਉਨ੍ਹਾਂ ਨੇ ਠੀਕ ਹੋਣ 'ਤੇ ਪੰਜਾਬ ਆਉਣਾ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇਸ ਲਈ ਪੰਜਾਬ ਦੇ ਸਿੰਘਾਂ ਲਈ ਹੁਕਮਨਾਮੇ ਲਿਖੇ ਗਏ ਸਨ। ਜੇਕਰ ਉਹ ਮੇਰੇ ਨਾਲ ਆਉਂਦੇ ਤਾਂ ਬਾਬਾ ਪਾਰਟੀ ਨੇ ਮੇਰੇ ਵਿਰੁੱਧ ਸਾਜ਼ਿਸ਼ਾਂ ਨਹੀਂ ਕਰਨੀਆਂ ਸਨ ਅਤੇ ਖਾਲਸਾ ਰਾਜ ਨੂੰ ਆਂਚ ਨਹੀਂ ਸੀ ਆਉਣੀ। ਮੈਨੂੰ ਅਫ਼ਸੋਸ ਹੈ ਕਿ ਮੇਰੇ ਨਜ਼ਦੀਕੀ ਸਾਥੀਆਂ ਨੇ, ਜਿੰਨਾਂ ਮੇਰੇ ਨਾਲ ਜੀਣ ਮਰਨ ਦੀ ਸੁਗੰਧ ਖਾਧੀ ਹੋਈ ਸੀ ਤੇ ਗੁਰੂ ਜੀ ਨਾਲ ਪ੍ਰਣ ਕੀਤਾ ਹੋਇਆ ਸੀ ਕਿ ਉਹ ਜ਼ੁਲਮ ਦਾ ਨਾਸ਼ ਕਰਕੇ ਹੀ ਦੰਮ ਲੈਣਗੇ, ਉਹ ਮੁਸੀਬਤਾਂ ਅਗੇ ਗੋਡੇ ਟੇਕ ਗਏ। ਇਕ ਤਾਂ ਸਾਡੇ ਧਰਮ ਦੀ ਭਾਰਤ ਵਿਚ ਖੁਨਾਮੀ ਹੋਈ ਤੇ ਦੂਜਾ ਅਸੀਂ ਪਿੱਛੇ ਪੈ ਗਏ। ਘੜੀ ਦਾ ਖੁੰਝਿਆ, ਕੋਹਾਂ ਤੇ ਜਾ ਪੈਂਦਾ ਹੈ। ਸਾਨੂੰ ਆਪਣੀਆਂ ਗ਼ਲਤੀਆਂ ਤੇ ਕੁਤਾਹੀਆਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਸਾਡੇ ਵਿਚ ਸੌੜੀ ਸੋਚ, ਜਾਤ-ਪਾਤ, ਖੇਤਰਵਾਦ ਤੇ ਮਜ਼੍ਹਬੀ ਮਸਲੇ ਹੀ ਹਾਲੇ ਹੱਲ ਹੋਏ। ਜਦੋਂ ਗੁਰੂ ਜੀ ਨੇ ਖੰਡੇ ਬਾਟੇ ਦਾ ਅੰਮ੍ਰਿਤ ਛੱਕਾਕੇ ਸਭ ਨੂੰ ਇਕ ਮਿਕ ਕਰਕੇ ਖ਼ਾਲਸਾ ਬਣਾ ਦਿੱਤਾ ਸੀ ਤਾਂ ਬਾਬਾ ਬਿਨੋਦ ਸਿੰਘ ਵਰਗੇ ਜਾਤਾਂ ਪਾਤਾਂ ਦੀ ਘੁੰਮਣ ਘੇਰੀ ਵਿਚ ਹੀ ਟੱਕਰਾਂ ਮਾਰਦੇ ਰਹੇ। ਸਿੱਖ ਕੇਵਲ ਸਿੱਖ ਹੁੰਦਾ ਹੈ। ਉਸਦੀ ਕੋਈ ਜਾਤ ਗੋਤ, ਮਜ਼੍ਹਬੀ, ਨਸਲ ਤੇ ਰੰਗ ਰੂਪ ਤੇ ਕੋਈ ਹੋਰ ਪਛਾਣ ਨਹੀਂ ਹੁੰਦੀ। ਪਰ ਸਾਡੇ ਸਿੱਖਾਂ ਵਿਚ ਗੈਰ ਸਿੱਖ ਪ੍ਰਵਿਰਤੀਆਂ ਅਜੇ ਵੀ ਮੌਜੂਦ ਹਨ। ਉਹ ਅਜੇ ਵੀ ਤਰੇਹਨ, ਭਲੇ, ਸੋਢੀ ਤੇ ਬੇਦੀ ਦਾ ਗੁਣਗਾਨ ਕਰ ਰਹੇ ਹਨ। ਗੁਰੂ ਸਾਹਿਬਾਨ ਦੇ ਵੰਸ਼ ਦੇ ਲੋਕਾਂ ਨੇ ਜਿੰਨਾਂ ਸਿੱਖੀ ਦਾ ਘਾਣ ਕੀਤਾ ਹੈ, ਸ਼ਾਇਦ ਹੀ ਕਿਸੇ ਕੀਤਾ ਹੋਵੇ। ਇਹਨਾਂ ਲੋਕਾਂ ਨੇ ਗੁਰੂ ਸਾਹਿਬਾਨ ਨੂੰ ਵੱਧ ਤੋਂ ਵੱਧ ਪਰੇਸ਼ਾਨ ਕਰਨ ਦੀ ਨਿਰੰਤਰ ਕੋਸ਼ਿਸ ਕੀਤੀ। ਇਹਨਾਂ ਲੋਕਾਂ ਕੋਲੋਂ ਸਿੱਖ ਜਗਤ ਅਜਿਹੀਆਂ ਕੋਝੀਆਂ ਤੇ ਕਮੀਨਗੀਆਂ ਦੀ ਉਮੀਦ ਨਹੀਂ ਰੱਖਦਾ ਸੀ। ਪਰ ਇਹ ਲੋਕ ਲਗਾਤਾਰ ਆਪਣੇ ਸੌੜੇ ਸਵਾਰਥਾਂ ਕਾਰਨ ਖ਼ਾਲਸਾ ਪੰਥ ਨੂੰ ਢਾਹ ਲਾ ਰਹੇ ਸਨ।

ਮੈਨੂੰ ਭਾਵੇਂ ਕੋਈ ਸ਼ੈਤਾਨ ਕਹੇ, ਜਾਂ ਜ਼ਾਲਿਮ ਕਹੇ ਜਾਂ ਜਾਦੂਗਰ ਜਾਂ ਤਾਂਤਰਿਕ ਜਾਂ ਬੈਰਾਗੀ ਪਰ ਮੈਂ ਤਾ ਕੇਵਲ ਸਤਿਗੁਰੂ ਜੀ ਦਾ ਨਿਮਾਣਾ ਸਿੱਖ ਸੀ। ਮੁਸਲਿਮ ਇਤਿਹਾਸਕਾਰ ਜੋ ਮੇਰੇ ਵਕਤ ਦਰਬਾਰੀ ਜਾਂ ਮੁਗ਼ਲ ਹਕੂਮਤ ਦੇ ਮੁਲਾਜ਼ਮ ਸਨ ਉਹਨਾਂ ਨੇ ਆਪਣੇ ਅਕਾਵਾਂ ਨੂੰ ਖ਼ੁਸ਼ ਤੇ ਸੰਤ੍ਰਿਪਤ ਕਰਨ ਲਈ ਮੇਰੇ ਵਿਰੁੱਧ ਲਿਖਿਆ। ਮੇਰੇ ਗ਼ੈਰ ਮੁਸਲਿਮ ਚੇਹਰੇ ਨੂੰ ਉਭਾਰਿਆ ਗਿਆ ਜਦੋਂ ਕਿ ਹਕੀਕਤ ਇਹ ਹੈ ਕਿ ਸਾਡੀ ਖ਼ਾਲਸਾ ਫੌਜ ਵਿਚ ਕਲਾਨੌਰ ਵਿਖੇ 500 ਮੁਸਲਮਾਨ ਭਰਤੀ ਹੋਏ ਤੇ ਸਾਡੇ ਮੋਢੇ ਨਾਲ ਮੋਢਾ ਲਗਾਕੇ ਸਾਡੀ ਤਰਫੋਂ ਲੜਦੇ ਰਹੇ। ਉਹਨਾਂ ਨੂੰ ਸਾਡੀ ਫੌਜ ਵਿਚ ਆਪਣੇ ਪੂਰੇ ਧਾਰਮਿਕ ਫਰਜ਼ ਨਿਭਾਉਣ ਦੀ ਪੂਰੀ ਖੁਲ੍ਹ ਸੀ। ਅਸਲ ਵਿਚ ਸਾਡੀ ਕਦੀ ਵੀ ਇਸਲਾਮ ਵਿਰੁੱਧ ਲੜਾਈ ਨਹੀਂ ਰਹੀ। ਨਾ ਸਾਡੇ ਵੇਲੇ ਤੇ ਨਾ ਹੀ ਗੁਰੂ ਸਾਹਿਬਾਨ ਵੇਲੇ। ਅਸਲ ਵਿਚ ਇਹ ਮੁਗਲ ਹੁਕਮਰਾਨ ਦਰਿੰਦੇ ਸਨ। ਇਹ ਖ਼ਾਲੀ ਸਾਡੇ ਨਾਲ ਹੀ ਜ਼ੁਲਮਾਨਾ ਵਿਹਾਰ ਨਹੀਂ ਸਨ ਕਰਦੇ ਬਲਕਿ ਇਹ ਤਾਂ ਆਪਣੇ ਪਰਿਵਾਰ ਵਿਚ ਵੀ ਬੜਾ ਵਹਿਸ਼ੀ ਵਿਹਾਰ ਕਰਨ ਲਈ ਮਸ਼ਹੂਰ ਸਨ। ਸ਼ਾਹਜਹਾਂ ਦੇ ਪੁੱਤਰਾਂ ਨੇ ਖ਼ਾਸ ਕਰਕੇ ਔਰੰਗਜ਼ੇਬ ਨੇ ਆਪਣੇ ਭਰਾਵਾਂ ਤੇ ਪਿਤਾ ਨਾਲ ਵਹਿਸ਼ੀਆਨਾ ਵਿਹਾਰ ਕੀਤਾ ਸੀ। ਜ਼ੁਲਮ ਤੇ ਵਹਿਸ਼ੀਪਣ ਇਹਨਾਂ ਦੇ ਖ਼ੂਨ ਵਿਚ ਹੀ ਸੀ। ਇਸ ਤਰ੍ਹਾਂ ਖ਼ਾਨਦਾਨੀ ਲੀਹ ਚਲਦੀ ਰਹੀ। ਔਰੰਗਜੇਬ ਦੇ ਪੁੱਤਰਾਂ ਵਿਚ ਵੀ ਖਾਨਾ ਜੰਗੀ ਚਲਦੀ ਰਹੀ। ਉਹ ਆਪਣੇ ਹੀ ਭਰਾਵਾਂ ਨਾਲ ਖ਼ੂਨ ਦੀ ਹੌਲੀ ਖੇਲਦੇ ਰਹੇ। ਅਗੋਂ ਬਹਾਦਰ ਸ਼ਾਹ ਦੇ ਪੁੱਤਰਾਂ ਵੀ ਆਪਸ ਵਿਚ, ਗੱਦੀ ਖਾਤਿਰ ਖ਼ੂਨੀ ਖੇਲ ਖੇਲਿਆ। ਉਸਦੇ ਭਤੀਜੇ ਨੇ ਹੀ ਜਹਾਂਦਾਰ ਸ਼ਾਹ ਨੂੰ ਕਤਲ ਕਰ ਦਿੱਤਾ ਤੇ ਆਪ ਫਾਰੁਖਸੀਅਰ ਦੇ ਨਾਮ ਨਾਲ ਅਗਲਾ ਬਾਦਸ਼ਾਹ ਬਣ ਬੈਠਾ। ਅਗੇ ਜਾਕੇ ਫਾਰੁਖਸੀਅਰ ਦਾ ਵੀ ਇਹੀ ਹਸ਼ਰ ਹੋਇਆ ਤੇ ਉਸਨੂੰ ਇਕ ਭਿਆਨਕ ਮੌਤੇ ਮਰਨਾ ਪਿਆ। ਕਹਿਣ ਦਾ ਭਾਵ ਇਹ ਹੈ ਕਿ ਮੁਗ਼ਲਾਂ ਦੇ ਖ਼ੂਨ ਵਿਚ ਹੀ ਜ਼ੁਲਮ ਤੇ ਵਹਿਸ਼ੀਅਤ ਸੀ। ਕੀ ਹੋਇਆ ਜੇਕਰ ਉਹ ਧਰਮ ਦੇ ਬੜੇ ਕਟੜ ਸਨ ਅਤੇ ਕੁਰਾਨ ਦੀਆਂ ਆਇਤਾਂ ਲਿਖਕੇ ਆਪਣਾ ਨਿਰਬਾਹ ਕਰਦੇ ਸਨ। ਇਹ ਸਭ ਦੋਗਲਾ ਪਣ ਸੀ। ਉਹਨਾਂ ਦਾ ਧਾਰਮਿਕ ਪੱਖ ਕਿਸੇ ਪਖੰਡ ਤੋਂ ਵਧ ਨਹੀਂ ਸੀ। ਇਸਲਾਮ ਵੀ ਨਜਾਇਜ਼ ਜ਼ੁਲਮ ਤੇ ਅਨਿਆਏ ਦੀ ਆਗਿਆ ਨਹੀਂ ਦਿੰਦਾ। ਮੁਗ਼ਲਾਂ ਦਾ ਇਸਲਾਮ ਉਹਨਾਂ ਦਾ ਆਪਣਾ ਹੀ ਬਣਾਇਆ ਹੋਇਆ ਧਰਮ ਸੀ। ਮੁਹੰਮਦ ਸਾਹਿਬ ਦੇ ਚਲਾਏ ਮਜ਼੍ਹਬ ਨਾਲ ਉਹਨਾਂ ਕੋਈ ਲੇਕਾ ਦੇਕਾ ਨਹੀਂ ਸੀ।

ਮੇਰੇ ਸਮੇਂ ਉੱਚੀਆਂ ਜਾਤਾਂ ਦੇ ਹਿੰਦੂ ਵੀ ਮੈਨੂੰ ਪਸੰਦ ਨਹੀਂ ਕਰਦੇ ਸਨ। ਇਹ ਵਿਰੋਧ ਗੁਰੂ ਜੀ ਵੇਲੇ ਤੋਂ ਚਲ ਰਿਹਾ ਸੀ। ਇਸੇ ਲਈ ਬਾਈਧਾਰ ਦੇ ਹਿੰਦੂ ਰਾਜਿਆਂ ਨੇ ਗੁਰੂ ਜੀ ਖਿਲਾਫ਼ ਇਕੱਲੇ ਤੇ ਮੁਗ਼ਲਾਂ ਨਾਲ ਰਲਕੇ ਲੜਾਈਆਂ ਕੀਤੀਆਂ। ਸਿੱਖ ਧਰਮ ਜਾਤੀ ਪ੍ਰਥਾ ਤੇ ਸਖ਼ਤ ਖਿਲਾਫ਼ ਸੀ। ਦਸਵੇਂ ਪਾਤਸ਼ਾਹ ਨੇ ਸਭ ਜਾਤੀਆਂ ਨੂੰ ਇਕੋ ਖੰਡੇ ਬਾਟੇ ਵਾਲਾ ਅੰਮ੍ਰਿਤ ਛਕਾ ਕੇ ਇਕਮਿਕ ਕਰ ਦਿੱਤਾ ਸੀ। ਪੰਜ ਪਿਆਰੇ

ਅੰਮ੍ਰਿਤ ਛਕਣ ਉਪਰੰਤ, ਆਪਣੀਆਂ ਜਮਾਂਦਰੂ ਜਾਤੀਆਂ ਤਿਆਗ, ਗੁਰੂ ਦੇ ਪਿਆਰੇ ਬਣਕੇ, ਗੁਰੂ ਜੀ ਦੇ ਅੰਗ ਸੰਗ ਰਹਿਣ ਲਗੇ। ਪਰ ਇਹ ਸੂਰਤੇ ਹਾਲ ਅਖੌਤੀ ਉੱਚੀ ਜਾਤੀ ਵਾਲੇ ਖ਼ਤਰੀਆਂ, ਬ੍ਰਾਹਮਣਾਂ ਤੇ ਠਾਕਰਾਂ ਨੂੰ ਕਬੂਲ ਨਹੀਂ ਸੀ। ਇਹੀ ਇਹਨਾਂ ਦੋਹਾਂ ਮਜ਼੍ਹਬਾਂ ਦਾ ਬੁਨਿਆਦੀ ਅੰਤਰ ਸੀ। ਮੇਰੇ ਵਕਤ ਵੀ ਕੋਈ ਵੀ ਹੰਕਾਰੀ ਹਿੰਦੂ ਮੇਰੀ ਫੌਜ ਵਿਚ ਸ਼ਾਮਿਲ ਨਾ ਹੋਇਆ। ਉਹਨਾਂ ਨੂੰ ਸਾਡੇ ਕੋਲੋਂ ਬੋ ਆਉਂਦੀ ਸੀ ਕਿਉਂਕਿ ਬਹੁਤੇ ਸਿੱਖ ਨੀਵੀਆਂ ਤੇ ਦਲਿਤ ਜਾਤੀਆਂ ਵਿਚੋਂ ਹੀ ਗੁਰੂ ਵਾਲੇ ਬਣੇ ਸਨ। ਅਜਿਹੇ ਅਭਿਮਾਨੀ ਹਿੰਦੂਆਂ ਨੇ ਉਸ ਵਕਤ ਮੁਗ਼ਲ ਸਰਕਾਰ ਨਾਲ ਮਿਲਕੇ, ਸਾਡੀ ਖ਼ਾਲਸਾ ਫੌਜ ਦੀ ਸਖ਼ਤ ਵਿਰੋਧਤਾ ਕੀਤੀ ਚੰਦੂ ਲਾਲ ਤੇ ਸੁੱਚਾ ਨੰਦ ਵਰਗੇ ਹਜ਼ਾਰਾਂ ਹਿੰਦੂ ਖ਼ਤਰੀ ਸਨ ਜਿੰਨਾਂ ਨੇ ਕਦੀ ਵੀ ਸਾਡੀ ਹਮਾਇਤ ਨਹੀਂ ਕੀਤੀ। ਇਸੇ ਕਰਕੇ ਸਿੱਖਾਂ ਦੀ ਨਫ਼ਰੀ ਬਹੁਤ ਘੱਟ ਸੀ। ਸਿੱਖ ਤਾਂ ਉਹ ਮੇਰੇ ਵਰਗਾ ਬਣਦਾ ਸੀ ਜਿਹੜਾ ਲੋਕਾਂ ਵਿਚੋਂ ਉੱਠਕੇ ਆਮ ਲੋਕਾਂ ਦੀ ਗਲ ਕਰਦਾ ਸੀ ਤੇ ਆਪਣਾ ਸੀਸ ਤਲੀ ਤੇ ਰੱਖਕੇ ਚਲ ਸਕਦਾ ਸੀ। ਬੁਜ਼ਦਿਲ ਤੇ ਸਵਾਰਥੀ ਹਿੰਦੂ ਕਦੀ ਸਿੱਖ ਨਾ ਬਣੇ ਤੇ ਉਹ ਹਕੂਮਤ ਦੇ ਪੁਰਜੇ ਬਣਕੇ ਆਪਣਾ ਤੋਰੀ-ਫੁਲਕਾ ਚਲਾਉਂਦੇ ਰਹੇ ਸਨ। ਇਹੀ ਕਾਰਨ ਸੀ ਕਿ ਭਾਵੇਂ ਸਾਡੀ ਗਿਣਤੀ ਬਹੁਤ ਘੱਟ ਸੀ ਪਰ ਸਾਡੀ ਬਹਾਦਰੀ ਤੇ ਸੂਰਮਗਤੀ ਨੇ ਮੁਗ਼ਲ ਰਾਜ ਦੀਆਂ ਹਿੰਦੋਸਤਾਨੀ ਵਿਚ ਜੜਾ ਹਿਲਾਕੇ ਰੱਖ ਦਿੱਤੀਆਂ ਸਨ।

ਮੇਰੀ ਚੜ੍ਹਤ ਬੜ੍ਹਤ ਦਾ ਮੁੱਖ ਕਾਰਨ ਇਹ ਵੀ ਸੀ ਕਿ ਜਿੰਨਾਂ ਲੋਕਾਂ ਨੇ ਸਦੀਆਂ ਤੋਂ ਗ਼ੁਲਾਮੀ ਤੇ ਜ਼ਲਾਲਤ ਭੋਗੀ ਸੀ, ਉਹਨਾਂ ਨੇ ਮੇਰੇ ਸੰਗ ਆਕੇ ਸੁਖ ਦਾ ਸਾਹ ਲਿਆ। ਉਹ ਬ੍ਰਾਹਮਣਾਂ ਦੇ ਦਰਸਾਏ ਜੀਵਨ ਮਾਰਗ ਤੋਂ ਡਾਹਢੇ ਤੰਗ ਆ ਚੁੱਕੇ ਸਨ। ਉਹ ਤਬਦੀਲੀ ਚਾਹੁੰਦੇ ਸਨ ਅਤੇ ਆਪਣੇ ਨਰਕੀਲੇ ਜੀਵਨ ਨੂੰ ਮੰਦਹਾਲੀ ਤੇ ਬੰਦਸ਼ਾਂ ਤੋਂ ਨਿਜ਼ਾਤ ਦਿਵਾਉਣਾ ਚਾਹੁੰਦੇ ਸਨ। ਪਹਿਲਾਂ ਉਹ ਭੇਡਾਂ ਬਕਰੀਆਂ ਤੇ ਪਰਾਧੀਨਾਂ ਵਰਗਾ ਜੀਵਨ ਜੀ ਰਹੇ ਸਨ। ਅਸਾਂ ਲਿਖਤੀ ਪ੍ਰਵਾਨਿਆਂ ਨਾਲ ਉਹਨਾਂ ਨੂੰ ਮਮੂਲੀ ਕਿਸਾਨਾਂ ਤੋਂ ਜ਼ਿਮੀਦਾਰ ਬਣਾ ਦਿੱਤਾ ਸੀ। ਪਹਿਲੇ ਜਿੰਮੀਦਾਰ ਉਹਨਾਂ ਦਾ ਪਾਣੀ ਭਰਨ ਲਗੇ ਸਨ। ਮੈਂ ਲੋਕਾਂ ਵਿਚੋਂ ਆਇਆ ਸੀ ਤੇ ਲੋਕਾਂ ਦੇ ਦੁੱਖ ਦਰਦ ਭਲੀ ਭਾਂਤ ਸਮਝਦਾ ਸੀ। ਲੋਕਾਂ ਦੇ ਦੁਖ ਹਰਨ ਵਾਸਤੇ, ਗ਼ੁਲਾਮੀ ਦੇ ਜੂਲੇ ਉਤਾਰਨ ਵਾਸਤੇ ਅਤੇ ਉਹਨਾਂ ਦੀਆਂ ਉਲਝੀਆਂ ਹੋਈਆਂ ਜ਼ਿੰਦਗੀਆਂ ਨੂੰ ਸੁਲਝਾਉਣ ਲਈ ਸਚੇ ਪਾਤਸ਼ਾਹ ਨੇ ਮੈਨੂੰ ਇਸ ਮਾਰਗ ਤੇ ਤੋਰਿਆ ਸੀ। ਜਿੰਨਾਂ ਲੋਕਾਂ ਨੂੰ ਪਹਿਲਾਂ ਨਫ਼ਰਤ ਨਾਲ ਜੱਟ, ਕਲਾਲ, ਤਰਖਾਣ, ਝਿਊਰ ਤੇ ਕਗੜ ਕਹਿਕੇ ਭੰਡਿਆ ਜਾਂਦਾ ਸੀ, ਉਹਨਾਂ ਨੂੰ ਅਸਾਂ ਸਰਦਾਰੀ ਦਾ ਤਾਜ, ਪਗੜੀ ਦੇ ਰੂਪ ਵਿਚ ਪਹਿਨਾਇਆ। ਅਸਾਂ ਲੋਕਾਂ ਨੂੰ ਬ੍ਰਾਹਮਣਵਾਦ ਦੇ ਛਿਕੰਜੇ ਵਿਚੋਂ ਕੱਢਕੇ, ਅਸਲੀ ਤੇ ਨਵੀਨ ਜੀਵਨ ਵਲ ਤੋਰਿਆ। ਜਿੰਨਾਂ ਲੋਕਾਂ ਨੂੰ ਸਮਾਜ ਵਿਚ ਸ਼ੂਦਰ, ਮੁਸੱਲੀ, ਚੁਮਾਰ ਜਾਂ ਭੰਗੀ ਕਿਹਾ ਜਾਂਦਾ ਸੀ, ਉਹਨਾਂ ਲੋਕਾਂ ਨੂੰ ਜਦੋਂ ਗਲੇ ਲਗਾਉਂਦਾ ਸੀ ਤਾਂ ਪਿਆਰ ਸਤਿਕਾਰ ਨਾਲ ਜਦੋਂ ਸਿੰਘ ਜੀ ਕਹਿਕੇ ਪੁਕਾਰਦਾ ਸੀ ਤਾਂ ਉਹ ਫੁਲਕੇ ਦੂਣੇ ਤੀਣੇ ਹੋ ਜਾਂਦੇ

ਸਨ ਤੇ ਮੇਰੇ ਲਈ ਲੜਨ ਮਰਨ ਲਈ ਤਤਪਰ ਹੋ ਜਾਂਦੇ ਸਨ। ਜੋ ਵੀ ਧੰਨ ਅਸਾਂ ਅਮੀਰਾਂ ਵਜ਼ੀਰਾਂ ਦੀਆਂ ਹਵੇਲੀਆਂ ਵਿਚੋਂ ਲੁਟਿਆ ਸੀ, ਉਹ ਅੱਧਾ ਪਚੱਧਾ ਫੌਜ ਦੇ ਖਰਚਿਆਂ ਤੇ ਬਾਕੀ ਦਾ ਅੱਧਾ ਮੈਂ ਗ਼ਰੀਬਾਂ ਲੋੜਵੰਦਾਂ ਵਿਚ ਵੰਡ ਦਿੰਦਾ ਸੀ। ਮੈਨੂੰ ਕੋਲ ਵੇਖਕੇ ਉਹ ਖ਼ੁਸ਼ੀ ਨਾਲ ਫੂਲੇ ਨਹੀਂ ਸਨ ਸਮਾਉਂਦੇ। ਇਸ ਤੋਂ ਪਹਿਲਾਂ ਇਹਨਾਂ ਲੋਕਾਂ ਦੇ ਪਰਛਾਵਿਆਂ ਤੋਂ ਅਖੌਤੀ ਉੱਚੀਆਂ ਜਾਤਾਂ ਵਾਲੇ ਤਰੱਬਕਦੇ ਸਨ। ਜੱਫੀ ਪਾਉਣਾ ਤਾਂ ਕਿਧਰੇ ਰਿਹਾ, ਉਹਨਾਂ ਦੇ ਮੱਥੇ ਲਗਣਾ ਵੀ ਨਹਿਸ਼ ਸਮਝਦੇ ਸਨ।

ਭਾਵੇਂ ਪੰਜਾਬ ਦੇ ਜੱਟਾਂ ਨੂੰ ਦਸਵੇਂ ਪਾਤਸ਼ਾਹ ਨੇ ਬ੍ਰਾਹਮਣੀ ਦੇ ਬਰਾਬਰ ਦਾ ਦਰਜ਼ਾ ਪ੍ਰਦਾਨ ਕੀਤਾ ਸੀ ਤੇ ਉਹਨਾਂ ਨੂੰ ਉੱਚੀਆਂ ਜਾਤਾਂ ਵਾਲਿਆਂ ਦੇ ਘਣੇ ਪ੍ਰਛਾਵਿਆਂ ਹੇਠੋਂ ਕੱਢਿਆ ਸੀ ਪਰ ਫਿਰ ਵੀ ਉਹਨਾਂ ਨੇ ਅਨੰਦਪੁਰ ਕਿਲ੍ਹੇ ਵਿਖੇ ਗੁਰੂ ਜੀ ਨੂੰ ਬੇਦਾਵਾ ਲਿਖਕੇ ਦਿੱਤਾ ਸੀ। ਇਸੇ ਤਰ੍ਹਾਂ ਬਰਾੜਾਂ ਨੇ ਵੀ ਗੁਰੂ ਜੀ ਦਾ ਪਲਾ ਛੱਡ ਦਿੱਤਾ ਜਦੋਂ ਕਿ ਗੁਰੂ ਜੀ ਨੂੰ ਉਹਨਾਂ ਦੀ ਸਖ਼ਤ ਜ਼ਰੂਰਤ ਸੀ। ਡੱਲਾ ਜਟ ਵੀ ਚੁਪ ਚੁਪੀਤੇ ਅੱਧੀ ਰਾਤ ਵੇਲੇ ਗੁਰੂ ਜੀ ਨੂੰ ਅਧਵਾਟੇ ਛੱਡਕੇ ਖਿਸਕ ਗਿਆ ਸੀ। ਪਰ ਫਿਰ ਵੀ ਗੁਰੂ ਜੀ ਨੇ ਉਹਨਾਂ ਨੂੰ ਸਰਦਾਰੀਆਂ ਬਖ਼ਸ਼ੀਆਂ ਸਨ। ਇਸੇ ਤਰ੍ਹਾਂ ਮੈਂ ਵੀ ਯੁੱਧਾਂ ਦੌਰਾਨ, ਜੱਟਾਂ ਦਾ ਸਾਥ ਤੇ ਸਹਿਯੋਗ ਲਿਆ। ਉਹ ਬਹੁਗਿਣਤੀ ਵਿਚ ਸਨ ਤੇ ਉਹਨਾਂ ਦੇ ਹੀ ਮਿਲਣਵਰਤਣ ਤੇ ਸਹਿਯੋਗ ਨਾਲ ਅਸਾਂ ਥਾਂ-ਥਾਂ ਮਲਾਂ ਮਾਰੀਆਂ ਸਨ। ਉਹ ਬਹੁਤ ਨਿਡਰ ਤੇ ਸਿਰਲੱਥ ਸਨ। ਮੈਂ ਸੋਚਦਾ ਸੀ ਕਿ ਉਹਨਾਂ ਦੀ ਮੁਕੰਮਲ ਹਮਾਇਤ ਨਾਲ ਅਸੀਂ ਜ਼ੁਲਮ ਤੇ ਜ਼ਾਲਿਮਾਂ ਦਾ ਨਾਸ਼ ਕਰ ਸਕਦੇ ਹਾਂ। ਪਰ ਜਦੋਂ ਖ਼ਾਲਸਾ ਫੌਜ ਦਾ ਪੰਜਾਬ ਵਿਚ ਪੂਰਾ ਦੱਬ ਦਬਾ ਬਣ ਗਿਆ ਸੀ ਤਾਂ ਇਹਨਾਂ ਵਿਚੋਂ ਕਈਆਂ ਨੇ ਬਾਬਾ ਬਿਨੋਦ ਸਿੰਘ ਦੇ ਭਕਾਵੇ ਵਿਚ ਆਕੇ, ਮੇਰੇ ਨਾਲ ਈਰਖਾ ਕਰਨੀ ਸ਼ੁਰੂ ਕਰ ਦਿੱਤੀ। ਇਹੀ ਈਰਖਾ ਬਾਅਦ ਵਿਚ ਨਫ਼ਰਤ ਤੇ ਬੇਗਾਨਗੀ ਵਿਚ ਤਬਦੀਲ ਹੋ ਗਈ। ਮੈਂ ਬਥੇਰਾ ਜ਼ੋਰ ਲਾਇਆ ਕਿ ਸਾਡੀ ਪੰਡ ਬੱਝੀ ਰਹੇ ਪਰ ਚੌਧਰ ਤੇ ਸ਼ੋਹਰਤ ਦੇ ਭੁੱਖੇ ਕੁਝ ਸਿੱਖ ਸਰਦਾਰਾਂ ਨੇ ਮੇਰਾ ਸਾਥ ਛੱਡਕੇ, ਮੁਗ਼ਲਾਂ ਦੀਆਂ ਸਫਾਂ ਵਿਚ ਜਾਣ ਵਿਚ ਹੀ ਆਪਣੀ ਬੇਹਤਰੀ ਸਮਝੀ। ਮੇਰੇ ਵਿਰੁੱਧ ਝੂਠਾ ਤੇ ਬੇਬੁਨਿਆਦ ਪ੍ਰਚਾਰ ਕਰਕੇ, ਕਾਫੀ ਲੋਕਾਂ ਨੂੰ ਮੇਰੇ ਤੋਂ ਤੋੜ ਲਿਆ। ਉਹ ਮੈਨੂੰ ਅਧਵਾਟੇ ਹੀ ਛੱਡਕੇ, ਉਹਨਾਂ ਲੋਕਾਂ ਨਾਲ ਜਾ ਰਲੇ ਜਿੰਨਾ ਵਿਰੁੱਧ ਪਿਛਲੇ ਸਤਾਂ ਸਾਲਾਂ ਵਿਚ ਉਹਨਾਂ ਜਾਨ ਦੀਆਂ ਬਾਜ਼ੀਆਂ ਲਾਈਆਂ ਸਨ। ਮੈਂ ਪੰਜਾਬ ਵਿਚ ਦੁਬਾਰਾ ਖ਼ਾਲਸਾ ਰਾਜ ਬਹਾਲ ਕਰ ਸਕਦਾ ਸੀ, ਕਿਉਂਕਿ ਅਸਾਂ ਆਪਣੇ ਦੁਸ਼ਮਣਾਂ ਤੇ ਪਰ ਤੋਲ ਰਖੇ ਸਨ। ਭਰਾਵਾਂ ਨਾਲ ਹੀ ਮੇਰੀ ਸਰਦਾਰੀ ਸੀ ਤੇ ਉਹਨਾਂ ਦੇ ਬੇਦਾਵੇ ਤੇ ਤੋੜ ਵਿਛੋੜੇ ਕਾਰਨ, ਮੇਰੀਆਂ ਜਿੱਤਾ ਹਾਰਾਂ ਵਿਚ ਬਦਲ ਗਈਆਂ ਤੇ ਮੈਂ ਦੁਸ਼ਮਣਾਂ ਹੱਥ ਆ ਗਿਆ। ਜੇਕਰ ਮੇਰੇ ਵੀਰ ਸਿੰਘ ਸਰਦਾਰ ਇਕ ਜੁੱਟ ਹੋਕੇ ਮੇਰਾ ਸਾਥ ਦਿੰਦੇ ਤਾਂ ਅਜ ਹਿੰਦੋਸਤਾਨ ਦਾ ਇਤਿਹਾਸ ਹੀ ਹੋਰ ਹੋਣਾ ਸੀ। ਬਸ ਮੈਨੂੰ ਭਰਾਵਾਂ ਦਾ ਵਿਗੋਚਾ ਲੈ ਕੇ ਬਹਿ ਗਿਆ। ਹੇ ਅਕਾਲ ਪੁਰਖ ! ਹੇ ਸਤਿਗੁਰੂ ਜੀ ! ਮੇਰੇ ਸਿੱਖ ਭਰਾਵਾਂ ਨੂੰ ਸੁਮੱਤ

ਬਖ਼ਸ਼ੀ ਕਿ ਉਹ ਆਪਣੀ ਏਕਤਾ ਤੇ ਇਤਫਾਕ ਦਾ ਮੁਜ਼ਾਹਰਾ ਕਰਨ, ਨਹੀਂ ਤਾਂ ਮੇਰੇ ਵਰਗੇ ਸਿਦਕੀ ਸਿੱਖਾਂ ਨੂੰ ਜਰਵਾਣਿਆਂ ਹਥੋਂ ਬਾਰਬਾਰ ਜ਼ਲੀਲ ਹੋਣਾ ਪਵੇਗਾ। ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਭਵਿੱਖ ਵਿਚ ਵੀ ਜਦੋਂ ਖ਼ਾਲਸਾ ਪੰਥ ਇਕ ਜੁੱਟ ਹੋਕੇ ਹੰਭਲਾ ਮਾਰੇਗਾ ਤਾਂ ਹਰੇਕ ਮੰਜ਼ਿਲ ਉਸਦੇ ਕਦਮ ਚੁੰਮੇਗੀ ਅਤੇ ਕਲਗੀਆਂ ਵਾਲੇ ਸਾਡੇ ਅੰਗ ਸੰਗ ਰਹਿਣਗੇ।

* *




ਖਾਲਸਾ ਰਾਜ ਦੇ ਬਾਨੀ ਬੰਦਾ ਸਿੰਘ ਬਹਾਦਰ ਨੂੰ ਖਾਲਸਾ ਪੰਥ ਨੇ ਬਨਦਾ ਸਤਿਕਾਰ ਨਹੀਂ ਬਖਸ਼ਿਆ। ਅਠਾਰਵੀਂ-ਉਨਵੀਂ ਸਦੀ ਵਿਚ ਸਿੱਖ ਜਗਤ ਵਿਚ ਉਹ ਅਣਗੌਲਿਆ ਹੀ ਰਿਹਾ। ਸਿੱਖ ਰਾਜਿਆਂ ਮਹਾਂ ਰਾਜਿਆਂ ਵੀ ਉਸਨੂੰ ਢੁਕਵਾਂ ਸਥਾਨ ਨਹੀਂ ਦਿਤਾ ਤੇ ਨਾ ਹੀ ਉਸਦੀ ਕੋਈ ਯਾਦਗਾਰ ਬਣਾਈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿੱਖ ਇਤਿਹਾਸਕਾਰਾਂ ਨੇ ਉਸਨੂੰ ਬਹਾਲ ਕੀਤਾ ਤੇ ਉਸਨੂੰ ਅਸਲੀ ਰੂਪ ਵਿਚ ਪੇਸ਼ ਕੀਤਾ। ਹਥਲੀ ਕਿਤਾਬ ਵੀ ਇਸ ਦਿਸ਼ਾ ਵਲ ਮੇਰੀ ਨਿਮਾਣੀ ਜਿਹੀ ਕੋਸ਼ਿਸ਼ ਤੇ ਉਪਰਾਲਾ ਹੈ।

ਲੇਖਕ

ਬਲਵਿੰਦਰ ਸਿੰਘ ਫਤਹਿਪੁਰੀ





ISBN : 93-83116-40-9

9789383116409

ESTD. 1942
LAHORE
AZAD BOOK DEPOT